ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਅੱਸੂ-ਕੱਤਕ, ਸੰਮਤ ਨਾਨਕਸ਼ਾਹੀ ੫੫੨ ਅਕਤੂਬਰ 2020

ਜਿਲਦ ੬੪ (Vol. 64) ਅੰਕ ੭ (Issue 7)

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ ੫ | ਸਾਲਾਨਾ | ₹ ੧੨੫੦ |
| ਸਾਲਾਨਾ | ₹ ੫੦ | ਪੰਜ ਸਾਲ | ₹ ੫੦੦੦ |
| ਪੰਜ ਸਾਲ | ₹ ੨੫੦ | ਲਾਈਫ਼ | ₹ ੧੦੦੦੦ |
| ਲਾਈਫ਼ | ₹ ੫੦੦ | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919
website : www.sgpc.net
e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਸ਼੍ਰੋਮਣੀ ਭਗਤ ਨਾਮਦੇਵ ਜੀ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੮ |
| ਭਗਤ ਨਾਮਦੇਵ ਜੀ | -ਸਿਮਰਜੀਤ ਸਿੰਘ | ੧੩ |
| ਭਗਤ ਨਾਮਦੇਵ ਜੀ ਦਾ ਜੀਵਨ ਫ਼ਲਸਫ਼ਾ | -ਸ. ਸਤਬੀਰ ਸਿੰਘ | ੨੬ |
| ਭਗਤ ਨਾਮਦੇਵ ਜੀ ਦਾ ਵਿਸਮਾਦੀ ਜੀਵਨ ਬ੍ਰਿਤਾਂਤ . . . | -ਗਿਆਨੀ ਸੁਰਿੰਦਰ ਸਿੰਘ ਨਿਮਾਣਾ | ੩੪ |
| ਪ੍ਰਭੂ-ਭਗਤੀ ਦਾ ਵਿਲੱਖਣ ਰੰਗ : ਭਗਤ ਨਾਮਦੇਵ ਜੀ | -ਡਾ. ਸਤਿੰਦਰ ਪਾਲ ਸਿੰਘ | ੪੧ |
| ਭਗਤ ਨਾਮਦੇਵ ਜੀ | -ਡਾ. ਹਰਬੰਸ ਸਿੰਘ | ੪੯ |
| ਭਗਤ ਨਾਮਦੇਵ ਜੀ ਦਾ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਉੱਪਰ ਪ੍ਰਭਾਵ | -ਡਾ. ਧਰਮ ਸਿੰਘ | ੫੨ |
| ਭਗਤ ਨਾਮਦੇਵ ਜੀ ਤੇ ਉਨ੍ਹਾਂ ਦੀ ਵਿਚਾਰਧਾਰਾ | -ਬਿਕਰਮਜੀਤ ਸਿੰਘ ਜੀਤ | ੫੮ |
| ਭਗਤ ਨਾਮਦੇਵ ਜੀ ਦਾ ਜੀਵਨ . . . | -ਡਾ. ਹਰਪ੍ਰੀਤ ਕੌਰ | ੬੪ |
| ਭਗਤ ਨਾਮਦੇਵ ਜੀ ਦੀ ਬਾਣੀ ਵਿਚ 'ਬੀਠਲ' . . . | -ਸ. ਸੁਖਦੇਵ ਸਿੰਘ ਸ਼ਾਂਤ | ੭੦ |
| ਭਗਤ ਨਾਮਦੇਵ ਜੀ : ਜੀਵਨ ਤੇ ਵਿਚਾਰਧਾਰਾ | -ਸ. ਬਲਵਿੰਦਰ ਸਿੰਘ 'ਗੰਭੀਰ' | ੭੭ |
| ਭਗਤ ਨਾਮਦੇਵ ਜੀ | -ਡਾ. ਗੁਰਪ੍ਰੀਤ ਸਿੰਘ | ੮੦ |
| ਭਗਤ ਨਾਮਦੇਵ ਜੀ ਪਰਚੀ ਸਾਹਿਤ | -ਸ. ਕਰਮਜੀਤ ਸਿੰਘ | ੮੩ |
| ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ | -ਪ੍ਰੋ. ਬਲਵੰਤ ਸਿੰਘ | ੮੭ |
| ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ | -ਡਾ. ਪਰਮਵੀਰ ਸਿੰਘ | ੧੦੦ |
| ਸਿਰ-ਸੀਸ-ਸਿਦਕ ਤੇ ਸੰਦੇਸ਼ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੧੦੮ |
| ਭਾਈ ਤਾਰੂ ਸਿੰਘ ਦੇ ਵਾਰਸ | -ਡਾ. ਜਸਵੰਤ ਸਿੰਘ | ੧੧੨ |
| ਭਾਈ ਤਾਰੂ ਸਿੰਘ ਪੂਹਲਾ ਜੀ ਦੀ ਸ਼ਹੀਦੀ | -ਡਾ. ਅਮਰਜੀਤ ਕੌਰ ਇੱਬਣ ਕਲਾਂ | ੧੧੬ |
| ਧਾਰਮਿਕ ਸੂਝ ਅਤੇ ਸਮਾਜਿਕ ਇਕਸੁਰਤਾ. . . | -ਡਾ. ਪਰਮਵੀਰ ਸਿੰਘ | ੧੧੮ |
| ਪੁਸਤਕ ਰੀਵਿਊ | | ੧੨੨ |
| ਰੱਤਾ ਗੁਰੂ ਦੇ ਸ਼ਬਦ ਵਿਚ ਸਦਾ ਨਾਮਾ. . . (ਕਵਿਤਾ) | -ਸ. ਸਤਿਨਾਮ ਸਿੰਘ ਕੋਮਲ | ੧੨੫ |
| ਖ਼ਬਰਨਾਮਾ | | ੧੨੬ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੧੩੦ |

# ਗੁਰਬਾਣੀ ਵਿਚਾਰ

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥*
*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗੁ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥*
*ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥*
*ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥*
*ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥*
*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥*
*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫)*

ਪੰਚਮ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਵਿਚ ਕੱਤਕ ਮਹੀਨੇ ਦੀ ਸੁਹਾਵਣੀ ਸੀਤਲ ਬਹਾਰ ਦੇ ਪ੍ਰਥਾਏ ਮਨੁੱਖ-ਮਾਤਰ ਨੂੰ ਸੱਚੀ ਸੰਗਤ ਦਾ ਆਸਰਾ ਲੈ ਕੇ ਮਾਲਕ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜਦਿਆਂ ਹੋਇਆਂ ਦੁਰਲੱਭ ਤੇ ਅਨਮੋਲ ਮਨੁੱਖਾ ਜਨਮ ਜਾਂ ਜੀਵਨ ਨੂੰ ਸਫਲ ਕਰਨ ਦਾ ਗੁਰਮਤਿ ਗਾਡੀ ਮਾਰਗ ਦਰਸਾਉਂਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜੇਕਰ ਕੱਤਕ ਮਹੀਨੇ ਦੀ ਸੀਤਲ ਸੁਹਾਵਣੀ ਬਹਾਰ ਮਿਲ ਗਈ ਹੈ ਤਾਂ ਇਸ ਦਾ ਲਾਭ ਲੈਂਦਿਆਂ ਚੰਗੇ ਕਰਮ ਕਰਨੇ ਹੀ ਯੋਗ ਹਨ। ਜੇਕਰ ਕੋਈ ਅਜਿਹੀ ਅਨੁਕੂਲ ਬਹਾਰ 'ਚ ਵੀ ਚੰਗੇ ਕਰਮ ਨਾ ਕਰੇ ਤਾਂ ਉਹ ਇਸ ਦਾ ਦੋਸ਼ ਕਿਸੇ ਹੋਰ ਨੂੰ ਨਾ ਦੇਵੇ। ਕਹਿਣ ਤੋਂ ਭਾਵ ਇਹ ਇਸ ਦਾ ਆਪਣਾ ਹੀ ਕਸੂਰ ਮੰਨਣਾ ਚਾਹੀਦਾ ਹੈ। ਮਾਲਕ ਪਰਮਾਤਮਾ ਨੂੰ ਵਿਸਾਰਿਆਂ ਸਾਰੇ ਰੋਗ ਜ਼ੋਰ ਪਾ ਲੈਂਦੇ ਹਨ ਤੇ ਸਾਨੂੰ ਘੇਰ ਲੈਂਦੇ ਹਨ। ਜੇਕਰ ਮਾਲਕ ਤੋਂ ਮੂੰਹ ਮੋੜੀਏ ਤਾਂ ਜਨਮਾਂ ਦੇ ਵਿਛੋੜੇ ਪੈ ਜਾਂਦੇ ਹਨ। ਜਿਹੜੀਆਂ ਮਾਇਆ ਦੀਆਂ ਮੌਜਾਂ ਮਨੁੱਖ ਮਾਲਕ ਨੂੰ ਭੁੱਲ ਕੇ ਮਾਣਨ ਦੇ ਭਰਮ 'ਚ ਹੁੰਦਾ ਹੈ ਉਹ ਪਲ 'ਚ ਦੁਖਦਾਇਕ ਹੋ ਜਾਂਦੀਆਂ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਦੁਨਿਆਵੀ ਮੌਜਾਂ ਮਾਣਨ ਦੇ ਕੁਰਾਹੇ ਪਿਆਂ ਮਨੁੱਖ ਨੂੰ ਜੇਕਰ ਸਿਰਫ ਆਪਣਾ ਦੁੱਖ ਹੀ ਹੋਵੇ ਤਾਂ ਕੋਈ ਵੀ ਉਸ ਦਾ ਇਲਾਜ ਨਹੀਂ ਕਰ ਸਕਦਾ। ਬਹੁਗਿਣਤੀ ਭੁੱਲੇ-ਭਟਕਿਆਂ ਦੀ ਹਾਲਤ ਵੱਲ ਸੰਕੇਤ ਕਰਦਿਆਂ ਗੁਰੂ ਜੀ ਫੁਰਮਾਉਂਦੇ ਹਨ ਕਿ ਅਜਿਹੀ ਹਾਲਤ ਮਨੁੱਖ ਲਈ ਬੜੀ ਬੇਵੱਸੀ ਵਾਲੀ ਹੈ। ਅਜਿਹੇ ਅਭਾਗੇ ਮਨੁੱਖਾਂ ਦੇ ਕਰਮਾਂ 'ਚ ਮਾਲਕ ਵੱਲੋਂ ਹੀ ਵਿਛੋੜਾ ਲਿਖਿਆ ਹੋਇਆ ਹੈ। ਐਪਰ ਚੰਗੇ ਭਾਗਾਂ ਨੂੰ ਜੇਕਰ ਮਾਲਕ ਪਰਮਾਤਮਾ ਮਿਲ ਜਾਵੇ ਤਾਂ ਸਾਰੇ ਵਿਛੋੜੇ ਲੱਥ ਜਾਂਦੇ ਹਨ। ਅੰਤ 'ਚ ਗੁਰੂ ਜੀ ਸਾਨੂੰ ਮਾਇਆ 'ਚ ਬੁਰੀ ਤਰ੍ਹਾਂ ਉਲਝੇ ਕਲਿਯੁਗੀ ਜੀਵਾਂ ਨੂੰ ਗੁਰਮਤਿ ਮਾਰਗ ਦਰਸਾਉਂਦੇ ਹੋਏ ਕਥਨ ਕਰਦੇ ਹਨ ਕਿ ਹੇ ਮਾਇਆ ਦੇ ਬੰਧਨਾਂ ਤੋਂ ਛੁਡਾਉਣ ਵਾਲੇ ਮਾਲਕ ਜੀਓ, ਜੋਦੜੀ ਹੈ ਕਿ ਮੈਨੂੰ ਵੀ ਰੱਖ ਲਵੋ! ਜੇਕਰ ਕੱਤਕ ਦੇ ਅਨੁਕੂਲ ਵਾਤਾਵਰਨ ਵਿਚ ਚੰਗੇ ਜਨ ਦਾ ਸਾਥ ਸਹਿਯੋਗ ਮਿਲ ਜਾਵੇ ਤਾਂ ਸਾਰਾ ਫਿਕਰ ਦੂਰ ਹੋ ਜਾਂਦੇ ਹਨ ਅਰਥਾਤ ਇੱਛਤ ਰੂਹਾਨੀ ਮੰਜ਼ਲ 'ਤੇ ਪੁੱਜਿਆ ਜਾ ਸਕਦਾ ਹੈ। ■

# ਸੰਪਾਦਕੀ

*ਭਗਤ ਨਾਮਦੇਵ ਜੀ ਨਿਰਗੁਣਵਾਦੀ ਭਗਤੀ ਪਰੰਪਰਾ ਦੇ ਸਿਰਮੌਰ ਭਗਤ ਹਨ। ਆਪ ਜੀ ਨੇ ਮਨੁੱਖਤਾ ਨੂੰ ਮੂਰਤੀ-ਪੂਜਾ ਅਤੇ ਫੋਕਟ ਕਰਮ-ਕਾਂਡਾਂ ਦਾ ਤਿਆਗ ਕਰ ਕੇ ਇਕ ਅਕਾਲ ਪੁਰਖ ਦੀ ਭਗਤੀ ਕਰਨ ਦਾ ਉਪਦੇਸ਼ ਦਿੱਤਾ। ਰੂਹਾਨੀ ਭਗਤੀ ਮਾਰਗ 'ਤੇ ਚੱਲਦਿਆਂ ਆਪ ਜੀ ਨੂੰ ਸਮੇਂ ਦੇ ਮੁਗ਼ਲ ਬਾਦਸ਼ਾਹ ਅਤੇ ਬ੍ਰਾਹਮਣ ਵਰਗ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਆਪ ਜੀ ਨੇ ਸਮਾਜ ਨੂੰ ਜੋ ਰਸਤਾ ਵਿਖਾਇਆ ਉਸ ਵਿਚ ਝੂਠੇ ਅਡੰਬਰਾਂ ਲਈ ਕੋਈ ਥਾਂ ਨਹੀਂ ਸੀ। ਆਪ ਜੀ ਨੇ ਕੇਵਲ ਇਕ ਪਰਮਾਤਮਾ ਦੀ ਪ੍ਰੇਮਾ-ਭਗਤੀ ਦਾ ਹੀ ਉਪਦੇਸ਼ ਦਿੰਦਿਆ ਸਮੁੱਚੀ ਮਨੁੱਖਤਾ ਨੂੰ ਜਾਤ-ਪਾਤ ਦੀਆਂ ਤੰਗ-ਦਿਲੀਆਂ ਤੋਂ ਉੱਪਰ ਉੱਠ ਕੇ ਸਾਰੇ ਇਨਸਾਨਾਂ ਨੂੰ ਬਰਾਬਰ ਸਮਝਣ ਦਾ ਸੰਦੇਸ਼ ਦਿੱਤਾ।*

*ਭਗਤ ਨਾਮਦੇਵ ਜੀ ਦਾ ਮੂਲ ਰੂਪ ਵਿਚ ਮਹਾਰਾਸ਼ਟਰ ਪ੍ਰਾਂਤ ਨਾਲ ਸੰਬੰਧਿਤ ਹੋਣ ਤੋਂ ਇਲਾਵਾ ਆਪ ਜੀ ਦਾ ਪੰਜਾਬ ਨਾਲ ਡੂੰਘਾ ਸੰਬੰਧ ਰਿਹਾ, ਜਿਸ ਸਦਕਾ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਵਿਚਾਰਧਾਰਾ ਦੇ ਅਨੁਸਾਰੀ ਆਪ ਜੀ ਦੇ ੬੧ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕਰ ਕੇ ਮਾਣ ਬਖ਼ਸ਼ਿਸ਼ ਕੀਤਾ। ਆਪ ਜੀ ਦੀ ਰੂਹਾਨੀ ਬਾਣੀ ਤੋਂ ਇਲਾਵਾ ਆਪ ਜੀ ਦੇ ਰੂਹਾਨੀ ਜੀਵਨ ਨਾਲ ਭਰਪੂਰ ਸਮੇਂ-ਸਮੇਂ 'ਤੇ ਲੇਖਕਾਂ ਦੁਆਰਾ ਜਨਮ ਸਾਖੀਆਂ ਅਤੇ ਪਰਚੀ ਸਾਹਿਤ ਦੀ ਰਚਨਾ ਕੀਤੀ ਗਈ।*

*ਸਾਨੂੰ ਪਾਠਕਾਂ ਦੇ ਇਹ ਦੱਸਣ ਵਿਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਨਵੰਬਰ ੨੦੨੦ ਨੂੰ ਭਗਤ ਨਾਮਦੇਵ ਜੀ ਦੀ ੭੫੦-ਸਾਲਾ ਜਨਮ ਸ਼ਤਾਬਦੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ੧੦੦ ਸਾਲਾ ਸਥਾਪਨਾ ਸ਼ਤਾਬਦੀ ਮਨਾਈ ਜਾ ਰਹੀ ਹੈ। ਇਸ ਸੰਬੰਧ ਵਿਚ ਸਾਡੇ ਵੱਲੋਂ ਅਕਤੂਬਰ ਮਹੀਨੇ ਲਈ 'ਭਗਤ ਨਾਮਦੇਵ ਜੀ ਦੇ ਜੀਵਨ ਅਤੇ ਵਿਚਾਰਧਾਰਾ' ਬਾਰੇ 'ਵਿਸ਼ੇਸ਼ ਅੰਕ' ਤਿਆਰ ਕੀਤਾ ਗਿਆ ਹੈ। ਇਸ ਵਿਚ ਭਗਤ ਨਾਮਦੇਵ ਜੀ ਦੇ ਜੀਵਨ ਅਤੇ ਰੂਹਾਨੀ ਵਿਚਾਰਧਾਰਾ ਬਾਰੇ ਵੱਖ-ਵੱਖ ਵਿਦਵਾਨ ਲੇਖਕਾਂ ਪਾਸੋਂ ਲੇਖ ਲਿਖਵਾ ਕੇ ਸ਼ਾਮਿਲ ਕੀਤੇ ਗਏ ਹਨ।*

*ਬਾਬਾ ਬੰਦਾ ਸਿੰਘ ਬਹਾਦਰ ਦੀ ਲਾਸਾਨੀ ਕੁਰਬਾਨੀ ਦੀ ਗਾਥਾ ਬਹੁਤ ਲੰਮੇਰੀ ਹੈ। ਉਨ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਬਖ਼ਸ਼ਿਸ਼ਾਂ ਪ੍ਰਾਪਤ ਕਰ ਕੇ ਜਿੱਥੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਅ ਦਿੱਤੀ, ਉੱਥੇ ਮੁਗ਼ਲਸ਼ਾਹੀ ਵੱਲੋਂ ਗ਼ਰੀਬਾਂ-ਮਜ਼ਲੂਮਾਂ ਤੇ ਕਿਰਤੀ ਕਿਰਸਾਨਾਂ 'ਤੇ ਹੁੰਦੇ ਅਸਹਿ ਅਤੇ ਅਕਹਿ*

ਜ਼ੁਲਮਾਂ ਨੂੰ ਵੀ ਠੱਲ ਪਾਈ। ਇਸੇ ਤਰ੍ਹਾਂ ਭਾਈ ਤਾਰੂ ਸਿੰਘ ਪੂਹਲਾ ਨੇ ਮੁਗ਼ਲ-ਰਾਜ ਦੇ ਦੌਰ ਅੰਦਰ ਜੋ ਸਿੱਖੀ ਸਿਦਕ ਨਿਭਾਇਆ ਹੈ ਉਸ ਬੇਸ਼ਕੀਮਤੀ ਬਿਰਤਾਂਤ ਨੂੰ ਵੀ ਭੁਲਾਇਆ ਨਹੀਂ ਜਾ ਸਕਦਾ, ਸ਼ਹੀਦਾਂ ਦੇ ਪਦ-ਚਿੰਨ੍ਹਾਂ 'ਤੇ ਚੱਲਦਿਆਂ ਹੀ ਕੌਮਾਂ ਅਗਾਂਹ ਵਧਦੀਆਂ ਹਨ ਅਤੇ ਵੱਧਦੀਆਂ-ਫੁਲਦੀਆਂ ਹਨ। ਭਾਈ ਤਾਰੂ ਸਿੰਘ ਜਿਹੇ ਮਹਾਨ ਗੁਰਸਿੱਖ ਜਿੱਥੇ ਸੱਚੀ-ਸੁੱਚੀ ਕਿਰਤ ਕਰਿਆ ਕਰਦੇ ਸਨ, ਉੱਥੇ ਉਹ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਸਮਰਪਿਤ ਸਨ। ਗੁਰਮਤਿ ਨੂੰ ਪ੍ਰਣਾਏ ਹੋਣ ਕਾਰਨ ਉਨ੍ਹਾਂ ਜ਼ਾਲਮਾਂ ਦੀ ਈਨ ਨਹੀਂ ਮੰਨੀ ਬਲਕਿ ਸਿੱਖੀ ਸਿਦਕ ਕੇਸਾਂ-ਸਵਾਸਾਂ ਸੰਗ ਨਿਭਾਇਆ ਅਤੇ ਖੋਪੜੀ ਉਤਰਵਾਈ। ਇਹ ਸ਼ਹੀਦੀਆਂ ਲਾਸਾਨੀ ਹਨ। ਅਕਤੂਬਰ ਮਹੀਨੇ ਹੀ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ੩੫੦-ਸਾਲਾ ਅਤੇ ਭਾਈ ਤਾਰੂ ਸਿੰਘ ਜੀ ਦੀ ੩੦੦-ਸਾਲਾ ਜਨਮ ਦਿਹਾੜਾ ਵੀ ਹੈ। ਇਸ ਲਈ ਉਕਤ ਦੋਨ੍ਹਾਂ ਸ਼ਖ਼ਸੀਅਤਾਂ ਬਾਰੇ ਵੀ ਕੁਝ ਲੇਖ ਸ਼ਾਮਿਲ ਕੀਤੇ ਗਏ ਹਨ। ਆਸ ਹੈ ਕਿ ਪਾਠਕ ਇਸ ਤੋਂ ਭਰਪੂਰ ਲਾਹਾ ਲੈਣਗੇ। ਸੋ ਆਓ, ਭਗਤ ਨਾਮਦੇਵ ਜੀ ਦੀ ਵਿਚਾਰਧਾਰਾ, ਭਾਈ ਤਾਰੂ ਸਿੰਘ ਜੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ ਹੋ ਕੇ ਉਨ੍ਹਾਂ ਦੇ ਨਕਸ਼-ਏ-ਕਦਮ ਉੱਪਰ ਚੱਲਣ ਦਾ ਯਤਨ ਕਰੀਏ ਅਤੇ ਆਪਣੇ ਜੀਵਨ ਨੂੰ ਗੁਰਮਤਿ ਅਨੁਸਾਰ ਢਾਲਦੇ ਹੋਏ ਸੱਚੇ-ਸੁੱਚੇ ਕਿਰਦਾਰ ਵਾਲੇ ਅਕਸ ਨਾਲ ਜੀਵੀਏ। ਸਾਡੇ ਇਹ ਮਹਾਨ ਪੁਰਖੇ ਸਾਡੇ ਲਈ ਹੀ ਨਹੀਂ ਬਲਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਭਗਤੀ ਤੇ ਸ਼ਕਤੀ ਦਾ ਮਹਾਨ ਸੁਮੇਲ ਅਤੇ ਪ੍ਰੇਰਨਾ-ਸ੍ਰੋਤ ਹਨ ਜਿਨ੍ਹਾਂ ਦੀਆਂ ਸਿੱਖਿਆਵਾਂ ਅਤੇ ਕੁਰਬਾਨੀਆਂ ਭਰੇ ਇਤਿਹਾਸ ਤੋਂ ਅਸੀਂ ਸੇਧ ਲੈ ਕੇ ਇਹ ਲੋਕ ਸੁਖੀਏ ਪਰਲੋਕ ਸੁਹੇਲੇ ਕਰ ਸਕਦੇ ਹਾਂ। ■

# ਸ਼੍ਰੋਮਣੀ ਭਗਤ ਨਾਮਦੇਵ ਜੀ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਭਗਤ ਨਾਮਦੇਵ ਜੀ ਦਾ ਜਨਮ ੧੩ਵੀਂ ਸਦੀ ਦੇ ਸਤਵੇਂ ਦਹਾਕੇ ਵਿਚ ਮਹਾਰਾਸ਼ਟਰ ਦੇ ਇਕ ਪਿੰਡ ਨਰਸੀ-ਬਾਮਨੀ ਵਿਚ ਹੋਇਆ। ਉੱਤਰੀ ਭਾਰਤ ਵਿਚ ਇਸ ਵੇਲੇ ਤੁਰਕਾਂ ਦਾ ਰਾਜ ਸੀ। ੧੪ਵੀਂ ਸਦੀ ਦੇ ਅਰੰਭ ਵਿਚ ਅਲਾਉਦੀਨ ਖਿਲਜੀ ਨੇ ਦੱਖਣ ਵਿਚ ਵੀ ਆਪਣਾ ਮਤਾਹਿਤ ਬਿਠਾ ਦਿੱਤਾ ਸੀ। ਮੁਹੰਮਦ-ਬਿਨ-ਤੁਗ਼ਲਕ (੧੩੨੫-੫੧) ਦੇ ਸਮੇਂ ਤਕ ਦੱਖਣ ਪੂਰੀ ਤਰ੍ਹਾਂ ਇਸਲਾਮੀ ਰਾਜ ਦਾ ਹਿੱਸਾ ਬਣ ਚੁੱਕਾ ਸੀ।

ਭਗਤ ਨਾਮਦੇਵ ਜੀ ਦੇ ਜੀਵਨ-ਕਾਲ ਸਮੇਂ ਭਾਰਤ ਵਿਚ ਇਕ ਪਾਸੇ ਇਸਲਾਮ ਦੇ ਹਾਕਮਾਂ ਵੱਲੋਂ ਜ਼ੁਲਮ ਢਾਹੇ ਜਾ ਰਹੇ ਸਨ ਅਤੇ ਦੂਜੇ ਪਾਸੇ ਬ੍ਰਾਹਮਣਵਾਦ ਦਾ ਪ੍ਰਭਾਵ ਜ਼ੋਰਾਂ 'ਤੇ ਸੀ। ਇਸ ਕਰਕੇ ਮੂਰਤੀ-ਪੂਜਾ ਅਤੇ ਜਾਤ-ਪਾਤ ਵਿਚ ਲੋਕਾਂ ਦਾ ਅੰਧ-ਵਿਸ਼ਵਾਸ ਸੀ। ਭਗਤ ਨਾਮਦੇਵ ਜੀ ਦੇ ਪਿਤਾ ਦਾਮਸ਼ੇਟੀ ਜੀ ਕੱਪੜੇ ਸੀਣ ਤੇ ਰੰਗਣ ਦਾ ਕੰਮ ਕਰਦੇ ਸਨ। ਇਸ ਕਰਕੇ ਉਨ੍ਹਾਂ ਨੂੰ ਨੀਵੀਂ ਜਾਤ ਦੇ ਸਮਝਿਆ ਜਾਂਦਾ ਸੀ। ਉਨ੍ਹਾਂ ਨੂੰ ਰੱਬ ਦੀ ਭਗਤੀ, ਪੂਜਾ ਆਦਿ ਦੇ ਯੋਗ ਨਹੀਂ ਮੰਨਿਆ ਜਾਂਦਾ ਸੀ। ਭਗਤ ਨਾਮਦੇਵ ਜੀ ਬਚਪਨ ਤੋਂ ਹੀ ਚੇਤੰਨ ਬੁੱਧੀ ਦੇ ਮਾਲਕ ਸਨ। ਉਨ੍ਹਾਂ ਦੇ ਮਨ ਵਿਚ ਸੱਚੇ ਅਧਿਆਤਮਿਕ ਗਿਆਨ ਦੀ ਜੋਤ ਜਗਦੀ ਸੀ। ਉਹ ਅਜਿਹੇ ਸਮਾਜਿਕ ਵਿਸ਼ਵਾਸਾਂ ਤੇ ਧਾਰਮਿਕ ਪਾਖੰਡਵਾਦ ਨੂੰ ਕੋਈ ਮਾਨਤਾ ਨਹੀਂ ਸੀ ਦਿੰਦੇ। ਉਨ੍ਹਾਂ ਨੂੰ ਸਭ ਤੋਂ ਉੱਚੀ ਸ਼ਕਤੀ ਪਰਮਾਤਮ-ਪੁਰਖੋਤਮ ਵਿਚ ਵਿਸ਼ਵਾਸ ਸੀ। ਇਸ ਲਈ ਉਹ ਇਸਲਾਮੀ ਮੁਲਾਣਿਆਂ ਅਤੇ ਹਾਕਮਾਂ ਦਾ ਭੈਅ ਮੰਨਣ ਲਈ ਵੀ ਤਿਆਰ ਨਹੀਂ ਸਨ। ਇਸ ਤਰ੍ਹਾਂ ਭਗਤ ਨਾਮਦੇਵ ਜੀ ਦਾ ਜੀਵਨ ਇਕ ਤਿਕੋਣੀ ਟੱਕਰ ਦਾ ਰੂਪ ਧਾਰਨ ਕਰ ਗਿਆ ਸੀ। ਉਨ੍ਹਾਂ ਦਾ ਕੋਨਾ ਨੀਵਾਂ ਸੀ, ਨਿਮਰਤਾ ਤੇ ਗ਼ਰੀਬੀ ਦਾ ਧਾਰਨੀ ਸੀ। ਦੂਜੇ ਦੋਵੇਂ ਕੋਨੇ ਬ੍ਰਾਹਮਣਵਾਦ ਤੇ ਮੁਲਾਣੇ ਅਹੰਕਾਰ ਨਾਲ ਭਰੇ ਹੋਏ ਸਨ। ਦੋਵਾਂ ਪਾਸਿਆਂ ਤੋਂ ਭਗਤ ਨਾਮਦੇਵ ਜੀ 'ਤੇ ਦਬਾਅ ਪਾਇਆ ਗਿਆ, ਪਰ ਉਹ ਹਰ ਸਥਿਤੀ ਵਿਚ ਵਿਜਈ ਹੋ ਕੇ ਨਿਕਲੇ। ਇਹ ਵਿਜੈ ਉਨ੍ਹਾਂ ਨੂੰ ਕਿਸੇ ਸੰਘਰਸ਼ ਕਾਰਨ ਜਾਂ ਤਰਕ-ਵਿਤਰਕ ਕਰਕੇ ਨਹੀਂ, ਸਗੋਂ ਪਰਮਾਤਮਾ ਦੀ ਪ੍ਰਤੱਖ ਸਹਾਇਤਾ ਕਾਰਨ ਪ੍ਰਾਪਤ ਹੋਈ ਹੈ। ਉਨ੍ਹਾਂ ਦੀ ਭਗਤੀ ਭਾਵਨਾ ਕਰਕੇ ਹੀ ਹਰ ਸਥਿਤੀ ਵਿਚ ਪਰਮਾਤਮਾ ਨੇ ਪ੍ਰਗਟ ਹੋ ਕੇ ਉਨ੍ਹਾਂ ਦੀ ਸਹਾਇਤਾ ਕੀਤੀ ਤੇ ਉਨ੍ਹਾਂ ਨੂੰ ਹੰਕਾਰੀਆਂ ਨਿੰਦਕਾਂ ਦੇ ਮੁਕਾਬਲੇ 'ਤੇ ਉੱਚਤਾ ਪ੍ਰਦਾਨ ਕੀਤੀ। ਇਸ ਸੱਚਾਈ ਦੀ ਪ੍ਰੋੜ੍ਹਤਾ ਭਗਤ ਨਾਮਦੇਵ ਜੀ ਦੀ ਬਾਣੀ ਵਿੱਚੋਂ ਵੀ ਮਿਲਦੀ ਹੈ ਤੇ ਗੁਰੂ ਸਾਹਿਬਾਨ ਨੇ ਵੀ ਗੁਰਬਾਣੀ ਵਿਚ ਇਸ ਦਾ ਉਲੇਖ ਕੀਤਾ ਹੈ। ਦੂਜੇ ਭਗਤ ਸਾਹਿਬਾਨ ਵੀ ਇਸ ਨੂੰ ਸਵੀਕਾਰ ਕਰਦੇ ਹਨ :

*-ਨਾਮੇ ਕੀ ਕੀਰਤਿ ਰਹੀ ਸੰਸਾਰਿ ॥*

**ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੯੧੫੮-੦੫੧੦੦*

*ਭਗਤ ਜਨਾਂ ਲੇ ਉਧਰਿਆ ਪਾਰਿ ॥੨੭॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੬)*

*-ਚਾਰਿ ਮੁਕਤਿ ਚਾਰੈ ਸਿਧਿ ਮਿਲਿ ਕੈ ਦੂਲਹ ਪ੍ਰਭ ਕੀ ਸਰਨਿ ਪਰਿਓ ॥*
*ਮੁਕਤਿ ਭਇਓ ਚਉਹੂੰ ਜੁਗ ਜਾਨਿਓ ਜਸੁ ਕੀਰਤਿ ਮਾਥੈ ਛਤ੍ਰੁ ਧਰਿਓ ॥੧॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੫)*

*-ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੫੬)*

*-ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥੧॥*
*ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥*
*ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ ॥੨॥੧॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੬)*

*-ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੫੧)*

ਭਗਤ ਨਾਮਦੇਵ ਜੀ ਦੇ ਮਨ ਵਿਚ ਬਚਪਨ ਤੋਂ ਹੀ ਪਰਮਾਤਮਾ ਦੀ ਭਗਤੀ ਵੱਸੀ ਹੋਈ ਸੀ। ਉਹ ਪਰਮਾਤਮਾ ਨੂੰ ਪੱਥਰ ਦੀ ਮੂਰਤੀ ਨਹੀਂ, ਸਗੋਂ ਜਿਊਂਦੀ-ਜਾਗਦੀ ਹਸਤੀ ਮੰਨਦੇ ਸਨ। ਇਸ ਦੀ ਸਾਖੀ ਉਨ੍ਹਾਂ ਦੀ ਆਪਣੀ ਬਾਣੀ ਵਿਚ ਮਿਲਦੀ ਹੈ। ਭਗਤ ਨਾਮਦੇਵ ਜੀ ਦੇ ਪਿਤਾ ਘਰ ਵਿਚ ਠਾਕੁਰ ਦੀ ਮੂਰਤੀ ਨੂੰ ਰੋਜ਼ ਭੋਗ ਲਗਵਾਉਂਦੇ ਸਨ। ਇਕ ਦਿਨ ਉਨ੍ਹਾਂ ਨੇ ਬਾਹਰ ਜਾਣਾ ਸੀ ਤਾਂ ਇਹ ਕੰਮ ਕਰਨ ਲਈ ਭਗਤ ਜੀ ਨੂੰ ਕਹਿ ਗਏ। ਬਾਲ ਨਾਮਦੇਵ ਜੀ ਨਾਰਾਇਣ ਨੂੰ ਸੱਚ ਸਮਝਦੇ ਸਨ। ਇਸ ਲਈ ਦੁੱਧ ਪੀਣ ਦੀ ਜ਼ਿੱਦ ਕਰਨ ਲੱਗੇ। ਅਖ਼ੀਰ ਨਾਰਾਇਣ ਨੇ ਨਾਮਦੇਵ ਜੀ ਦੇ ਹੱਥੋਂ ਦੁੱਧ ਪੀਤਾ :

*ਦੂਧੁ ਪੀਆਇ ਭਗਤੁ ਘਰਿ ਗਇਆ॥*
*ਨਾਮੇ ਹਰਿ ਕਾ ਦਰਸਨੁ ਭਇਆ॥੪॥੩॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੩)*

ਇਸ ਤਰ੍ਹਾਂ ਬਚਪਨ ਤੋਂ ਹੀ ਪ੍ਰਭੂ ਨਾਲ ਭਗਤ ਨਾਮਦੇਵ ਜੀ ਦਾ ਆਤਮਿਕ ਸੰਪਰਕ ਹੋ ਗਿਆ ਸੀ। ਉਹ ਜਿਉਂ-ਜਿਉਂ ਵੱਡੇ ਹੁੰਦੇ ਗਏ, ਭਗਤੀ ਵਿਚ ਲੀਨ ਹੁੰਦੇ ਗਏ। ਉਨ੍ਹਾਂ ਦੀ ਆਤਮਿਕ ਅਵਸਥਾ ਬਹੁਤ ਉੱਚੀ ਹੋ ਚੁੱਕੀ ਸੀ, ਪਰ ਉਨ੍ਹਾਂ ਦੇ ਗਿਆਨ ਨੂੰ ਪੁਜਾਰੀ ਵਰਗ ਮਾਨਤਾ ਦੇਣ ਨੂੰ ਤਿਆਰ ਨਹੀਂ ਸੀ। ਬ੍ਰਾਹਮਣਾਂ ਦੀਆਂ ਨਜ਼ਰਾਂ ਵਿਚ ਨਾਮਦੇਵ (ਭਗਤ ਨਾਮਦੇਵ ਜੀ) ਇਕ ਨੀਵੀਂ ਜਾਤ ਦਾ ਬੰਦਾ ਸੀ। ਇਸ ਲਈ ਜਦੋਂ ਉਹ ਪੰਡਰਪੁਰ ਦੇ ਤੀਰਥ-ਅਸਥਾਨ 'ਤੇ ਜਾ ਕੇ ਭਗਤੀ ਕਰਨ ਲੱਗੇ ਤਾਂ ਪਾਂਡਿਆਂ ਨੇ ਉਨ੍ਹਾਂ ਨੂੰ ਫੜ ਕੇ ਉਠਾ ਦਿੱਤਾ। ਉਹ ਉੱਠ ਕੇ ਦੇਹੁਰੇ ਦੇ ਪਿਛਲੇ ਪਾਸੇ ਜਾ ਕੇ ਪਰਮਾਤਮਾ ਅੱਗੇ ਪੁਕਾਰ ਕਰਨ ਲੱਗੇ ਤਾਂ ਇਹ ਕੌਤਕ ਵਰਤਿਆ ਕਿ ਉਸ ਦੇਹੁਰੇ ਦਾ ਮੂੰਹ ਵੀ ਭਗਤ ਜੀ ਵੱਲ ਫਿਰ ਗਿਆ। ਇਸ ਦਾ ਜ਼ਿਕਰ ਭਗਤ ਜੀ ਨੇ ਦੋ

ਸ਼ਬਦਾਂ ਵਿਚ ਕੀਤਾ ਹੈ। ਆਧੁਨਿਕ ਵਿਦਵਾਨ ਇਸ ਦਾ ਅਰਥ ਇਹ ਵੀ ਕਰਦੇ ਹਨ ਕਿ ਲੋਕ ਨਾਮਦੇਵ ਜੀ ਕੋਲ ਆ ਕੇ ਬੈਠ ਗਏ ਸਨ :

*-ਹਸਤ ਖੇਲਤ ਤੇਰੇ ਦੇਹੁਰੇ ਆਇਆ॥*
*ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੪)*
*-ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ ॥*
*ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥੧॥*
*ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥*
*ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ ॥੨॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੨)*

ਪੰਡਤਾਂ ਤੋਂ ਬਾਅਦ ਭਗਤ ਨਾਮਦੇਵ ਜੀ ਦਾ ਦੂਜਾ ਵਿਰੋਧ ਮੁਲਾਣਿਆਂ ਤੇ ਇਸਲਾਮ ਦੇ ਬਾਦਸ਼ਾਹ ਨਾਲ ਹੋਇਆ। ਇਹ ਘਟਨਾ ਮੁਹੰਮਦ ਤੁਗਲਕ ਦੇ ਸਮੇਂ ਦੀ ਹੋ ਸਕਦੀ ਹੈ, ਕਿਉਂਕਿ ਉਦੋਂ ਤਕ ਦੱਖਣ ਵਿਚ ਇਸਲਾਮ ਦਾ ਰਾਜ ਹੋ ਚੁੱਕਾ ਸੀ। ਭਗਤ ਨਾਮਦੇਵ ਜੀ ਦੀ ਸ਼ੋਭਾ ਵੀ ਚਾਰੇ ਪਾਸੇ ਫੈਲ ਚੁੱਕੀ ਸੀ। ਮੁਲਾਣਿਆਂ ਰਾਹੀਂ ਇਹ ਗੱਲ ਬਾਦਸ਼ਾਹ ਤਕ ਵੀ ਪਹੁੰਚ ਗਈ। ਬਾਦਸ਼ਾਹ ਨੇ ਭਗਤ ਨਾਮਦੇਵ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਨ੍ਹਾਂ ਦੇ ਅੱਗੇ ਮਰੀ ਗਊ ਰੱਖ ਕੇ ਕਿਹਾ ਕਿ ਇਸ ਨੂੰ ਜਿਊਂਦੀ ਕਰ ਕੇ ਵਿਖਾਵੇ। ਭਗਤ ਨਾਮਦੇਵ ਜੀ ਨੇ ਬਾਦਸ਼ਾਹ ਨੂੰ ਕਿਹਾ ਕਿ ਅਜਿਹਾ ਨਹੀਂ ਹੋ ਸਕਦਾ। ਇਸ 'ਤੇ ਬਾਦਸ਼ਾਹ ਨੂੰ ਹੰਕਾਰ ਚੜ੍ਹ ਗਿਆ। ਉਸ ਨੇ ਭਗਤ ਜੀ ਨੂੰ ਮਾਰਨ ਲਈ ਹਾਥੀ ਛਡਵਾ ਦਿੱਤਾ। ਬਾਦਸ਼ਾਹ ਨੇ ਕਿਹਾ ਕਿ ਉਹ ਮੁਸਲਮਾਨ ਹੋ ਜਾਣ, ਪਰ ਨਾਮਦੇਵ ਜੀ ਹੱਥਾਂ ਪੈਰਾਂ ਵਿਚ ਬੇੜੀਆਂ ਨਾਲ ਜਕੜੇ ਗੋਪਾਲ ਦੇ ਗੁਣ ਗਾਉਂਦੇ ਰਹੇ। ਅਖੀਰ ਇਸ ਸੰਕਟ ਵਿੱਚੋਂ ਪਰਮਾਤਮਾ ਨੇ ਉਨ੍ਹਾਂ ਦੀ ਸਹਾਇਤਾ ਕੀਤੀ ਤੇ ਆ ਕੇ ਮਰੀ ਗਊ ਜਿਊਂਦੀ ਕੀਤੀ। ਨਾਮਦੇਵ ਜੀ ਦੀ ਜੈ-ਜੈਕਾਰ ਹੋ ਗਈ। ਬਾਦਸ਼ਾਹ ਨੂੰ ਨੀਵਾਂ ਹੋਣਾ ਪਿਆ। ਇਸ ਬਾਰੇ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਇਸ ਤਰ੍ਹਾਂ ਦਰਜ ਹੈ :

*ਨਾਮਾ ਪ੍ਰਣਵੈ ਸੇਲ ਮਸੇਲ ॥*
*ਗਊ ਦੁਹਾਈ ਬਛਰਾ ਮੇਲਿ ॥੧੯॥*
*ਦੂਧਹਿ ਦੁਹਿ ਜਬ ਮਟੁਕੀ ਭਰੀ ॥*
*ਲੇ ਬਾਦਿਸਾਹ ਕੇ ਆਗੇ ਧਰੀ ॥੨੦॥*
*ਬਾਦਿਸਾਹੁ ਮਹਲ ਮਹਿ ਜਾਇ ॥*
*ਅਉਘਟ ਕੀ ਘਟ ਲਾਗੀ ਆਇ ॥੨੧॥*
*ਕਾਜੀ ਮੁਲਾਂ ਬਿਨਤੀ ਫੁਰਮਾਇ ॥*
*ਬਖਸੀ ਹਿੰਦੂ ਮੈ ਤੇਰੀ ਗਾਇ ॥੨੨॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੬੬)*

ਭਗਤ ਨਾਮਦੇਵ ਜੀ ਨੇ ਭਾਵੇਂ ਮੂਰਤੀ-ਪੂਜਾ ਤੋਂ ਭਗਤੀ ਅਰੰਭ ਕੀਤੀ ਸੀ, ਪਰ ਉਨ੍ਹਾਂ ਦਾ ਗਿਆਨ ਦਿਨੋਂ-ਦਿਨ ਵਧਦਾ-ਵਧਦਾ ਸਰਵ-ਵਿਆਪੀ ਨਿਰੰਕਾਰ ਦੇ ਮੰਡਲਾਂ ਤਕ ਚਲਾ

ਜਾਂਦਾ ਹੈ। ਉਨ੍ਹਾਂ ਨੇ ਮੂਰਤੀ-ਪੂਜਾ ਦੇ ਅਧੂਰੇ-ਪਨ ਨੂੰ ਸਮਝ ਲਿਆ ਸੀ। ਉਨ੍ਹਾਂ ਦੀ ਬਾਣੀ ਵਿਚ ਮੂਰਤੀ-ਪੂਜਾ ਦਾ ਜ਼ੋਰਦਾਰ ਖੰਡਨ ਕੀਤਾ ਗਿਆ ਹੈ। ਉਨ੍ਹਾਂ ਨੇ ਮੂਰਤੀ ਨੂੰ ਹੀ ਭਰਮ ਨਹੀਂ ਕਿਹਾ, ਸਗੋਂ ਮੂਰਤੀ-ਪੂਜਾ ਦੀਆਂ ਵਿਧੀਆਂ ਨੂੰ ਵੀ ਝੂਠੀਆਂ ਸਾਬਤ ਕੀਤਾ ਹੈ। ਉਨ੍ਹਾਂ ਨੇ ਹਰੀ ਦੀ ਭਗਤੀ ਤੇ ਨਾਮ-ਸਿਮਰਨ ਨੂੰ ਹੀ ਮੁੱਖ ਮੰਨਿਆ ਹੈ। ਇਨ੍ਹਾਂ ਕਾਰਨਾਂ ਕਰਕੇ ਭਗਤ ਨਾਮਦੇਵ ਜੀ ਦੀ ਬਾਣੀ ਵਿਸ਼ੇ ਪੱਖ ਤੋਂ ਗੁਰਬਾਣੀ ਦੇ ਉਦੇਸ਼ਾਂ ਨਾਲ ਮਿਲ ਜਾਂਦੀ ਹੈ :

*ਏਕੈ ਪਾਥਰ ਕੀਜੈ ਭਾਉ ॥*
*ਦੂਜੈ ਪਾਥਰ ਧਰੀਐ ਪਾਉ ॥*
*ਜੇ ਓਹੁ ਦੇਉ ਤ ਓਹੁ ਭੀ ਦੇਵਾ॥*
*ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥੪॥੧॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੫)*

ਭਗਤ ਨਾਮਦੇਵ ਜੀ ਨੇ ਠਾਕੁਰ ਨੂੰ ਇਸ਼ਨਾਨ ਕਰਵਾਉਣ, ਫੁੱਲ ਚੜ੍ਹਾਉਣ ਤੇ ਖੀਰ ਖਵਾਉਣ ਦੀ ਪੂਜਾ ਨੂੰ ਗ਼ਲਤ ਦੱਸਿਆ ਹੈ। ਉਨ੍ਹਾਂ ਨੇ ਕਿਹਾ ਹੈ ਕਿ ਉਹ ਚੀਜ਼ਾਂ ਤਾਂ ਸਾਰੀਆਂ ਅਸ਼ੁੱਧ ਹਨ, ਇਹ ਭਗਵਾਨ ਦੇ ਯੋਗ ਨਹੀਂ। ਉਸ ਦੇ ਅੱਗੇ ਆਤਮ-ਸਮਰਪਣ ਕਰਨਾ ਹੀ ਉਸ ਦੀ ਸੱਚੀ ਆਰਾਧਨਾ ਹੈ :

*ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ ॥*
*ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ ॥੩॥*
*ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ॥*
*ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ॥੪॥੨॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੫)*

ਅਧਿਆਤਮ ਮਾਰਗ ਲਈ ਭਗਤ ਨਾਮਦੇਵ ਜੀ ਨੇ ਪਰਮਾਤਮਾ, ਗੁਰੂ ਅਤੇ ਨਾਮ-ਸਿਮਰਨ ਦੀ ਮਹੱਤਤਾ ਨੂੰ ਸਵੀਕਾਰ ਕੀਤਾ ਹੈ। ਸਰਵ-ਵਿਆਪੀ ਪਰਮਾਤਮਾ ਵਿਚ ਵਿਸ਼ਵਾਸ ਰੱਖਣਾ, ਸੱਚੇ ਗੁਰੂ ਦਾ ਲੜ ਫੜਨਾ ਤੇ ਦਿਨ-ਰਾਤ ਸਿਮਰਨ ਵਿਚ ਲੀਨ ਰਹਿਣਾ ਇਕ ਭਗਤ ਦੀ ਸਫਲਤਾ ਲਈ ਜ਼ਰੂਰੀ ਪੱਖ ਹਨ। ਭਗਤ ਨਾਮਦੇਵ ਜੀ ਭਾਵੇਂ ਸ਼ੁਰੂ-ਸ਼ੁਰੂ ਵਿਚ ਸਮੂਰਤ ਭਗਤੀ ਸਾਧਨਾ ਵਿਚ ਲੱਗੇ ਸਨ, ਪਰ ਇਹ ਰੂਪ ਹੌਲੀ-ਹੌਲੀ ਨਿਰਾਕਾਰ ਬ੍ਰਹਮ ਹੁੰਦਾ ਗਿਆ। ਇਹ ਪਰਮਾਤਮਾ ਦੀ ਜੋਤ ਦਾ ਗਿਆਨ ਹੈ, ਜਿਸ ਨੂੰ ਪੁਰਖੋਤਮ ਜਗਜੀਵਨ ਆਦਿ ਨਾਵਾਂ ਨਾਲ ਪੁਕਾਰਦੇ ਹਨ :

*ਜੋ ਜਨ ਜਾਨਿ ਭਜਹਿ ਪੁਰਖੋਤਮੁ ਤਾ ਚੀ ਅਬਿਗਤੁ ਬਾਣੀ ॥*
*ਨਾਮਾ ਕਹੈ ਜਗਜੀਵਨੁ ਪਾਇਆ ਹਿਰਦੈ ਅਲਖ ਬਿਡਾਣੀ ॥੪॥੧॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੧)*

ਭਗਤ ਨਾਮਦੇਵ ਜੀ ਨੇ ਮਨੁੱਖ ਨੂੰ ਬੁਰੇ ਕਰਮਾਂ ਤੋਂ ਦੂਰ ਰਹਿਣ ਤੇ ਸੱਚ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਕੀਤਾ ਹੈ। ਇਸ ਮਾਰਗ ਦੀ ਸਫਲਤਾ ਲਈ ਗੁਰੂ ਦੀ ਸ਼ਰਨ ਪੈਣ ਦੀ ਲੋੜ ਹੈ :

*ਜਾ ਕੇ ਮਸਤਕਿ ਲਿਖਿਓ ਕਰਮਾ॥*

*ਸੋ ਭਜਿ ਪਰਿ ਹੈ ਗੁਰ ਕੀ ਸਰਨਾ॥*
*ਕਹਤ ਨਾਮਦੇਉ ਇਹੁ ਬੀਚਾਰੁ ॥*
*ਇਨ ਬਿਧਿ ਸੰਤਹੁ ਉਤਰਹੁ ਪਾਰਿ ॥੪॥੨॥੮॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੯੫)*

ਪਰਮਾਤਮਾ ਦੀ ਪ੍ਰਾਪਤੀ ਲਈ ਜਪ-ਤਪ, ਦਾਨ-ਵਰਤ ਆਦਿ ਹੋਰ ਵਿਧੀਆਂ ਨਾਲੋਂ ਉਨ੍ਹਾਂ ਨੇ ਸਿਮਰਨ ਨੂੰ ਹੀ ਸ੍ਰੇਸ਼ਟ ਮੰਨਿਆ ਹੈ। ਉਨ੍ਹਾਂ ਨੇ ਆਪਣਾ ਅਨੁਭਵ ਸਾਂਝਾ ਕਰਦਿਆਂ ਇਹ ਐਲਾਨ ਕੀਤਾ ਹੈ ਕਿ ਉਨ੍ਹਾਂ ਨੇ ਸਿਰਫ਼ ਸਿਮਰਨ ਕਰ ਕੇ ਹੀ ਪਰਮਾਤਮਾ ਨੂੰ ਜਾਣਿਆ ਹੈ ਤੇ ਉਸ ਦੀ ਪ੍ਰਾਪਤੀ ਕੀਤੀ ਹੈ :

*ਨਾਮਦੇਇ ਸਿਮਰਨੁ ਕਰਿ ਜਾਨਾਂ ॥*
*ਜਗਜੀਵਨ ਸਿਉ ਜੀਉ ਸਮਾਨਾਂ ॥੨॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੫੮)*

ਭਗਤ ਨਾਮਦੇਵ ਜੀ ਦੀ ਬਾਣੀ ਵਿਚ ਇਕ ਨਿਰੰਤਰ ਵਿਕਾਸ ਵੇਖਿਆ ਜਾ ਸਕਦਾ ਹੈ। ਉਹ ਦੇਹੁਰੇ ਤੋਂ, ਹਿੰਦੂ ਧਰਮ ਵਿਚ ਮੰਨੇ ਗਏ ਰਾਮ ਚੰਦਰ, ਕ੍ਰਿਸ਼ਨ ਜੀ, ਨਾਰਾਇਣ ਬੀਠਲ ਆਦਿ ਇਸ਼ਟ ਦੇਵਾਂ ਦੀ ਭਗਤੀ ਤੋਂ ਸ਼ੁਰੂ ਕਰ ਕੇ ਇਕ ਸਰਬ-ਸਾਂਝੇ ਪਰਮਾਤਮਾ ਅਤੇ ਵਿਸ਼ਵ ਧਰਮ ਵੱਲ ਵਧਦੇ ਗਏ ਹਨ। ਇਹ ਨਾਮ ਦਾ ਧਰਮ ਹੈ, ਬ੍ਰਹਮ ਗਿਆਨ ਦਾ ਧਰਮ ਹੈ ਜੋ ਕੱਟੜ ਹਿੰਦੂ ਤੇ ਮੁਸਲਮਾਨ ਧਰਮਾਂ ਤੋਂ ਵੱਖਰਾ ਹੈ। ਇਸ ਧਰਮ ਵਿਚ ਨਾ ਹਿੰਦੂ ਬਣਨ ਦੀ ਲੋੜ ਹੈ, ਨਾ ਮੁਸਲਮਾਨ ਬਣਨ ਦੀ। ਨਾ ਦੇਹੁਰੇ ਦੀ ਪੂਜਾ ਦੀ ਲੋੜ ਹੈ, ਨਾ ਮਸੀਤ ਵਿਚ ਜਾ ਕੇ ਨਮਾਜ਼ਾਂ ਪੜ੍ਹਨ ਦੀ। ਉਨ੍ਹਾਂ ਨੂੰ ਇਨ੍ਹਾਂ ਧਰਮਾਂ ਦੀ ਕੱਟੜਤਾ ਅਤੇ ਫੋਕਟ ਸਿਧਾਂਤਾਂ ਵਿਚ ਕੋਈ ਵਿਸ਼ਵਾਸ ਨਹੀਂ ਸੀ। ਇਸ ਲਈ ਸਪੱਸ਼ਟ ਤੌਰ 'ਤੇ ਇਹ ਨਿਰਣਾ ਕੱਢਦੇ ਹਨ :

*ਹਿੰਦੂ ਅੰਨ੍ਹਾ ਤੁਰਕੂ ਕਾਣਾ ॥*
*ਦੁਹਾਂ ਤੇਂ ਗਿਆਨੀ ਸਿਆਣਾ ॥*
*ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥*
*ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥੪॥੩॥੭॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੫)*

ਭਗਤ ਨਾਮਦੇਵ ਜੀ ਨੇ ੧੩ਵੀਂ ਸਦੀ ਵਿਚ ਇਹ ਵਿਚਾਰ ਪ੍ਰਗਟ ਕੀਤੇ ਹਨ। ਉਨ੍ਹਾਂ ਦਾ ਜੀਵਨ ਕਿੰਨਾ ਸੱਚਾ-ਸੁੱਚਾ ਤੇ ਸੋਚ ਕਿੰਨੀ ਨਿਰਮਲ ਸੀ ਕਿ ਅੱਠ ਸਦੀਆਂ ਪਹਿਲਾਂ ਉਨ੍ਹਾਂ ਨੇ ਸੱਚ ਦਾ ਢੰਡੋਰਾ ਦਿੱਤਾ ਹੈ । ਇਹ ਸੱਚ ਸਦੀਵ-ਕਾਲ ਲਈ ਮਨੁੱਖ ਦੇ ਕੰਮ ਆਉਣ ਵਾਲਾ ਹੈ। ਅਸੀਂ ਉਨ੍ਹਾਂ ਦੇ ਅਨਮੋਲ ਵਿਚਾਰਾਂ ਦਾ ਸਹੀ ਮੁੱਲ ਨਹੀਂ ਪਾ ਸਕੇ । ਲੋੜ ਹੈ ਅਜਿਹੇ ਮਹਾਂਪੁਰਖਾਂ ਦੇ ਵਿਚਾਰਾਂ ਦਾ ਪ੍ਰਸ਼ਾਰ ਕਰਨ ਦੀ ਤਾਂ ਜੋ ਸਮਾਜ ਵਿਚ ਸ਼ਾਂਤੀ ਤੇ ਸਥਿਰਤਾ ਪੈਦਾ ਕਰ ਸਕੀਏ। ਊਚ-ਨੀਚ, ਜਾਤ-ਪਾਤ ਅਤੇ ਫ਼ਿਰਕਾਪ੍ਰਸਤੀ ਦੇ ਭੇਦ-ਭਾਵ ਦੂਰ ਕਰ ਸਕੀਏ। ਸਾਰੀ ਮਨੁੱਖਤਾ ਦਾ ਇਕ ਸਾਂਝਾ ਰੱਬ ਤੇ ਭਾਈਚਾਰਾ ਸਥਾਪਿਤ ਕਰ ਸਕੀਏ। ■

# ਭਗਤ ਨਾਮਦੇਵ ਜੀ

*-ਸਿਮਰਜੀਤ ਸਿੰਘ**

ਪੰਡਤ ਜਵਾਲਾ ਪ੍ਰਸ਼ਾਦ ਜੀ 'ਜਾਤੀ ਭਾਸਕਰ' ਵਿਚ ਜ਼ਿਕਰ ਕਰਦੇ ਹਨ ਕਿ ਭਾਰਦਵਾਜ ਜਾਤੀ ਦੇ ਲੋਕ ਸੂਰਜ ਵੰਸ਼ੀ ਕਸ਼ੱਤਰੀ ਹਨ। ਹਾਲਾਤ ਨੇ ਇਨ੍ਹਾਂ ਨੂੰ ਕੱਪੜੇ ਛਾਪਣ ਤੇ ਸਿਉਣ ਦਾ ਧੰਦਾ ਕਰਨ ਲਈ ਮਜ਼ਬੂਰ ਕਰ ਦਿੱਤਾ। ਇਸ ਸ਼ਿਲਪਕਾਰੀ ਧੰਦਾ ਕਰਨ ਕਾਰਨ ਇਨ੍ਹਾਂ ਨੂੰ ਛੀਪੀ ਅਤੇ ਸ਼ਿੰਪੀ ਆਖਿਆ ਜਾਣ ਲੱਗ ਪਿਆ। ਇਹ ਇਕ ਕਸ਼ੱਤ੍ਰੀਯ ਜਾਤੀ ਹੈ ਜੋ ਕਛਵਾਹਾ, ਭਾਟੀ, ਚੌਹਾਨ, ਰਾਠੌਰ, ਪੰਵਾਰ ਅਤੇ ਦਹੀਆ ਆਦਿ ਅਨੇਕ ਅਲੱਗ-ਅਲੱਗ ਸ਼ਾਖਾ ਦੇ ਕਸ਼ੱਤ੍ਰੀਯਾਂ ਤੋਂ ਬਣੀ ਹੈ। ਵਾਸਤਵ ਵਿਚ ਇਸ ਵੰਸ਼ ਦਾ ਨਾਮ ਟਾਂਕ ਹੈ ਇਸ ਲਈ ਇਨ੍ਹਾਂ ਨੂੰ ਟਾਂਕ ਕਸ਼ੱਤ੍ਰੀਯ ਵੀ ਕਿਹਾ ਜਾਂਦਾ ਹੈ। ਕਰਨਲ ਟਾਡ ਟਾਂਕ ਕਸ਼ੱਤ੍ਰੀਯ ਬਾਰੇ ਲਿਖਦਾ ਹੈ ਕਿ ਟਾਂਕ ਕਸ਼ੱਤਰੀ ਨਾਗਾਵੰਸ਼ੀ ਰਾਜਾ ਤਕਸ਼ਕ ਦੀ ਕੁਲ਼ ਵਿੱਚੋਂ ਹਨ। ਨਾਗਵੰਸ਼ੀ ਜਾਤੀ ਨੇ ਈਸਾ ਪੂਰਬ ਛੇਵੀਂ ਸ਼ਤਾਬਦੀ ਵਿਚ ਭਾਰਤ ਉੱਪਰ ਹਮਲਾ ਕਰ ਕੇ ਕਬਜ਼ਾ ਕਰ ਲਿਆ ਸੀ। ਇਸ ਕੁਲ਼ ਦੇ ਰਾਜੇ ਤਕਸ਼ਕ ਤੋਂ ਟਾਂਕ ਰਾਜ ਕੁਲ਼ ਪ੍ਰਸਿੱਧ ਹੋਈ ਜੋ ਰਾਜਸਥਾਨ ਦੇ ੩੬ ਪ੍ਰਮਾਣਿਕ ਰਾਜ ਘਰਾਣਿਆਂ ਵਿੱਚੋਂ ੧੩ਵੇਂ ਸਥਾਨ 'ਤੇ ਸੀ। ਦੂਸਰੇ ਥਾਂ ਕਰਨਲ ਟਾਡ ਦੱਸਦਾ ਹੈ ਕਿ ਸੂਰਜਵੰਸ਼ੀ ਰਾਜਾ ਰਾਮਚੰਦਰ ਤੋਂ ਪੰਜਵੀਂ ਥਾਂ ਤਕਸ਼ਕ ਨਾਂ ਦਾ ਰਾਜਾ ਹੋਇਆ ਹੈ ਜਿਸ ਦੇ ਵੰਸ਼ਜਾਂ ਨੇ ਅਯੁੱਧਿਆ, ਸੌਰਾਸ਼ਟਰ ਅਤੇ ਮੇਵਾੜ 'ਤੇ ਰਾਜ ਕੀਤਾ। ਟਾਂਕ ਕਸ਼ੱਤ੍ਰੀਯ ਦੀ ਮੂਹੀ ਨਾਗਵੰਸ ਹੈ ਜੋ ਕਸ਼ਯਪ ਰਿਸ਼ੀ ਦੇ ਪੁੱਤਰ ਸੂਰਜ ਤੋਂ ਤੁਰਿਆ, ਕਸ਼ਯਪ ਦੀਆਂ ਦੋ ਰਾਣੀਆਂ ਸਨ— ਕਦਰੂ ਤੇ ਵਨੀਤਾ। ਕਦਰੂ ਦੇ ਪੁੱਤਰ ਨੀਲ, ਪਦਮ ਤੇ ਸਾਂਖ ਸਨ। ਵਨੀਤਾ ਦੇ ਸੂਰਜ, ਧਰਮਰਾਜ, ਗਰੁੜ ਤੇ ਪੁੱਤਰੀ ਯਮਨਾ ਸੀ। ਕਸ਼ਯਪ ਤੋਂ ਬਾਅਦ ਸੂਰਜ ਗੱਦੀ 'ਤੇ ਬੈਠਾ। ਇਸ ਦੇ ਭਰਾ ਆਪਣੇ ਮਤਰੇਏ ਭਰਾਵਾਂ ਨੀਲ, ਪਦਮ ਤੇ ਸਾਂਖ ਆਦਿ ਨੂੰ ਗੁਸੈਲੇ ਸੁਭਾਅ ਕਾਰਨ ਨਾਗ ਕਹਿ ਕੇ ਬੁਲਾਉਣ ਲੱਗ ਪਏ ਅਤੇ ਇਨ੍ਹਾਂ ਨੂੰ ਸਤੀ ਸਰਸ (ਕਸ਼ਮੀਰ) ਦਾ ਇਲਾਕਾ ਦੇ ਕੇ ਵੱਖ ਕਰ ਦਿੱਤਾ। ਅੱਜ ਵੀ ਕਸ਼ਮੀਰ ਦੇ ਚਸ਼ਮਿਆਂ ਦੇ ਨਾਂ ਇਨ੍ਹਾਂ ਦੇ ਨਾਂ 'ਤੇ ਪ੍ਰਸਿੱਧ ਹਨ ਜਿਵੇਂ ਕਿ ਵੈਰੀ ਨਾਗ, ਅਨੰਤ ਨਾਗ ਆਦਿ।

ਕਰਨਲ ਟਾਡ ਅਨੁਸਾਰ ਇਸ਼ਵਾਕੂ ਦੀ ਕੁਲ਼ ਵਿਚ ੨੯ਵੇਂ ਸਥਾਨ 'ਤੇ ਰਾਜਾ ਭਾਰਕ ਤੋਂ ਭਾਰਦਵਾਜ ਦੇ ਨਾਂ ਉੱਪਰ ਭਾਰਦਵਾਜ ਵੰਸ਼ ਚੱਲਿਆ। ਇਹ ਵਿਜੈ ਰਾਜੇ ਦਾ ਪੁੱਤਰ ਸੀ ਜਿਸ ਦਾ ਪਹਿਲਾ ਗੋਤਰ ਗਾਧਿਰਾ ਸੀ। ਇਸ ਨੇ ਆਪਣੇ ਕੁਲ਼ ਗੁਰੂ

*ਮੀਤ ਸਕੱਤਰ ਅਤੇ ਮੁੱਖ ਸੰਪਾਦਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਭਾਰਦਵਾਜ ਦਾ ਨਾਂ ਆਪਣੇ ਗੋਤਰ ਨਾਲ ਜੋੜ ਲਿਆ। ਰਾਜਾ ਭਾਰਕ ਦੀ ਕੁ਼ਲ ਵਿੱਚੋਂ ਕੂਲ ਚੰਦਰ ਦੇ ਤਿੰਨ ਪੁੱਤਰ ਸਨ– ਬੈਸਲ, ਬੀਰਥ ਸੈਨ ਅਤੇ ਨੀਰਥ ਸੈਨ। ਪਿਤਾ ਦੀ ਮੌਤ ਤੋਂ ਬਾਅਦ ਬੈਸਲ ਗੱਦੀ 'ਤੇ ਬੈਠਾ ਤੇ ਉਸ ਦੇ ਦੋਵੇਂ ਭਰਾ ਉਸ ਨਾਲ ਲੜ ਕੇ ਸ਼ੋਲਾਪੁਰ ਜ਼ਿਲ੍ਹੇ ਦੇ ਬਾਥ ਪਿੰਡ ਵਿਚ ਅਬਾਦ ਹੋ ਗਏ। ਛੋਟੇ ਭਰਾ ਬੀਰਥ ਦੀ ਮੌਤ ਤੋਂ ਬਾਅਦ ਵੱਡਾ ਭਰਾ ਨੀਰਥ ਆਪਣੇ ਸਹੁਰੇ ਦਵਾਰਕਾ ਵਿਖੇ ਜਾ ਕੇ ਰਹਿਣ ਲੱਗ ਪਿਆ। ਬੀਰਥ ਦੀ ਕੁ਼ਲ ਵਿੱਚੋਂ ਯਦੂ ਸੇਠ ਪੈਦਾ ਹੋਏ ਜੋ ਬਾਥ ਪਿੰਡ ਨੂੰ ਛੱਡ ਕੇ ਮਹਾਰਾਸ਼ਟਰ ਪ੍ਰਾਂਤ ਦੇ ਜ਼ਿਲ੍ਹਾ ਸਿਤਾਰਾ ਵਿਚ ਨਰਸੀ-ਬਾਮਨੀ ਆ ਕੇ ਵੱਸ ਗਏ। ਇੱਥੇ ਹੀ ਇਸ ਕੁ਼ਲ ਵਿਚ ਯਦੂ ਸੇਠ ਦੇ ਘਰ ਹਰੀ ਸੇਠ, ਹਰੀ ਸੇਠ ਦੇ ਘਰ ਗੋਪਾਲ ਸੇਠ, ਗੋਪਾਲ ਸੇਠ ਤੇ ਗੰਗਾ ਬਾਈ ਘਰ ਗੋਬਿੰਦ ਸੇਠ ਅਤੇ ਰਘੂ ਸੇਠ, ਗੋਬਿੰਦ ਸੇਠ ਤੇ ਰਾਮਾ ਬਾਈ ਦੇ ਘਰ ਨਰ ਹਰੀ ਸੇਠ ਅਤੇ ਜੀਵਾਜੀ ਸੇਠ, ਨਰ ਹਰੀ ਸੇਠ ਤੇ ਲਿੰਬਾ ਬਾਈ ਦੇ ਘਰ ਦਾਮ ਸੇਠ ਗਾਧਿਰਾ ਭਾਰਦਵਾਜ ਦਾ ਜਨਮ ਹੋਇਆ। ਦਾਮ ਸੇਠ ਦਾ ਵਿਆਹ ਗੋਨਾਬਾਈ ਨਾਲ ਹੋਇਆ।

ਮੱਧਕਾਲੀਨ ਸਮੇਂ ਵਿਚ ਮਹਾਰਾਸ਼ਟਰ ਵਿਚ ਵਾਰਕਰੀ ਸੰਪ੍ਰਦਾਇ ਦਾ ਅਰੰਭ ਹੋਇਆ। ਇਹ ਇਕ ਧਾਰਮਿਕ ਅੰਦੋਲਨ ਸੀ ਜਿਸ ਦਾ ਪ੍ਰਚਾਰ ਨਿਰੰਤਰ ਵਧਦਾ ਗਿਆ। ਇਸ ਦੇ ਸੰਸਥਾਪਕਾਂ ਵਿਚ ਗਿਆਨੇਸ਼ਵਰ ਜੀ ਦਾ ਨਾਂ ਵਿਸ਼ੇਸ਼ ਰੂਪ ਵਿਚ ਸ਼ਾਮਿਲ ਹੈ। ਇਨ੍ਹਾਂ ਨੇ 'ਗਿਆਨੇਸ਼ਵਰੀ' ਅਤੇ 'ਅੰਮ੍ਰਿਤਾਨੁਭਵ' ਜਿਹੀਆਂ ਮਹੱਤਵਪੂਰਨ ਰਚਨਾਵਾਂ ਦੁਆਰਾ ਆਪਣੇ ਸਿਧਾਂਤਾਂ ਨੂੰ ਵਿਸਥਾਰ ਰੂਪ ਦਿੱਤਾ। ਇਸ ਨਾਲ ਭਗਤੀਭਾਵਨਾ ਨੂੰ ਜਨ-ਸਾਧਾਰਣ ਵਿਚ ਪ੍ਰਚਾਰਿਆ ਗਿਆ। ਇਸ ਭਗਤੀ ਦਾ ਮੂਲ ਰੂਪ ਵੈਸ਼ਨਵ-ਭਗਤੀ ਵਾਲਾ ਹੈ, ਪਰ ਇਸ ਉੱਪਰ ਕਸ਼ਮੀਰੀ ਸ਼ੈਵ ਸੰਪ੍ਰਦਾਇ ਦਾ ਵਿਸ਼ੇਸ਼ ਪ੍ਰਭਾਵ ਪਿਆ, ਜਿਸ ਦੇ ਫਲਸਰੂਪ ਵਿਸ਼ਨੂੰ ਅਤੇ ਸ਼ਿਵ ਦੀ ਅਭੇਦਤਾ ਅਤੇ ਯੋਗਸਾਧਨਾ ਦੀਆਂ ਕੁਝ ਕੁ ਵਿਸ਼ੇਸ਼ਤਾਵਾਂ ਨੂੰ ਸਵੀਕਾਰ ਕੀਤਾ ਗਿਆ। ਮੂਲ ਰੂਪ ਵਿਚ ਵਾਰਕਰੀ ਸੰਪ੍ਰਦਾਇ ਵਾਲੇ ਨਿਰਗੁਣ ਅਤੇ ਨਿਰਾਕਾਰ ਪਰਮਾਤਮਾ ਦੀ ਅਦਵੈਤਵਾਦੀ ਭਾਵਨਾ ਅਨੁਸਾਰ ਭਗਤੀ ਕਰਦੇ ਹਨ, ਪਰ ਸਰਗੁਣ ਰੂਪ ਨੂੰ ਵੀ ਸਾਧਨ ਬਣਾਉਣੋਂ ਸੰਕੋਚ ਨਹੀਂ ਕਰਦੇ ਅਤੇ ਨਿਰੰਤਰ ਨਾਮ-ਸਿਮਰਨ ਕਰਦੇ ਹਨ। ਇਸ ਸੰਪ੍ਰਦਾਇ ਨਾਲ ਸੰਬੰਧ ਰੱਖਣ ਵਾਲੇ ਅਕਾਲ ਪੁਰਖ ਦੀ ਵਿਠੁਲ ਦੇ ਰੂਪ ਵਿਚ ਅਰਾਧਨਾ ਕਰਦੇ ਹਨ। ਪੰਡਰਪੁਰ ਦੇ ਮੰਦਰ ਵਿਚ ਵਿਠੁਲ ਦੀ ਜੋ ਮੂਰਤੀ ਸਥਾਪਿਤ ਹੈ, ਉਸ ਵਿਚ ਵਿਸ਼ਨੂੰ ਨੇ ਸ਼ਿਵਲਿੰਗ ਨੂੰ ਸੀਸ ਉੱਤੇ ਧਾਰਨ ਕੀਤਾ ਹੋਇਆ ਹੈ। ਇਸ ਤਰ੍ਹਾਂ ਵਿਠੁਲ ਸਰਵ-ਵਿਆਪੀ ਬ੍ਰਹਮ ਦੇ ਪ੍ਰਤੀਕ ਵਜੋਂ ਮਹਾਰਾਸ਼ਟਰ ਵਿਚ ਪੂਜਿਆ ਜਾਣ ਲੱਗਿਆ। ਇਸ ਸੰਪ੍ਰਦਾਇ ਵਿਚ ਜਾਤ-ਪਾਤ ਅਤੇ ਕਰਮ-ਕਾਂਡ ਨੂੰ ਕੋਈ ਥਾਂ ਨਹੀਂ ਦਿੱਤਾ ਜਾਂਦਾ। ਵਾਰਕਰੀ ਲੋਕ ਸਾਲ ਵਿਚ ਇਕ ਵਾਰ ਨਿਯਮਬੱਧੀ ਜਥੇ ਬਣਾ ਕੇ ਹਜ਼ਾਰਾਂ ਦੀ ਗਿਣਤੀ ਵਿਚ

ਪੰਡਰਪੁਰ ਦੀ ਯਾਤਰਾ 'ਤੇ ਜਾਂਦੇ ਸਨ। ਇਹ ਹੱਥਾਂ ਵਿਚ ਸਿਰਫ ਖੜਤਾਲਾਂ ਲੈ ਕੇ ਕੀਰਤਨ ਕਰਦੇ ਹੋਏ ਯਾਤਰਾ ਕਰਦੇ ਸਨ। ਵਾਰਕਰੀ ਲੋਕਾਂ ਨੇ ਇਸ ਥਾਂ 'ਤੇ ਬਿਨਾਂ ਕਿਸੇ ਭੇਦ-ਭਾਵ ਦੇ ਇਕੱਠੇ ਹੋ ਕੇ ਸਿਫਤ-ਸਲਾਹ ਕਰਨ ਲਈ ਇਹ ਰੀਤ ਤੋਰੀ ਸੀ। ਮੱਧਕਾਲੀਨ ਭਗਤੀ ਅੰਦੋਲਨ ਵਿਚ ਇਹ ਪਹਿਲੀ ਲਹਿਰ ਸੀ ਜਿਸ ਨੇ ਜਾਤ-ਪਾਤ ਤੇ ਕਰਮ-ਕਾਂਡ ਦਾ ਵਿਰੋਧ ਕੀਤਾ ਤੇ ਭਗਤੀ ਲਈ ਸੰਸਕ੍ਰਿਤ ਦੀ ਥਾਂ ਲੋਕ ਬੋਲੀ ਮਰਾਠੀ ਨੂੰ ਅਪਣਾਇਆ।

ਦਾਮ ਸੇਠ (ਦਾਮ ਸ਼ੇਟੀ) ਦਾ ਪਰਵਾਰ ਵਾਰਕਰੀ ਸੰਪ੍ਰਦਾਇ ਤੋਂ ਪ੍ਰਭਾਵਿਤ ਸੀ। ਇਹ ਕੱਪੜੇ ਵੇਚਣ ਦਾ ਧੰਦਾ ਕਰਦੇ ਸਨ। ਇਸੇ ਕਿਰਤੀ ਅਤੇ ਭਗਤੀ-ਭਾਵ ਵਾਲੇ ਪਰਵਾਰ ਵਿਚ ਮਾਤਾ ਗੋਨਾਬਾਈ ਦੇ ਘਰ ਭਗਤ ਨਾਮਦੇਵ ਜੀ ਦਾ ਜਨਮ ਹੋਇਆ। ਆਪ ਜੀ ਤੋਂ ਵੱਡੀ ਇਕ ਭੈਣ ਆਊਬਾਈ ਸੀ। ਭਗਤ ਨਾਮਦੇਵ ਜੀ ਦੀ ਜਨਮ ਤਿੱਥੀ ਬਾਰੇ ਅਲੱਗ-ਅਲੱਗ ਵਿਦਵਾਨਾਂ ਦੇ ਵਿਚਾਰ ਭਿੰਨ ਹਨ। ਡਾ. ਆਰ.ਜੀ. ਭੰਡਾਕਰ ਅਤੇ ਮਿ. ਮੈਕਾਲਿਫ ਦੀਆਂ ਦਿੱਤੀਆਂ ਤਿੱਥੀਆਂ ਨਾਲ ਜ਼ਿਆਦਾਤਰ ਵਿਦਵਾਨ ਸਹਿਮਤ ਹਨ। ਇਨ੍ਹਾਂ ਅਨੁਸਾਰ ਭਗਤ ਨਾਮਦੇਵ ਜੀ ਦਾ ਜਨਮ ੧੨੭੦ ਈ. ਵਿਚ ਹੋਇਆ ਸੀ। ਭਗਤ ਨਾਮਦੇਵ ਜੀ ਆਪਣੇ ਜਨਮ ਬਾਰੇ ਆਪਣੇ ਹੀ ਇਕ ਮਰਾਠੀ ਅਭੰਗ ਵਿਚ ਜ਼ਿਕਰ ਕਰਦੇ ਹਨ- "ਮਾਝੇ ਜਨਮ ਪੱਤਰ ਬਾਬਾ ਜੀ ਬ੍ਰਾਹਮਣੇ ਇਹਲੈਂ ਤਿਆਰੀ ਖੁਣ ਸਾਰੂ ਐਕਾ। ਅਧਕ ਬਿਆਣਵ ਗਣਿਤ ਅਨਰਾਸ਼ਤੇ ਉਸਰਵਤਾਂ ਆਦਿਤਯ ਰੋਹਣੀ ਸੀ। ਸੂਕਲ ਏਕਾਦਸ਼ੀ ਕਰਤਿਕੀ ਰਾਵਿ ਵਾਰੀ ਪ੍ਰਭਵ ਸੰਬਤਸਰ ਸ਼ਾਲਵਾਹਨ ਸ਼ਕ ਪ੍ਰਸਵਲੀ ਮਾਤਾ ਮਝ ਮਲੁ ਮੂਰਤੀ ਤਵਹਾਂ ਜਿਵ ਹੇਵਰ ਲਿਹਲੇਂ ਦੇਵੈ ਆਦਿ।" ਭਾਵ ਮੇਰੀ ਜਨਮ ਪੱਤਰੀ ਬਾਬਾ ਜੀ ਬ੍ਰਾਹਮਣ ਨੇ ਲਿਖੀ। ਉਸ ਦੀ ਸਾਰੀ ਨਿਸ਼ਾਨੀ ਸੁਣੋਂ। ਗਿਆਰਾਂ ਸੌ ਬਾਨਵੇਂ ਸੰਮਤ ਸ਼ਾਲਵਾਹਨ ਸ਼ਾਕਾ ਦੇ ਰੋਹਣੀ ਨਕਸ਼ਤ੍ਰ ਵਿਚ ਸੂਰਜ ਉਦੈ ਹੋਣ ਸਮੇਂ ਕੱਤਕ ਦੀ ਸ਼ੁਕਲ ਏਕਾਦਸ਼ੀ ਮੁਤਾਬਿਕ ੨੯ ਅਕਤੂਬਰ, ੧੨੭੦ ਈ. ਨੂੰ ਹੋਇਆ।

ਪੰਜ ਸਾਲ ਦੀ ਉਮਰ ਵਿਚ ਆਪ ਜੀ ਨੂੰ ਪਾਠਸ਼ਾਲਾ ਵਿਚ ਅੱਖਰਾਂ ਦਾ ਗਿਆਨ ਪ੍ਰਾਪਤ ਕਰਨ ਲਈ ਭੇਜਿਆ ਗਿਆ। ਭਗਤ ਨਾਮਦੇਵ ਜੀ ਬਚਪਨ ਵਿਚ ਹੀ ਆਪਣੇ ਪਿਤਾ ਜੀ ਨਾਲ ਰਲ ਕੇ ਹਰਿ-ਜਸ ਗਾਇਨ ਕਰਦੇ। ਸਿੱਖ ਪੰਥ ਦੇ ਪ੍ਰਸਿੱਧ ਵਿਦਵਾਨ ਭਾਈ ਗੁਰਦਾਸ ਜੀ ਆਪਣੀ ਦਸਵੀਂ ਵਾਰ ਦੀ ਗਿਆਰ੍ਹਵੀਂ ਪਉੜੀ ਵਿਚ ਭਗਤ ਨਾਮਦੇਵ ਜੀ ਦੇ ਜੀਵਨ ਬਾਰੇ ਬਹੁਤ ਸੁੰਦਰ ਬਿਆਨ ਕਰਦੇ ਹਨ:

*ਕੰਮ ਕਿਤੈ ਪਿਉ ਚਲਿਆ ਨਾਮਦੇਉ ਨੋ ਆਖਿ ਸਿਧਾਇਆ।*
*ਠਾਕੁਰ ਦੀ ਸੇਵਾ ਕਰੀ ਦੁਧੁ ਪੀਆਵਣੁ ਕਹਿ ਸਮਝਾਇਆ।*
*ਨਾਮਦੇਉ ਇਸਨਾਨੁ ਕਰਿ ਕਪਲ ਗਾਇ ਦੁਹਿ ਕੈ ਲੈ ਆਇਆ।*
*ਠਾਕੁਰ ਨੋ ਨ੍ਹਾਵਾਲਿ ਕੈ ਚਰਣੋਦਕੁ ਲੈ ਤਿਲਕੁ ਚੜ੍ਹਾਇਆ।*

*ਹਥਿ ਜੋੜਿ ਬਿਨਤੀ ਕਰੈ ਦੁਧੁ ਪੀਅਹੁ ਜੀ ਗੋਬਿੰਦ ਰਾਇਆ।*
*ਨਿਹਚਉ ਕਰਿ ਆਰਾਧਿਆ ਹੋਇ ਦਇਆਲੁ ਦਰਸੁ ਦਿਖਲਾਇਆ।*
*ਭਰੀ ਕਟੋਰੀ ਨਾਮਦੇਵਿ ਲੈ ਠਾਕੁਰ ਨੋ ਦੁਧੁ ਪੀਆਇਆ।*
*ਗਾਇ ਮੁਈ ਜੀਵਾਲਿਓਨੁ ਨਾਮਦੇਵ ਦਾ ਛਪਰੁ ਛਾਇਆ।*
*ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ।*
*ਭਗਤ ਜਨਾ ਦਾ ਕਰੇ ਕਰਾਇਆ॥*

ਅੱਠ ਸਾਲ ਦੀ ਉਮਰ ਵਿਚ ਆਪ ਜੀ ਦਾ ਵਿਆਹ ਗੋਵਿੰਦ ਸ਼ੇਟੀ ਜੀ ਦੀ ਸਪੁੱਤਰੀ ਰਾਜਬਾਈ ਜੀ ਨਾਲ ਹੋਇਆ। ਆਪ ਜੀ ਦੇ ਘਰ ਚਾਰ ਪੁੱਤਰਾਂ-ਨਾਰਾਇਣ ਜੀ, ਮਹਾਦੇਵ ਜੀ, ਗੋਵਿੰਦ ਜੀ, ਵਿੱਠਲ ਜੀ ਅਤੇ ਇਕ ਪੁੱਤਰੀ ਲਿੰਬਾ ਬਾਈ ਜੀ ਨੇ ਜਨਮ ਲਿਆ।

ਭਗਤ ਨਾਮਦੇਵ ਜੀ ਦੇ ਪਿਤਾ ਜੀ ਚਾਹੁੰਦੇ ਸਨ ਕਿ ਉਨ੍ਹਾਂ ਦਾ ਪੁੱਤਰ ਕੁਲ਼ਪਰੰਪਰਾ ਅਨੁਸਾਰ ਕਿੱਤਾ ਅਪਣਾ ਲਵੇ ਪਰ ਭਗਤ ਜੀ ਦਾ ਇਸ ਵੱਲ ਕੋਈ ਧਿਆਨ ਨਹੀਂ ਸੀ। ਪਿਤਾ ਜੀ ਨੇ ਆਪ ਦੀ ਰੁਚੀ ਇਸ ਕੰਮ ਵਿਚ ਨਾ ਹੋਣ ਦਾ ਅੰਦਾਜ਼ਾ ਲਗਾ ਕੇ ਆਪ ਜੀ ਨੂੰ ਵਣਜ-ਵਪਾਰ ਕਰਨ ਲਈ ਕਿਹਾ ਪਰ ਇਸ ਵਿਚ ਵੀ ਆਪ ਜੀ ਦਾ ਮਨ ਨਾ ਲੱਗਾ। ਆਪ ਜੀ ਦਾ ਮਨ ਸਦਾ ਹੀ ਸੰਤਾਂ-ਭਗਤਾਂ ਦੀ ਸੰਗਤ ਮਾਣਨ ਵੱਲ ਰੁਚਿਤ ਰਹਿੰਦਾ ਸੀ।

ਭਗਤ ਨਾਮਦੇਵ ਜੀ ਆਪਣੇ ਸਾਥੀ ਗਿਆਨੇਸ਼ਵਰ, ਸੋਪਾਨਦੇਵ, ਨਵ੍ਰਿਤੀ ਨਾਥ ਅਤੇ ਮੁਕਤਾ ਬਾਈ ਆਦਿ ਦੀ ਸੰਤ ਮੰਡਲੀ ਨਾਲ ਤੀਰਥ ਯਾਤਰਾ 'ਤੇ ਨਿਕਲ ਪਏ। ਇਹ ਮੰਡਲੀ ਆਰਣਭੋਂਡੀ ਪਿੰਡ ਤੋਂ ਸਾਂਵਤਾ ਮਾਲੀ ਨੂੰ ਨਾਲ ਲੈ ਕੇ ਲਊੜ ਪਿੰਡ ਪਹੁੰਚ ਕੇ ਕੂਰਮਦਾਸ ਜੀ ਨੂੰ ਮਿਲੀ। ਕਪਿਲ ਤੀਰਥ ਹੁੰਦੀ ਹੋਈ ਇਹ ਔਂਡੀਆ ਨਾਗਨਾਥ ਦੇ ਮੰਦਰ ਦੇ ਜੰਗਲ ਵਿਚ ਸੰਤ ਹਰੀਪਾਲ ਜੀ ਪਾਸ ਪੁੱਜ ਗਈ। ਇੱਥੋਂ ਤੁਰ ਕੇ ਇਹ ਮੰਡਲੀ ਪੈਂਡਨ ਪਿੰਡ ਵਿੱਚੋਂ ਸੰਤ ਭਾਨਦਾਸ ਜੀ ਨੂੰ ਨਾਲ ਲੈ ਕੇ ਵੇਰੂਲ, ਘ੍ਰਿਸ਼ਨੇਸ਼ਵਰ, ਕਚੇਸ਼ਵਰ, ਸ਼ੁਕਲੇਸ਼ਵਰ, ਪੰਚਵਟੀ, ਦਵਾਰਕਾ ਹੁੰਦੀ ਹੋਈ ਜੂਨਾਗੜ੍ਹ ਪਹੁੰਚ ਗਈ। ਜੂਨਾਗੜ੍ਹ ਤੋਂ ਇਹ ਪ੍ਰਯਾਗ, ਭਾਰਦਵਾਜ ਆਸ਼ਰਮ ਨੂੰ ਦੇਖਦੇ ਹੋਏ ਅਯੁੱਧਿਆ ਪਹੁੰਚ ਗਈ। ਇੱਥੋਂ ਚਿਤਰਕੂਟ ਤੋਂ ਕਾਂਸ਼ੀ ਪਹੁੰਚ ਗਈ ਅਤੇ ਮੁਦਗਲਾਚਾਰੀਆ ਦਾ ਯੱਗ ਸੰਪੂਰਨ ਕੀਤਾ। ਇਹ ਮੰਡਲੀ ਯਾਤਰਾ ਕਰਦੀ ਹੋਈ ਅੱਗੇ ਬੀਕਾਨੇਰ ਦੇ ਨੇੜੇ ਕੋਲਡ ਪਿੰਡ ਪਹੁੰਚ ਗਈ। ਇੱਥੋਂ ਉਜੈਨ ਗਏ ਜਿੱਥੇ ਗਿਆਨੇਸ਼ਵਰ ਜੀ ਦਾ ਉਮੰਗਲ ਜੋਤਸ਼ੀ ਨਾਲ ਮਿਲਾਪ ਹੋਇਆ। ਇੱਥੋਂ ਅੱਗੇ ਇਹ ਕਰਹਾੜ ਸ਼ਹਿਰ ਪਹੁੰਚ ਗਏ ਜਿੱਥੇ ਇਨ੍ਹਾਂ ਦਾ ਮਿਲਾਪ ਰਾਣੀ ਸੀਤਾ ਦੇਵੀ ਨਾਲ ਹੋਇਆ। ਇੱਥੋਂ ਇਨ੍ਹਾਂ ਨੇ ਦੱਖਣ ਦੀ ਯਾਤਰਾ ਅਰੰਭ ਕੀਤੀ ਅਤੇ ਘਰਪ੍ਰਭਾ, ਰਿਸ਼ਯਮੂਕ ਪਰਬਤ, ਕਸ਼ਕਿੰਧਾ ਨਗਰੀ, ਤੁੰਗ ਭਦਰਾ, ਕਾਰਤਕ

ਸਵਾਮੀ, ਵਿਅੰਕਟ ਗਿਰੀ, ਪਰਸਾਦੀ ਆਦਿ ਦੀ ਮੰਡਲੀ ਰਾਮੇਸ਼ਵਰ ਪਹੁੰਚ ਗਈ। ਰਾਮੇਸ਼ਵਰ ਤੋਂ ਤਾਮਰ ਪਰਣਾ, ਵਿਰਾਟ ਨਗਰੀ ਤੇ ਦੇਹੂ ਤੋਂ ਇਹ ਪੰਡਰਪੁਰ ਵਾਪਸ ਆ ਗਏ।

ਭਗਤ ਨਾਮਦੇਵ ਜੀ ਨੂੰ ਮਹਾਰਾਸ਼ਟਰ ਦੇ ਨਾਮੀ ਭਗਤ ਗੋਗ ਘੁਮਿਆਰ ਜੀ ਨੇ ਗੁਰੂ ਧਾਰਨ ਕਰਨ ਲਈ ਪ੍ਰੇਰਿਆ। ਭਗਤ ਨਾਮਦੇਵ ਜੀ ਨੇ ਸੰਤ ਗਿਆਨਸ਼ੇਵਰ ਜੀ ਤੋਂ ਗੁਰ-ਦੀਖਿਆ ਲੈਣ ਦਾ ਮਨ ਬਣਾ ਲਿਆ। ਪਰੰਤੂ ਆਪ ਜੀ ਦੇ ਉਨ੍ਹਾਂ ਪਾਸ ਪਹੁੰਚਣ ਤੋਂ ਪਹਿਲਾਂ ਹੀ ਉਹ ਆਪਣੇ ਦੋਵੇਂ ਭਰਾਵਾਂ ਅਤੇ ਭੈਣ ਮੁਕਤਾ ਬਾਈ ਸਮੇਤ ਅੰਤਮ ਸਮਾਧੀ ਲੈ ਚੁੱਕੇ ਸਨ। ਭਗਤ ਨਾਮਦੇਵ ਜੀ ਨੇ ਉਨ੍ਹਾਂ ਦੇ ਸਾਥੀ ਵਿਸੋਭਾ ਖੇਚਰ ਜੀ ਤੋਂ ਗੁਰੂ-ਦੀਖਿਆ ਪ੍ਰਾਪਤ ਕੀਤੀ ਅਤੇ ਅਧਿਆਤਮਿਕ ਗਿਆਨ ਪ੍ਰਾਪਤ ਕਰਨਾ ਸ਼ੁਰੂ ਕਰ ਦਿੱਤਾ।

ਭਗਤ ਨਾਮਦੇਵ ਜੀ ਨੇ ਅਖੌਤੀ ਪਾਂਡਿਆਂ ਦੀ ਪਾਖੰਡ ਵਾਲੀ ਮੂਰਤੀ ਪੂਜਾ ਦਾ ਵਿਰੋਧ ਕਰਦਿਆਂ ਹਰੀ ਕੀਰਤਨ ਅਤੇ ਨਾਮ-ਸਿਮਰਨ ਨੂੰ ਉੱਤਮ ਸਥਾਨ ਦਿੱਤਾ।

*ਏਕੈ ਪਾਥਰ ਕੀਜੈ ਭਾਉ॥ ਦੂਜੈ ਪਾਥਰ ਧਰੀਐ ਪਾਉ॥*
*ਜੇ ਓਹੁ ਦੇਉ ਤ ਓਹੁ ਭੀ ਦੇਵਾ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੫)*

ਇਕ ਦਿਨ ਆਪ ਮੌਜ ਵਿਚ ਆ ਕੇ ਮੰਦਰ ਵਿਚ ਚਲੇ ਗਏ। ਈਰਖਾਲੂ ਜਾਤ ਅਭਿਮਾਨੀਆਂ ਨੂੰ ਭਗਤ ਨਾਮਦੇਵ ਜੀ ਦਾ ਪਰਮਾਤਮਾ ਦੀ ਭਗਤੀ ਕਰਨਾ ਬਰਦਾਸ਼ਤ ਨਹੀਂ ਸੀ ਹੋ ਰਿਹਾ। ਉਨ੍ਹਾਂ ਨੇ ਨਾਮ-ਸਿਮਰਨ ਕਰ ਰਹੇ ਭਗਤ ਜੀ ਨੂੰ ਮੰਦਰ 'ਚੋਂ ਬਾਹਰ ਕੱਢ ਦਿੱਤਾ। ਇਸ ਗੱਲ ਦਾ ਉਨ੍ਹਾਂ ਨੂੰ ਬੜਾ ਦੁੱਖ ਹੋਇਆ ਕਿ ਜਦੋਂ ਰੱਬ ਸਭ ਦਾ ਸਾਂਝਾ ਹੈ ਤਾਂ ਕੋਈ ਛੋਟਾ ਜਾਂ ਵੱਡਾ ਕਿਵੇਂ ਹੋ ਸਕਦਾ ਹੈ? ਇਸ ਦਾ ਜ਼ਿਕਰ ਬਾਣੀ ਵਿਚ ਕਰਦੇ ਹੋਏ ਉਹ ਅਕਾਲ ਪੁਰਖ ਅੱਗੇ ਵੀ ਬੇਨਤੀ ਕਰਦੇ ਹਨ:

*ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ॥*
*ਤੂ ਨ ਬਿਸਾਰੇ ਰਾਮਈਆ॥੧॥ ਰਹਾਉ॥*
*ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ॥*
*ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੨)*

ਇਸ ਬਾਰੇ ਭਗਤ ਨਾਮਦੇਵ ਜੀ ਗੁਰਬਾਣੀ ਵਿਚ ਜ਼ਿਕਰ ਕਰਦੇ ਹਨ:

*ਹਸਤ ਖੇਲਤ ਤੇਰੇ ਦੇਹੁਰੇ ਆਇਆ॥ ਭਗਤਿ ਕਰਤ ਨਾਮਾ ਪਕਰਿ ਉਠਾਇਆ॥*

ਅਖੌਤੀ ਹੰਕਾਰੀ ਪਾਂਡਿਆਂ ਨੇ ਬਾਦਸ਼ਾਹ ਮੁਹੰਮਦ-ਬਿਨ-ਤੁਗਲਕ ਪਾਸ ਜਾ ਭਗਤ ਨਾਮਦੇਵ ਜੀ ਦੀ ਸ਼ਿਕਾਇਤ ਕੀਤੀ। ਬਾਦਸ਼ਾਹ ਨੇ ਭਗਤ ਨਾਮਦੇਵ ਜੀ ਨੂੰ ਬੰਨ੍ਹ ਕੇ ਲਿਆਉਣ ਦਾ ਹੁਕਮ ਚਾੜ੍ਹ ਦਿੱਤਾ। ਉਨ੍ਹਾਂ ਦਿਨਾਂ ਵਿਚ ਜਬਰਦਸਤੀ ਧਰਮ

ਪਰਿਵਰਤਨ ਕਰਵਾਉਣ ਦੀ ਗਲਤ ਰਵਾਇਤ ਚਾਲੂ ਸੀ। ਬਾਦਸ਼ਾਹ ਮੁਹੰਮਦ-ਬਿਨ-ਤੁਗਲਕ ਨੇ ਭਗਤ ਨਾਮਦੇਵ ਜੀ ਨੂੰ ਧਰਮ ਪਰਿਵਰਤਨ ਕਰਨ ਲਈ ਮਜ਼ਬੂਰ ਕੀਤਾ। ਬਾਦਸ਼ਾਹ ਨੇ ਭਗਤ ਨਾਮਦੇਵ ਜੀ ਨੂੰ ਕਿਹਾ ਕਿ ਮੈਂ ਤੇਰੇ ਪਰਮਾਤਮਾ ਦੀ ਸ਼ਕਤੀ ਨੂੰ ਦੇਖਣਾ ਚਾਹੁੰਦਾ ਹਾਂ ਇਸ ਲਈ ਮਰੀ ਹੋਈ ਗਾਂ ਨੂੰ ਜਿਊਂਦਾ ਕਰੋ। ਜੇਕਰ ਤੁਸੀਂ ਇਹ ਨਾ ਕਰ ਸਕੇ ਤਾਂ ਮੌਤ ਦੇ ਘਾਟ ਉਤਾਰ ਦਿੱਤੇ ਜਾਓਗੇ। ਭਗਤ ਨਾਮਦੇਵ ਜੀ ਨੇ ਬਾਦਸ਼ਾਹ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਜੋ ਕੁਝ ਵੀ ਹੁੰਦਾ ਹੈ ਪਰਮਾਤਮਾ ਦੀ ਮਰਜ਼ੀ ਅਨੁਸਾਰ ਹੀ ਹੁੰਦਾ ਹੈ। ਗੁਰਬਾਣੀ ਅੰਦਰ ਇਸ ਘਟਨਾ ਦਾ ਜ਼ਿਕਰ ਹੈ:

*ਬਿਸਮਿਲਿ ਗਊ ਦੇਹੁ ਜੀਵਾਇ॥ ਨਾਤਰੁ ਗਰਦਨਿ ਮਾਰਉ ਠਾਂਇ॥*
*ਬਾਦਿਸਾਹ ਐਸੀ ਕਿਉ ਹੋਇ॥ ਬਿਸਮਿਲਿ ਕੀਆ ਨ ਜੀਵੈ ਕੋਇ॥*
*ਮੇਰਾ ਕੀਆ ਕਛੂ ਨ ਹੋਇ॥ ਕਰਿ ਹੈ ਰਾਮੁ ਹੋਇ ਹੈ ਸੋਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੫)*

ਗੁੱਸੇ ਵਿਚ ਆ ਕੇ ਬਾਦਸ਼ਾਹ ਨੇ ਭਗਤ ਜੀ 'ਤੇ ਹਾਥੀ ਚੜ੍ਹਾਉਣ ਦਾ ਹੁਕਮ ਦੇ ਦਿੱਤਾ। ਇਤਿਹਾਸਿਕ ਸੱਚ ਹੈ ਕਿ ਉਨ੍ਹਾਂ ਦਿਨਾਂ ਵਿਚ ਭਾਰਤ ਦੇ ਸੁਲਤਾਨ ਹਾਥੀਆਂ ਨੂੰ ਸ਼ਰਾਬ ਪਿਲਾ ਕੇ ਉਨ੍ਹਾਂ ਦੀ ਸੁੰਡ 'ਤੇ ਲੋਹੇ ਦਾ ਖੋਲ ਚੜ੍ਹਾ ਦਿੰਦੇ ਸਨ, ਜਿਸ ਦੀ ਚੋਟ ਨਾਲ ਦੋਸ਼ੀ ਨੂੰ ਮਾਰਿਆ ਜਾਂਦਾ ਸੀ ਅਤੇ ਹਾਥੀ ਦੇ ਪੈਰਾਂ ਥੱਲੇ ਲਿਤਾੜਿਆ ਜਾਂਦਾ ਸੀ। ਭਗਤ ਨਾਮਦੇਵ ਜੀ ਦੇ ਸਕੇ-ਸਨਬੰਧੀਆਂ ਨੇ ਭਗਤ ਜੀ 'ਤੇ ਬਹੁਤ ਜ਼ੋਰ ਪਾਇਆ ਕਿ ਉਹ ਬਾਦਸ਼ਾਹ ਦੀ ਇੱਛਾ ਅਨੁਸਾਰ "ਰਾਮ ਰਾਮ" ਕਹਿਣਾ ਛੱਡ ਕੇ "ਖੁਦ੍ਹਾ ਖੁਦ੍ਹਾ" ਕਹਿਣ ਲੱਗ ਜਾਵੇ ਪਰੰਤੂ ਭਗਤ ਜੀ ਨੇ ਇਸ ਧੱਕੇਸ਼ਾਹੀ ਅੱਗੇ ਝੁਕਣ ਤੋਂ ਨਾਂਹ ਕਰ ਦਿੱਤੀ। ਬਾਦਸ਼ਾਹ ਨੇ ਗੁੱਸੇ ਵਿਚ ਆ ਕੇ ਕਿਹਾ ਕਿ ਵੱਡੇ-ਵੱਡੇ ਮੁੱਲ੍ਹਾਂ, ਕਾਜ਼ੀ ਸਭ ਮੇਰਾ ਹੁਕਮ ਮੰਨਦੇ ਹਨ ਤੇ ਤੂੰ ਹਿੰਦੂ ਹੋ ਕੇ ਵੀ ਮੇਰਾ ਕਹਿਣਾ ਨਹੀਂ ਮੰਨ ਰਿਹਾ। ਇਲਾਕੇ ਦੇ ਹਿੰਦੂਆਂ ਨੇ ਇਕੱਠੇ ਹੋ ਕੇ ਬਾਦਸ਼ਾਹ ਨੂੰ ਮੂੰਹ ਮੰਗੀ ਧਨ-ਦੌਲਤ ਦੇਣ ਦੀ ਪੇਸ਼ਕਸ਼ ਵੀ ਕੀਤੀ ਤਾਂ ਕਿ ਉਹ ਭਗਤ ਨਾਮਦੇਵ ਜੀ ਨੂੰ ਛੱਡ ਦੇਵੇ। ਬਾਦਸ਼ਾਹ ਨੇ ਕਿਸੇ ਦੀ ਨਹੀਂ ਸੁਣੀ ਸਗੋਂ ਉਸ ਨੇ ਭਗਤ ਜੀ ਦੇ ਪੈਰਾਂ ਵਿਚ ਬੇੜੀਆਂ ਪਾ ਕੇ ਜਕੜ ਦਿੱਤਾ। ਭਗਤ ਨਾਮਦੇਵ ਜੀ ਇਸ ਹਾਲਤ ਵਿਚ ਵੀ ਪਰਮਾਤਮਾ ਦੀ ਭਗਤੀ ਵਿਚ ਲੀਨ ਰਹੇ। ਇਸ ਘਟਨਾ ਦਾ ਜ਼ਿਕਰ ਭਗਤ ਨਾਮਦੇਵ ਜੀ ਗੁਰਬਾਣੀ ਵਿਚ ਕਰਦੇ ਹਨ:

*ਸੁਲਤਾਨੁ ਪੂਛੈ ਸੁਨੁ ਬੇ ਨਾਮਾ॥ ਦੇਖਉ ਰਾਮ ਤੁਮ੍ਹਾਰੇ ਕਾਮਾ॥...*
*ਬਿਸਮਿਲ ਗਊ ਦੇਹੁ ਜੀਵਾਇ॥ ਨਾਤਰੁ ਗਰਦਨਿ ਮਾਰਉ ਠਾਂਇ॥....*
*ਬਾਦਿਸਾਹੁ ਚੜ੍ਹਿਓ ਅਹੰਕਾਰਿ॥ ਗਜ ਹਸਤੀ ਦੀਨੋ ਚਮਕਾਰਿ॥*
*ਰੁਦਨੁ ਕਰੈ ਨਾਮੇ ਕੀ ਮਾਇ॥ ਛੋਡਿ ਰਾਮੁ ਕੀ ਨ ਭਜਹਿ ਖੁਦਾਇ॥....*

*ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਈ॥ ਪਿੰਡੁ ਪੜੈ ਤਉ ਹਰਿ ਗੁਨ ਗਾਇ॥*
*ਕਰੈ ਗਜਿੰਦੁ ਸੁੰਡ ਕੀ ਚੋਟ॥ ਨਾਮਾ ਉਬਰੈ ਹਰਿ ਕੀ ਓਟ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੫)*

ਭਗਤ ਨਾਮਦੇਵ ਜੀ ਦੀ ਭਾਵਧਾਰਾ ਨਿਰੰਤਰ ਪ੍ਰਵਾਹਮਾਨ ਰਹੀ, ਕਿਤੇ ਵੀ ਖੜੋਤ ਨਹੀਂ ਵੇਖੀ ਜਾ ਸਕਦੀ। ਇਸੇ ਬਾਣੀ ਨੂੰ ਬਾਅਦ ਵਿਚ ਆਪਣੀਆਂ ਪ੍ਰਚਾਰ ਫੇਰੀਆਂ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕੱਤਰ ਕੀਤਾ ਅਤੇ ਸਤਿਕਾਰ ਸਹਿਤ ਸੰਭਾਲ ਕੀਤੀ।

ਨਾਮ ਬਾਣੀ ਦਾ ਪ੍ਰਚਾਰ ਕਰਦੇ ਭਗਤ ਨਾਮਦੇਵ ਜੀ ਮਹਾਰਾਸ਼ਟਰ ਤੋਂ ਪੰਜਾਬ ਵੱਲ ਆ ਗਏ। ਪੰਜਾਬ ਵਿਚ ਸਭ ਤੋਂ ਪਹਿਲਾਂ ਉਹ ਲਾਹੌਰ ਆਏ ਅਤੇ ਫੇਰ ਭੂਤਵਿੰਡ। ਇੱਥੋਂ ਦੀ ਵਿਧਵਾ ਇਸਤਰੀ ਮਾਈ ਅੜੋਲੀ ਜੀ ਨੇ ਆਪਣਾ ਪੁੱਤਰ ਭਗਤ ਨਾਮਦੇਵ ਜੀ ਦੀ ਸੇਵਾ ਵਿਚ ਅਰਪਣ ਕਰ ਦਿੱਤਾ ਜੋ ਬਾਅਦ ਵਿਚ ਬੋਹੜ ਦਾਸ ਦੇ ਨਾਮ ਨਾਲ ਪ੍ਰਸਿੱਧ ਹੋਇਆ। ਬੋਹੜ ਦਾਸ ਦੇ ਨਾਂ ’ਤੇ ਹੀ ਇਸ ਪਿੰਡ ਦਾ ਨਾਮ ਵੀ ਬੋਹੜੂ ਪੈ ਗਿਆ। ਇਸ ਪਿੰਡ ਤੋਂ ਚੱਲ ਕੇ ਭਗਤ ਨਾਮਦੇਵ ਜੀ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਮਰੜੀ ਕਲਾਂ ਵਿਖੇ ਪਧਾਰੇ। ਇੱਥੇ ਆਪ ਜੀ ਦੀ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇੱਥੋਂ ਚੱਲ ਕੇ ਆਪ ਭੱਟੀਵਾਲ ਪਹੁੰਚੇ ਅਤੇ ਲੋਕਾਂ ਨੂੰ ਇਕ ਅਕਾਲ ਪੁਰਖ ਦੀ ਅਰਾਧਨਾ ਕਰਨ ਦਾ ਸੰਦੇਸ਼ ਦਿੱਤਾ ਅਤੇ ਕਈ ਦੁਨਿਆਵੀ ਔਕੜਾਂ ਵੀ ਦੂਰ ਕੀਤੀਆਂ। ਇੱਥੇ ਪਾਣੀ ਦੀ ਥੁੜ ਨੂੰ ਦੇਖਦੇ ਹੋਏ ਇਕ ਤਾਲ ਅਤੇ ਇਕ ਖੂਹ ਦੀ ਉਸਾਰੀ ਕਰਵਾਈ ਜੋ ਆਪ ਜੀ ਦੇ ਨਾਮ ’ਤੇ ‘ਨਾਮੇਆਣਾ’ ਨਾਮ ਨਾਲ ਪ੍ਰਸਿੱਧ ਹੈ। ਇੱਥੇ ਸਰੋਵਰ ਦੇ ਕੰਢੇ ਦਰੱਖਤਾਂ ਦੀ ਝਿੜੀ ਵਿਚ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੈ। ਇੱਥੋਂ ਦਾ ਵਸਨੀਕ ਜੱਲੋ ਤਰਖਾਣ ਨਾਂ ਦਾ ਵਿਅਕਤੀ ਆਪ ਜੀ ਦਾ ਸ਼ਰਧਾਲੂ ਬਣਿਆ। ਇਸ ਨੂੰ ਭਗਤ ਜੀ ਨੇ ਧਰਮ ਪ੍ਰਚਾਰ ਲਈ ਧਾਲੀਵਾਲ ਜਾਣ ਲਈ ਭੇਜਿਆ ਅਤੇ ਇਹ ਉੱਥੇ ਹੀ ਅਬਾਦ ਹੋ ਗਿਆ। ਇੱਥੋਂ ਦਾ ਹੀ ਇਕ ਕਿਰਤੀ ਖੱਤਰੀ ਭਾਈ ਲੱਧਾ ਭਗਤ ਜੀ ਦੇ ਹੁਕਮ ਅਨੁਸਾਰ ਸੁਖੋਵਾਲ ਜਾ ਕੇ ਹੱਟੀ ਪਾ ਕੇ ਕਿਰਤ ਕਰਦਾ ਹੋਇਆ ਧਰਮ ਦਾ ਪ੍ਰਚਾਰ ਕਰਨ ਲੱਗਾ। ਸੁਖੋਵਾਲ ਵਿਖੇ ਇਸ ਨੇ ਭਗਤ ਜੀ ਦੀ ਯਾਦਗਾਰ ਵੀ ਕਾਇਮ ਕੀਤੀ। ਭੱਟੀਵਾਲ ਤੋਂ ਭਗਤ ਨਾਮਦੇਵ ਜੀ ਜੰਗਲ ਵਿਚ ਬਿਰਾਜੇ ਜਿੱਥੇ ਆਪ ਜੀ ਦੀ ਯਾਦ ਵਿਚ ਤਪਿਆਣਾ ਸਾਹਿਬ ਸੁਸ਼ੋਭਿਤ ਹੈ। ਇੱਥੇ ਹੀ ਭਗਤ ਨਾਮਦੇਵ ਜੀ ਨੇ ਆਪਣੇ ਸ਼ਰਧਾਲੂਆਂ ਨੂੰ ਪਿੰਡ ਅਬਾਦ ਕਰਨ ਦਾ ਆਦੇਸ਼ ਦਿੱਤਾ। ਇਸ ਤਰ੍ਹਾਂ ਜੋ ਪਿੰਡ ਅਬਾਦ ਹੋਇਆ, ਉਸ ਨੂੰ ਘੁਮਾਣ ਕਿਹਾ ਜਾਣ ਲੱਗਾ। ਇੱਥੇ ਭਗਤ ਜੀ ਨੇ ਇਕ ਤਲਾਬ ਅਤੇ ਖੂਹ ਖੁਦਵਾਇਆ। ਇਹ ਧਰਤੀ ਮਾੜੀ ਭੁੱਚੋ ਦੇ ਜ਼ਿੰਮੀਦਾਰ ਅਖਤਰ ਅਲੀ ਦੀ ਸੀ। ਉਹ ਨਵੇਂ ਅਬਾਦ ਹੋਏ ਲੋਕਾਂ ਨੂੰ ਤੰਗ-ਪ੍ਰੇਸ਼ਾਨ ਕਰਨ ਲੱਗ

ਪਿਆ। ਭਗਤ ਜੀ ਨੇ ਉਸ ਦੇ ਅੱਤਿਆਚਾਰ ਦਾ ਡੱਟ ਕੇ ਮੁਕਾਬਲਾ ਕਰਨ ਲਈ ਕਿਹਾ। ਜੰਗ ਹੋਈ ਜਿਸ ਵਿਚ ਚੌਧਰੀ ਸਾਲੋਂ ਦਾ ਪੁੱਤਰ ਬੜੀ ਬਹਾਦਰੀ ਨਾਲ ਲੜਦਾ ਹੋਇਆ ਸ਼ਹੀਦੀ ਪਾ ਗਿਆ ਪਰ ਪਿੰਡ ਵਾਸੀਆਂ ਨੂੰ ਉਨ੍ਹਾਂ ਦਾ ਹੱਕ ਦਿਵਾ ਗਿਆ। ਇਸ ਪਿੰਡ ਵਿਚ ਭਗਤ ਨਾਮਦੇਵ ਜੀ ੧੮ ਸਾਲ ਦੇ ਲੱਗਭਗ ਟਿਕੇ ਰਹੇ। ਪੰਜਾਬ ਦੀਆਂ ਪ੍ਰਸਥਿਤੀਆਂ ਤੋਂ ਪ੍ਰਭਾਵਿਤ ਹੋ ਕੇ ਭਗਤ ਨਾਮਦੇਵ ਜੀ ਨਿਰਗੁਣ ਵਿਚਾਰਧਾਰਾ ਵੱਲ ਹੁੰਦੇ ਗਏ। ਇਸ ਤਰ੍ਹਾਂ ਉਨ੍ਹਾਂ ਦੀ ਅਧਿਆਤਮਿਕ ਰੁਚੀ ਵਿਚ ਵਿਕਾਸ ਹੁੰਦਾ ਗਿਆ। ਫਲਸਰੂਪ ਮਰਾਠੀ ਭਾਸ਼ਾ ਵਿਚ ਲਿਖੇ ਉਨ੍ਹਾਂ ਦੇ ਅਭੰਗਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਸ਼ਬਦਾਂ ਵਿਚ ਭਾਵਾਤਮਿਕ ਅੰਤਰ ਪੈਦਾ ਹੋ ਗਿਆ। ਅਭੰਗ ਅਧਿਕਤਰ ਸਾਕਾਰ ਵਿਠੁਲ ਦੀ ਉਪਾਸਨਾ ਤੋਂ ਅਨੁਪ੍ਰਾਣਿਤ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਸ਼ਬਦ ਨਿਰਗੁਣ ਨਿਰਾਕਾਰ ਵਿਠੁਲ ਦੀ ਉਪਾਸਨਾ ਨੂੰ ਵਿਕਸਿਤ ਕਰਦੇ ਹਨ।

ਭਗਤ ਨਾਮਦੇਵ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੬੧ ਸ਼ਬਦ ੧੮ ਰਾਗਾਂ ਵਿਚ ਦਰਜ ਹਨ। ਇਸ ਬਾਰੇ ਧਾਰਨਾ ਹੈ ਕਿ ਭਗਤ ਜੀ ਨੇ ਇਹ ਬਾਣੀ ਘੁਮਾਣ ਵਿਚ ਆਪਣੇ ਨਿਵਾਸ ਸਮੇਂ ਉਚਾਰਨ ਕੀਤੀ ਸੀ। ਇਨ੍ਹਾਂ ਸ਼ਬਦਾਂ ਦਾ ਵੇਰਵਾ ਰਾਗਾਂ ਅਨੁਸਾਰ ਇਸ ਪ੍ਰਕਾਰ ਹੈ:

ਗਉੜੀ ਰਾਗ ਵਿਚ-੧, ਆਸਾ ਰਾਗ ਵਿਚ-੫, ਗੂਜਰੀ ਰਾਗ ਵਿਚ-੨, ਸੋਰਠਿ ਰਾਗ ਵਿਚ-੩, ਧਨਾਸਰੀ ਰਾਗ ਵਿਚ-੫, ਟੋਡੀ ਰਾਗ ਵਿਚ-੩, ਤਿਲੰਗ ਰਾਗ ਵਿਚ-੨, ਬਿਲਾਵਲੁ ਰਾਗ ਵਿਚ-੧, ਗੋਂਡ ਰਾਗ ਵਿਚ-੭, ਰਾਮਕਲੀ ਰਾਗ ਵਿਚ-੪, ਮਾਲੀ ਗਉੜਾ ਰਾਗ ਵਿਚ-੩, ਮਾਰੂ ਰਾਗ ਵਿਚ-੧, ਭੈਰਉ ਰਾਗ ਵਿਚ ੧੨, ਬਸੰਤੁ ਰਾਗ ਵਿਚ-੩, ਸਾਰੰਗ ਰਾਗ ਵਿਚ-੩, ਮਲਾਰ ਰਾਗ ਵਿਚ-੨, ਕਾਨੜਾ ਰਾਗ ਵਿਚ-੧, ਪ੍ਰਭਾਤੀ ਰਾਗ ਵਿਚ-੩

ਭਗਤ ਨਾਮਦੇਵ ਜੀ ਆਪਣੀ ਬਾਣੀ ਵਿਚ ਪਰਮਾਤਮਾ ਦਾ ਸਰੂਪ ਚਿਤ੍ਰਣ ਵਿਚ ਆਪਣੇ-ਆਪ ਨੂੰ ਅਸਮਰੱਥ ਦੱਸਦੇ ਹਨ, ਉਹ ਆਪਣੀ ਬਾਣੀ ਵਿਚ ਜ਼ਿਕਰ ਕਰਦੇ ਹਨ ਕਿ:

*ਹਰਿ ਕੀ ਮਹਿਮਾ ਕਿਛੁ ਕਥਨੁ ਨ ਜਾਈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੪)*

ਪਰਮਾਤਮਾ ਦੀ ਸਰਬ-ਵਿਆਪਕਤਾ ਬਾਰੇ ਆਪਣੀ ਬਾਣੀ ਵਿਚ ਭਗਤ ਨਾਮਦੇਵ ਜੀ ਫੁਰਮਾਉਂਦੇ ਹਨ ਕਿ:

*ਈਭੈ ਬੀਠਲੁ ਊਭੈ ਬੀਠਲੁ ਬਿਨੁ ਸੰਸਾਰੁ ਨਹੀ॥*
*ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੫)*

ਭਗਤ ਨਾਮਦੇਵ ਜੀ ਦਾ ਵਿਸ਼ਵਾਸ ਹੈ ਕਿ ਪਰਮਾਤਮਾ ਘਟ-ਘਟ ਵਿਚ

ਨਿਵਾਸ ਕਰਦਾ ਹੈ:

*ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ॥*
*ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕੁ ਮੁਰਾਰੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੫)*

ਭਗਤ ਨਾਮਦੇਵ ਜੀ ਪਰਮਾਤਮਾ ਨੂੰ ਸਾਰੀ ਸ੍ਰਿਸ਼ਟੀ ਦਾ ਕਰਤਾ ਮੰਨਦੇ ਹੋਏ ਆਪਣੀ ਬਾਣੀ ਵਿਚ ਫੁਰਮਾਨ ਕਰਦੇ ਹਨ:

*ਜੀਅ ਕਾ ਬੰਧਨੁ ਕਰਮੁ ਬਿਆਪੈ॥ ਜੋ ਕਿਛੁ ਕੀਆ ਸੁ ਆਪੈ ਆਪੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੧)*

ਪਰਮਾਤਮਾ ਅੰਤਰਜਾਮੀ ਵੀ ਹੈ। ਭਗਤ ਨਾਮਦੇਵ ਜੀ ਨੇ ਪਰਮਾਤਮਾ ਨੂੰ ਘਟ-ਘਟ ਦੇ ਵਾਸੀ ਦੇ ਨਾਲ-ਨਾਲ ਗਤੀਸ਼ੀਲ ਅਤੇ ਸਾਰੀ ਸ੍ਰਿਸ਼ਟੀ ਦੀ ਗਤੀਵਿਧੀ ਨੂੰ ਜਾਣਨ ਅਤੇ ਸਮਝਣ ਵਾਲਾ ਵੀ ਕਿਹਾ ਹੈ:

*-ਨਾਮੇ ਕਾ ਸੁਆਮੀ ਅੰਤਰਜਾਮੀ ਫਿਰੇ ਸਗਲ ਬੇਦੇਸਵਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੭)*

*-ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੫)*

ਜੀਵ ਆਤਮਾ ਨੂੰ ਪਰਮਾਤਮਾ ਨਾਲੋਂ ਅਭਿੰਨ ਮੰਨਦੇ ਹੋਏ ਭਗਤ ਨਾਮਦੇਵ ਜੀ ਸਾਰੇ ਹਿਰਦਿਆਂ ਵਿਚ ਪਰਮਾਤਮਾ ਦੀ ਹੋਂਦ ਨੂੰ ਮੰਨਦੇ ਹਨ। ਉਸ ਤੋਂ ਭਿੰਨ ਹੋਰ ਕੋਈ ਸ਼ਕਤੀ ਨਹੀਂ ਹੈ। ਹਾਥੀ ਅਤੇ ਕੀੜੀ ਭਾਵੇਂ ਵੱਖੋ-ਵੱਖਰੇ ਆਕਾਰ ਵਾਲੇ ਹਨ, ਪਰ ਵਾਸਤਵ ਵਿਚ ਇਹ ਸਭ ਇੱਕੋ ਮਿੱਟੀ ਤੋਂ ਬਣੇ ਹੋਏ ਹਨ। ਇਨ੍ਹਾਂ ਦੀ ਜੜ੍ਹਚੇਤਨ ਵਿਚ ਪਰਮਾਤਮਾ ਸਮਾਇਆ ਹੋਇਆ ਹੈ। ਭਗਤ ਨਾਮਦੇਵ ਜੀ ਫੁਰਮਾਉਂਦੇ ਹਨ:

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥ ਰਾਮ ਬਿਨਾ ਕੋ ਬੋਲੈ ਰੇ॥੧॥ਰਹਾਉ॥*
*ਏਕਲ ਮਾਈ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ॥*
*ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੮੮)*

ਭਗਤ ਨਾਮਦੇਵ ਜੀ ਆਪਣੀ ਬਾਣੀ ਵਿਚ ਫੁਰਮਾਉਂਦੇ ਹਨ ਕਿ ਪਰਮਾਤਮਾ ਨੇ ਆਪਣੇ ਕੌਤਕ ਰਾਹੀਂ ਹੀ ਸਾਰੇ ਜੀਵਾਂ ਵਿਚ ਆਪਣੇ ਆਪ ਨੂੰ ਲੁਕਾਇਆ ਹੋਇਆ ਹੈ। ਸਭ ਵਿਚਲੀ ਜੋਤ ਇਕ ਹੀ ਹੈ। ਉਸ ਦੀ ਜੋਤ ਨੂੰ ਕੋਈ ਨਹੀਂ ਪਛਾਣ ਸਕਦਾ, ਪਰ ਉਹ ਜੋਤ ਸਭ ਨੂੰ ਪਛਾਣਦੀ ਹੈ। ਪਰਮਾਤਮਾ ਨੂੰ ਸਾਰੀ ਗਤੀਵਿਧੀ ਦਾ ਪੂਰਾ ਬੋਧ ਹੈ, ਕਿਉਂਕਿ ਉਹ ਸਭ ਦਾ ਇਕ-ਮਾਤ੍ਰ ਸਿਰਜਣਹਾਰ ਹੈ:

*ਅਕੁਲ ਪੁਰਖ ਇਕੁ ਚਲਿਤੁ ਉਪਾਇਆ॥ ਘਟਿ ਘਟਿ ਅੰਤਰਿ ਬ੍ਰਹਮੁ ਲੁਕਾਇਆ॥*
*ਜੀਅ ਕੀ ਜੋਤਿ ਨ ਜਾਨੈ ਕੋਈ॥ ਤੈ ਮੈ ਕੀਆ ਸੁ ਮਾਲੂਮੁ ਹੋਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੧)*

ਕਰਨ ਕਰਾਉਣ ਵਾਲਾ ਸਭ ਪਰਮਾਤਮਾ ਹੀ ਹੈ। ਜੀਵ ਅਸਮਰੱਥ ਹੈ, ਜੋ ਕੁਝ ਕਰਦਾ ਹੈ ਉਹ ਪਰਮਾਤਮਾ ਖੁਦ ਹੀ ਕਰਦਾ ਹੈ। ਉਹ ਜੀਵ ਨੂੰ ਸੁਆਦਿਸ਼ਟ ਭੋਜਨ ਕਰਵਾ ਸਕਦਾ ਹੈ ਤੇ ਉਸ ਤੋਂ ਭੀਖ ਵੀ ਮੰਗਵਾ ਸਕਦਾ ਹੈ। ਭਗਤ ਨਾਮਦੇਵ ਜੀ ਫੁਰਮਾਉਂਦੇ ਹਨ ਕਿ :

*ਕਬਹੂ ਖੀਰਿ ਖਾਡ ਘੀਉ ਨ ਭਾਵੈ॥ ਕਬਹੂ ਘਰ ਘਰ ਟੂਕ ਮਗਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੪)*

ਭਗਤ ਨਾਮਦੇਵ ਜੀ ਮਨੁੱਖ ਨੂੰ ਸਿੱਖਿਆ ਦਿੰਦੇ ਹੋਏ ਕਹਿੰਦੇ ਹਨ ਕਿ ਮਨੁੱਖ ਨੂੰ ਪਰਮਾਤਮਾ ਅੱਗੇ ਆਤਮ-ਸਮਰਪਣ ਕਰ ਦੇਣਾ ਚਾਹੀਦਾ ਹੈ। ਉਸ ਦੀ ਰਜ਼ਾ ਵਿਚ, ਉਸ ਦੇ ਭਾਣੇ ਵਿਚ ਰਹਿਣਾ ਹੀ ਉੱਚਿਤ ਹੈ:

*ਜੌ ਰਾਜੁ ਦੇਹਿ ਤ ਕਵਨ ਬਡਾਈ॥ ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੫)*

ਭਗਤ ਨਾਮਦੇਵ ਜੀ ਮਨੁੱਖ ਨੂੰ ਆਪਣੀ ਬਾਣੀ ਰਾਹੀਂ ਸਮਝਾਉਂਦੇ ਹਨ ਕਿ ਸਾਰੀ ਸ੍ਰਿਸ਼ਟੀ ਨੂੰ ਪਰਮਾਤਮਾ ਨੇ ਹੀ ਪੈਦਾ ਕੀਤਾ ਹੈ। ਪਰਮਾਤਮਾ ਤੋਂ ਬਿਨਾਂ ਸੰਸਾਰ ਵਿਚ ਕੁਝ ਵੀ ਨਹੀਂ ਹੈ। ਮਾਲਾ ਦੇ ਸਾਰੇ ਮਣਕੇ ਇਕ ਸੂਤਰ ਵਿਚ ਪਰੋਏ ਹੋਣ ਵਾਂਗ ਸਾਰੀ ਸ੍ਰਿਸ਼ਟੀ ਵਿਚ ਵੀ ਪਰਮਾਤਮਾ ਵਿਆਪਕ ਹੈ। ਜਿਵੇਂ ਲਹਿਰਾਂ, ਝੱਗ ਅਤੇ ਬੁਲਬੁਲੇ ਪਾਣੀ ਤੋਂ ਵੱਖਰੇ ਨਹੀਂ, ਤਿਵੇਂ ਹੀ ਇਹ ਪੰਜ ਤੱਤਾਂ ਦੀ ਲੀਲ੍ਹਾ ਵਾਲੀ ਸਾਰੀ ਸ੍ਰਿਸ਼ਟੀ ਪਰਮਾਤਮਾ ਤੋਂ ਭਿੰਨ ਨਹੀਂ ਹੈ:

*ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥੧॥ਰਹਾਉ॥*
*ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥*
*ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੫)*

ਭਗਤ ਨਾਮਦੇਵ ਜੀ ਮਨੁੱਖ ਨੂੰ ਮੁਕਤੀ ਪ੍ਰਾਪਤ ਕਰਨ ਦਾ ਰਾਹ ਦੱਸਦੇ ਹੋਏ ਕਹਿੰਦੇ ਹਨ ਕਿ ਮਨੁੱਖ ਨੂੰ ਪਰਮਾਤਮਾ ਨਾਲ ਅਭੇਦ ਹੋਣਾ ਪਏਗਾ। ਅਸਲ ਵਿਚ ਸਹਿਜ-ਅਵਸਥਾ ਹੀ ਮੁਕਤ-ਅਵਸਥਾ ਹੈ:

*ਗੁਰ ਪਰਸਾਦੀ ਜਾਨਿਆ॥ ਜਨੁ ਨਾਮਾ ਸਹਜ ਸਮਾਨਿਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੭)*

ਪ੍ਰਸਿੱਧ ਵਿਦਵਾਨ ਡਾ. ਆਰ.ਜੀ. ਭੰਡਾਰਕਰ ਅਤੇ ਮਿ. ਮੈਕਾਲਿਫ ਅਨੁਸਾਰ ਆਪ ਲੱਗਭਗ ੮੦ ਸਾਲ ਦੀ ਉਮਰ ਭੋਗ ਕੇ ਸੰਨ ੧੩੫੦ ਈ. ਵਿਚ ਅਕਾਲ ਚਲਾਣਾ ਕਰ ਗਏ। ਭਗਤ ਨਾਮਦੇਵ ਜੀ ਦੇ ਦੇਹਾਂਤ ਦੇ ਸਥਾਨ ਬਾਰੇ ਵੀ ਵਿਦਵਾਨਾਂ ਦੇ ਅਲੱਗ-ਅਲੱਗ ਮਤ ਹਨ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਭਗਤ ਨਾਮਦੇਵ ਜੀ ਦਾ ਦਿਹਾਂਤ ਪੰਡਰਪੁਰ ਵਿਚ ਹੋਇਆ ਅਤੇ ਬਹੁਤ ਸਾਰੇ ਵਿਦਵਾਨਾਂ

ਦਾ ਮਤ ਹੈ ਕਿ ਭਗਤ ਜੀ ਦਾ ਦਿਹਾਂਤ ਸੂਬਾ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਘੁਮਾਣ ਵਿਖੇ ਹੋਇਆ। ਘੁਮਾਣ ਪਿੰਡ ਵਿਚ ਆਪ ਜੀ ਵੱਲੋਂ ਅੰਤਮ ਸਮਾਂ ਬਤੀਤ ਕਰਨ ਅਤੇ ਉੱਥੇ ਹੀ ਸਮਾਧੀ ਲੈਣ ਬਾਰੇ ਬਹੁਤ ਪੁਰਾਤਨ ਰਵਾਇਤ ਹੈ। ਘੁਮਾਣ ਵਿਚ ਭਗਤ ਨਾਮਦੇਵ ਜੀ ਦੀ ਯਾਦਗਾਰ ਰਾਮਗੜ੍ਹੀਆ ਮਿਸਲ ਦੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ੧੭੭੭ ਈ. ਵਿਚ ਬਣਵਾਈ ਸੀ ਅਤੇ ਸਰੋਵਰ ਦੀ ਮੁਰੰਮਤ ਮਹਾਰਾਜਾ ਰਣਜੀਤ ਸਿੰਘ ਜੀ ਦੀ ਸੱਸ ਤੇ ਕਨ੍ਹਈਆ ਮਿਸਲ ਦੀ ਸਰਦਾਰਨੀ ਰਾਣੀ ਸਦਾ ਕੌਰ ਜੀ ਨੇ ਕਰਵਾਈ ਸੀ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੀ ਆਪਣੇ ਮੁਬਾਰਕ ਚਰਨਾਂ ਨਾਲ ਇਸ ਧਰਤੀ ਨੂੰ ਪਵਿੱਤਰ ਕੀਤਾ ਹੈ। ਇਨ੍ਹਾਂ ਦੀ ਯਾਦ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਇਕ ਫੌਜੀ ਅਫ਼ਸਰ ਕੁਮੇਦਾਨ ਸ. ਰਤਨ ਸਿੰਘ ਨੇ ਆਪਣੇ ਪਿੰਡ ਓਠੀਆਂ ਤੋਂ ਆ ਕੇ ਪੁੱਤਰ ਦੇ ਜਨਮ ਦੀ ਖੁਸ਼ੀ ਵਿਚ ਬਾਰਾਂਦਰੀ ਦੀ ਉਸਾਰੀ ਕਰਵਾਈ। ਬਾਰਾਂਦਰੀ ਦੇ ਅੱਗੇ ਬਰਾਂਡਾ ਗ੍ਰੰਥੀ ਬਾਬਾ ਪੂਰਨ ਦਾਸ ਜੀ ਦੀ ਬਟਾਲੀਅਨ ਦੇ ਫੌਜੀਆਂ ਨੇ ਬਣਵਾਇਆ ਸੀ। ਲਾਹੌਰ ਦੇ ਪ੍ਰਸਿੱਧ ਸਨਅਤਕਾਰ ਬਾਬੂ ਰਾਮ ਲਾਲ ਜੀ ਨੇ ਯਾਤਰੀਆਂ ਲਈ ਬੁੰਗੇ ਬਣਵਾਏ।

ਮਰਾਠੀ ਲਿਖਤਾਂ ਅਨੁਸਾਰ ਭਗਤ ਨਾਮਦੇਵ ਜੀ ਅੱਸੂ ਵਦੀ ੧੩ ਸ਼ਾਕਾ ਸੰਮਤ ੧੨੭੨ (੧੪੦੭ ਬਿਕ੍ਰਮੀ) ਮੁਤਾਬਕ ੩ ਜੁਲਾਈ, ੧੩੫੦ ਦਿਨ ਸ਼ਨੀਵਾਰ ਨੂੰ ਪੰਡਰਪੁਰ ਵਿਖੇ ਸਵਰਗਵਾਸ ਹੋਏ। ਪਰਵਾਰ ਦੇ ੧੪ ਪ੍ਰਾਣੀਆਂ ਸਣੇ ਉਨ੍ਹਾਂ ਪੰਡਰਪੁਰ ਦੇ ਮੁੱਖ ਦਵਾਰ ਦੀ ਪਹਿਲੀ ਪੌੜੀ 'ਤੇ ਸਮਾਧੀ ਲਾਈ ਤਾਂ ਕਿ ਸੰਤ ਯਾਤਰੀਆਂ ਦੀ ਚਰਨ ਧੂੜ ਉਨ੍ਹਾਂ ਨੂੰ ਪ੍ਰਾਪਤ ਹੋ ਸਕੇ। 'ਮਹਾਂਰਿਸ਼ੀ ਭਗਤ ਸ਼ਿਰੋਮਣੀ ਸ੍ਰੀ ਨਾਮਦੇਵ ਜੀ ਮਹਾਰਾਜ ਕੀ ਬੰਸਾਵਲੀ' ਦੇ ਕਰਤਾ ਕਵੀ ਮੋਹਨ ਜੀ ਲਿਖਦੇ ਹਨ:

*ਮਾਤ, ਪਿਤਾ, ਸੁਤ, ਸੁਤਾ, ਵਧੂ, ਭਗਨੀ ਔਰ ਦਾਸੀ ਆਈ।*
*ਨਾਮਦੇਵ ਸੇ ਕਹਿਤੇ ਭਏ ਯਿਹ, ਤੁਮ ਸੰਗ ਹਮ ਸਭ ਜਾਈ।*
*ਨਾਰਾਇਣ, ਮਹਾਂਦੇਵ, ਗੋਵਿੰਦ, ਵਿਠੁਲ ਅਰੁ ਲਿੰਬਾ ਬਾਈ।*
*ਗੋਡਾ ਬਾਈ, ਯੋਸਾ ਬਾਈ, ਔਰ ਸਾਕਰਾ ਬਾਈ।*
*ਸਹਿ ਕੁਟੰਭ ਸ੍ਰੀ ਨਾਮਦੇਵ ਨੇ ਸਤੁਤੀ ਪ੍ਰਭੂ ਕੀ ਗਾਈ।*
*ਸਤੁਤੀ ਗਾਈ ਸਭ ਮਿਲਕੇ ਪੁਸ਼ਪ ਵਿਸ਼ਟ ਸੁਰ ਕੀਨੀ।*
*ਦੇਖਤ ਸਭ ਕੇ ਖੁਲੀ ਪਾਸਿਰੀ ਜਾਏ ਸਮਾਧੀ ਲੀਨੀ।*
*ਤਬ ਗ੍ਰਿਹ ਸੇ ਬਾਹਰ ਆ ਭਗਵਾਨ ਬੰਦ ਪਾਇਰੀ ਕੀਨੀ।*
*ਜੈ ਜੈ ਜੈ ਸ੍ਰੀ ਨਾਮਦੇਵ ਕੀ ਸੁਰਨ ਦੁੰਦ ਭੀ ਕੀਨੀ।*

ਦੋਹਿਰਾ– ਬਾਰਾਂ ਸੋ ਅਰ ਬਹੱਤਰ ਸ਼ਕੇ ਪਰਮਾਨਾ। ਮਿਤੀ ਤ੍ਰਯੋਸ਼ਦੀ ਵਦੀ ਮਾਸ ਆਸਾੜ ਸੁਜਾਨ, ਸੁਭ ਸਮਾਧੀ ਲੀਨੀ ਪ੍ਰਭੂ ਨਾਮਦੇਵ ਭਗਵਾਨ, ਸੁਮਰਨ ਤਿਨ ਕੌ

ਕਰਤ ਹੀ ਸ਼ੀਘਰ ਹੋਤ ਕਲਿਆਨ। ਜੇਸ਼ਠ ਬਹੂ ਕੇ ਸੁਤ ਭਯੋ ਉਤ ਮੈਕੇ ਮੇ ਜਾਏ। ਵੰਸ ਨਾਮਦੇਵ ਕੋ ਚਲਯੋ ਕੀਨੀ ਕ੍ਰਿਸ਼ਨ ਸਹਾਏ।

ਇਸ ਸਮਾਧੀ ਦੀ ਯਾਦ ਵਿਚ ਪੰਡਰਪੁਰ ਦੇ ਮੰਦਰ ਦੇ ਮੁੱਖ ਦਵਾਰ ਦੀਆਂ ਹੇਠਲੀਆਂ ਦੋ ਪੌੜੀਆਂ ਉੱਪਰ ਜੋ ਪਿੱਤਲ ਦੇ ਪੱਤਰੇ ਲੱਗੇ ਹੋਏ ਹਨ, ਉਨ੍ਹਾਂ ਉੱਪਰ ਭਗਤ ਨਾਮਦੇਵ ਜੀ ਅਤੇ ਉਨ੍ਹਾਂ ਦੇ ਪਰਵਾਰ ਦੇ ੧੪ ਪ੍ਰਾਣੀਆਂ ਦੇ ਚਿੱਤਰ ਉਕਰੇ ਹੋਏ ਹਨ।

ਭਗਤ ਨਾਮਦੇਵ ਜੀ ਨੇ ਆਪਣਾ ਜੀਵਨ ਜਾਤੀਵਾਦ, ਵਹਿਮਾਂ-ਭਰਮਾਂ ਅਤੇ ਕਰਮ-ਕਾਂਡਾਂ ਤੋਂ ਬਾਹਰ ਕੱਢ ਕੇ ਮਨੁੱਖਤਾ ਦੇ ਕਲਿਆਣ ਲਈ ਬਤੀਤ ਕੀਤਾ। ਇਸ ਮਹਾਨਤਾ ਕਾਰਨ ਅਨੇਕ ਪਰਵਰਤੀ ਸੰਤ-ਸਾਧਕਾਂ ਨੇ ਆਪਣੀਆਂ ਬਾਣੀਆਂ ਵਿਚ ਆਪ ਜੀ ਦਾ ਨਾਂ ਆਦਰ ਨਾਲ ਲਿਆ ਹੈ ਜਿਵੇਂ ਕਿ ਭਗਤ ਰਵਿਦਾਸ ਜੀ ਫੁਰਮਾਨ ਕਰਦੇ ਹਨ:

*ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੬)*

ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਭਗਤ ਨਾਮਦੇਵ ਜੀ ਬਾਰੇ ਗੁਰਬਾਣੀ ਵਿਚ ਜ਼ਿਕਰ ਕਰਦੇ ਹਨ:

*ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ਭਗਤ ਜਨਾ ਉਧਰੇ॥*
*ਨਾਮਾ ਜੈਦੇਉ ਕਬੀਰੁ ਤ੍ਰਿਲੋਚਨੁ ਸਭਿ ਦੋਖ ਗਏ ਚਮਰੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੯੫)*

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਗੁਰਬਾਣੀ ਵਿਚ ਆਸਾ ਕੀ ਵਾਰ ਦੇ ਅੰਤਲੇ ਛੰਦ ਵਿਚ ਭਗਤ ਜੀ ਦਾ ਸਤਿਕਾਰ ਨਾਲ ਜ਼ਿਕਰ ਕਰਦੇ ਹਨ:

*ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੫੧)*

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਭਗਤ ਨਾਮਦੇਵ ਜੀ ਬਾਰੇ ਬਿਆਨ ਕਰਦੇ ਹਨ:

*ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥*
*ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥*
*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੫)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਨੇ ਕਿਰਤ ਅਤੇ ਭਗਤੀ ਦੇ ਸੁਮੇਲ ਦਾ ਬਹੁਤ ਸੁੰਦਰ ਵਰਣਨ ਕੀਤਾ ਗਿਆ ਹੈ:

*ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ॥*

*ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ॥੧॥*
*ਮਨੁ ਰਾਮ ਨਾਮਾ ਬੇਧੀਅਲੇ॥*
*ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ॥੧॥ਰਹਾਉ॥*
*ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ॥*
*ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ॥੨॥*
*ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ॥*
*ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ॥੩॥*
*ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ॥*
*ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ॥੪॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੭੨)*

ਭਗਤ ਨਾਮਦੇਵ ਜੀ ਵੱਲੋਂ ਭਗਤ ਤ੍ਰਿਲੋਚਨ ਜੀ ਨੂੰ ਨਾਮ-ਸਿਮਰਨ ਦੀ ਮਹਾਨਤਾ ਦਾ ਗਿਆਨ ਕਰਵਾਉਣ ਦੀ ਸਾਖੀ ਪ੍ਰਸਿੱਧ ਹੈ। ਇਸ ਬਾਰੇ ਭਾਈ ਗੁਰਦਾਸ ਜੀ ਨੇ ਆਪਣੀ ਵਾਰ ਵਿਚ ਜ਼ਿਕਰ ਕੀਤਾ ਹੈ:

*ਦਰਸਨੁ ਦੇਖਣ ਨਾਮਦੇਵ ਭਲਕੇ ਉਠਿ ਤ੍ਰਿਲੋਚਨੁ ਆਵੈ।*
*ਭਗਤਿ ਕਰਨਿ ਮਿਲਿ ਦੁਇ ਜਣੇ ਨਾਮਦੇਉ ਹਰਿ ਚਲਿਤੁ ਸੁਣਾਵੈ।*
*ਮੇਰੀ ਭੀ ਕਰਿ ਬੇਨਤੀ ਦਰਸਨੁ ਦੇਖਾਂ ਜੋ ਤਿਸੁ ਭਾਵੈ।*
*ਠਾਕੁਰ ਜੀ ਨੋ ਪੁਛਿਓਸੁ ਦਰਸਨੁ ਕਿਵੈ ਤ੍ਰਿਲੋਚਨੁ ਪਾਵੈ।*
*ਹਸਿ ਕੈ ਠਾਕੁਰ ਬੋਲਿਆ ਨਾਮਦੇਉ ਨੋ ਕਹਿ ਸਮਝਾਵੈ।*
*ਹਥਿ ਨ ਆਵੈ ਭੇਟੁ ਸੋ ਤੁਸਿ ਤ੍ਰਿਲੋਚਨ ਮੈ ਮੁਹਿ ਲਾਵੈ।*
*ਹਉ ਅਧੀਨੁ ਹਾਂ ਭਗਤ ਦੇ ਪਹੁੰਚਿ ਨ ਹੰਘਾਂ ਭਗਤੀ ਦਾਵੈ।*
*ਹੋਇ ਵਿਚੋਲਾ ਆਨਿ ਮਿਲਾਵੈ॥* *(ਵਾਰ ੧੦:੧੨)*

ਸ੍ਰੋਤ ਪੁਸਤਕਾਂ:


੧. ਭਾਈ ਕਾਨ੍ਹ ਸਿੰਘ ਨਾਭਾ- *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*
੨. ਡਾ. ਰਤਨ ਸਿੰਘ ਜੱਗੀ- *ਸਿੱਖ ਪੰਥ ਵਿਸ਼ਵ ਕੋਸ਼*
੩. ਪ੍ਰੋ. ਜਸਵਿੰਦਰ ਕੌਰ (ਢਿੱਲੋਂ)- *ਭਗਤ ਨਾਮਦੇਵ : ਜੀਵਨ ਤੇ ਚਿੰਤਨ*
੪. ਸ. ਸਿਮਰਜੀਤ ਸਿੰਘ- *ਜਿਨਿ ਨਾਮੁ ਲਿਖਾਇਆ ਸਚੁ*
੫. ਸ. ਰਣਜੀਤ ਸਿੰਘ ਖੜਗ- *ਸੰਤ ਨਾਮਦੇਵ ਦਰਸ਼ਨ*

# ਭਗਤ ਨਾਮਦੇਵ ਜੀ ਦਾ ਜੀਵਨ ਫ਼ਲਸਫ਼ਾ

*-ਸ. ਸਤਬੀਰ ਸਿੰਘ**

ਭਗਤ ਨਾਮਦੇਵ ਜੀ ਜਿਨ੍ਹਾਂ ਨੂੰ ਕਈ ਇਤਿਹਾਸਕਾਰਾਂ ਨੇ ਆਦਿ ਭਗਤ ਜਾਂ ਸ਼੍ਰੋਮਣੀ ਭਗਤ ਵੀ ਕਿਹਾ ਹੈ। ਉਹ ਵਿਸ਼ਵ ਭਰ ਦੇ ਅਧਿਆਤਮਿਕ ਅਕਾਸ਼ ਦੇ ਮਹਾਨ ਸਿਤਾਰੇ ਸਨ। ਮਹਾਰਾਸ਼ਟਰ ਨਿਵਾਸੀ ਭਗਤ ਨਾਮਦੇਵ ਜੀ ਦਾ ਪ੍ਰਚਾਰ ਖੇਤਰ ਸਾਰਾ ਉੱਤਰੀ ਭਾਰਤ ਹੀ ਬਣਿਆ ਰਿਹਾ। ਭਗਤ ਨਾਮਦੇਵ ਜੀ ਦੇ ਨਾਮ ਦੀ ਵਿਆਖਿਆ ਕਰਦਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਨਾਮ ਹੀ ਦੇਵ (ਪ੍ਰਭੂ-ਪਰਮਾਤਮਾ) ਦੀ ਹੋਂਦ ਤੋਂ ਪ੍ਰਗਟ ਹੋਇਆ ਹੈ। ਇਨ੍ਹਾਂ ਨੂੰ ਸ਼੍ਰੋਮਣੀ ਭਗਤ ਵੀ ਕਿਹਾ ਜਾਂਦਾ ਹੈ। ਆਪ ਜੀ ਨੇ ਵੱਖ-ਵੱਖ ਭਾਸ਼ਾਵਾਂ ਵਿਚ ਬਾਣੀ ਦੀ ਰਚਨਾ ਕੀਤੀ। ਭਗਤ ਨਾਮਦੇਵ ਜੀ ਉਹ ਮਹਾਨ ਸ਼ਖ਼ਸੀਅਤ ਹਨ, ਜਿਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣ ਦਾ ਮਾਣ ਹਾਸਲ ਹੈ। ਭਗਤ ਨਾਮਦੇਵ ਜੀ ਦਾ ਜਨਮ ਪਿੰਡ ਨਰਸੀ ਬਾਮਨੀ, ਜ਼ਿਲ੍ਹਾ ਸਿਤਾਰਾ (ਮਹਾਰਾਸ਼ਟਰ) ਵਿਖੇ ਪਿਤਾ ਦਾਮ ਸ਼ੇਟ (ਦਾਮ ਸ਼ੇਟੀ) ਦੇ ਘਰ ਮਾਤਾ ਗੋਨਾ ਬਾਈ ਦੀ ਕੁੱਖੋਂ ੧੨੭੦ ਈਸਵੀ ਵਿਚ ਹੋਇਆ। ਆਪ ਦਾ ਸੁਭਾਅ ਬਚਪਨ ਤੋਂ ਹੀ ਸਾਦਗੀ ਅਤੇ ਭਗਤੀ ਵਾਲਾ ਸੀ। ਕੋਈ ਵੀ ਕਾਰ-ਵਿਵਹਾਰ ਕਰਦਿਆਂ ਆਪ ਦੀ ਬਿਰਤੀ ਹਮੇਸ਼ਾਂ ਅਕਾਲ ਪੁਰਖ ਵਾਹਿਗੁਰੂ ਨਾਲ ਜੁੜੀ ਰਹਿੰਦੀ। ਹਰ ਦੁਨਿਆਵੀ ਪਿਤਾ ਵਾਂਗ ਹੀ ਆਪ ਜੀ ਦੇ ਪਿਤਾ ਜੀ ਨੇ ਵੀ ਵਿੱਦਿਆ ਪ੍ਰਾਪਤੀ ਤੋਂ ਬਾਅਦ ਪੂਰੀ ਕੋਸ਼ਿਸ਼ ਕੀਤੀ ਕਿ ਆਪ ਜੀ ਵਪਾਰ ਆਦਿ ਕਿਰਤ ਕਰ ਕੇ ਗ੍ਰਿਹਸਥੀ ਜੀਵਨ ਬਤੀਤ ਕਰੇ। ਇਸੇ ਮਨਸ਼ਾ ਅਨੁਸਾਰ ਆਪ ਜੀ ਨੇ ਕੱਪੜੇ ਸਿਊਣ ਦੀ ਕਿਰਤ ਕਰਦਿਆਂ ਆਪਣੇ ਪਰਵਾਰ ਦਾ ਪਾਲਣ-ਪੋਸ਼ਣ ਕੀਤਾ। ਆਪ ਜੀ ਸੁਭਾਅ ਵਜੋਂ ਭੋਲੇ ਸਨ ਅਤੇ ਆਪ ਜੀ ਦਾ ਮਨ ਸਦਾ ਹੀ ਸੰਤਾਂ-ਭਗਤਾਂ ਦੀ ਸੰਗਤ ਵਿਚ ਪ੍ਰਸੰਨ ਰਹਿੰਦਾ ਸੀ। ਇਸ ਲਈ ਆਪ ਜੀ ਵਿਸ਼ੋਭਾ ਖੇਚਰ ਨੂੰ ਆਪਣਾ ਗੁਰੂ ਧਾਰਨ ਕਰਦਿਆਂ, ਕੱਪੜੇ ਰੰਗਣ ਦੇ ਨਾਲ-ਨਾਲ ਆਪਣੇ ਮਨ ਨੂੰ ਵੀ ਭਗਤੀ-ਭਾਵ ਨਾਲ ਰੰਗਦੇ ਰਹੇ। ਆਪ ਜੀ ਦਾ ਪਾਵਨ ਫੁਰਮਾਨ ਹੈ:

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਾਲਿ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੫)*

ਭਗਤ ਨਾਮਦੇਵ ਜੀ ਨੇ ਭਗਤ ਤਰਲੋਚਨ ਜੀ ਨੂੰ ਕਿਹਾ ਤੂੰ ਇੰਨੀਆਂ ਗੱਲਾਂ ਕਰਕੇ ਆਪਣੇ ਮੂੰਹ ਨੂੰ ਗੱਲਾਂ ਨਾਲ ਜੋੜ ਰਿਹਾ ਹੈ। ਆਪਣੇ ਮੂੰਹ ਤੋਂ ਰਾਮ ਸਮਾਲ, (ਯਾਦ ਕਰ) ਪਰਮਾਤਮਾ ਦੀ ਭਗਤੀ ਇੱਕ ਥਾਂ ਬੈਠ ਕੇ ਹੀ ਨਹੀਂ ਕੀਤੀ ਜਾਂਦੀ, ਸਗੋਂ

**ਸਾਬਕਾ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ। ਮੋ: +੯੧੯੮੧੪੩-੫੬੧੩੩*

ਹੱਥੀਂ ਕੰਮ-ਕਾਰ ਕਰਦੇ ਹੋਏ ਮਨ ਪਰਮਾਤਮਾ ਨਾਲ ਜੁੜਿਆ ਹੋਵੇ। ਇਸ ਤਰ੍ਹਾਂ ਹਰ ਵੇਲੇ ਭਗਤੀ ਕੀਤੀ ਜਾ ਸਕਦੀ ਹੈ। ਜੇਕਰ ਇੱਕੋ ਸਮੇਂ ਦੋ ਕੰਮ ਕੀਤੇ ਜਾ ਸਕਦੇ ਹਨ ਤਾਂ ਕੰਮ ਸਮੇਂ ਭਗਤੀ ਕਿਉਂ ਨਹੀਂ ਕੀਤੀ ਜਾ ਸਕਦੀ? ਜਿਵੇਂ ਕਿ ਇੱਕ ਬੱਚਾ ਕਾਗਜ਼ ਦੀ ਪਤੰਗ ਅਸਮਾਨ ਵਿਚ ਡੋਰ ਬੰਨ੍ਹ ਕੇ ਉਡਾਉਂਦਾ ਹੈ ਅਤੇ ਨਾਲ-ਨਾਲ ਆਪਣੇ ਮਿੱਤਰਾਂ-ਦੋਸਤਾਂ ਨਾਲ ਗੱਲਾਂ ਵੀ ਕਰਦਾ ਹੈ ਅਤੇ ਪਤੰਗ ਵਿਚ ਵੀ ਧਿਆਨ ਰੱਖਦਾ ਹੈ। ਜੇਕਰ ਇੱਕੋ ਸਮੇਂ ਇੱਕ ਬੱਚਾ ਪਤੰਗ ਉਡਾਉਣ ਵਾਲਾ ਦੋ ਪਾਸੇ ਧਿਆਨ ਦੇ ਸਕਦਾ ਤਾਂ ਧਰਮ ਕਮਾਉਣ ਲਈ ਨਾਮ ਜਪਣ ਲਈ ਦੁਨੀਆ ਦੇ ਕੰਮ-ਕਾਰ ਕਰਦਿਆਂ ਕੰਮ ਵਿਚ ਵੀ ਧਿਆਨ ਰੱਖਿਆ ਜਾ ਸਕਦਾ ਹੈ।

ਭਗਤ ਨਾਮਦੇਵ ਜੀ ਆਪਣੇ ਘਰੇਲੂ ਕੰਮਾਂ ਵਿਚ ਕੋਈ ਵੀ ਦਿਲਚਸਪੀ ਨਹੀਂ ਸੀ, ਉਹ ਬਚਪਨ ਤੋਂ ਹੀ ਸਦਾ ਕਿਸੇ ਦੂਰ-ਅੰਦੇਸ਼ ਸੋਚ ਵਿਚ ਮਸਤ ਰਹਿੰਦੇ ਸਨ। ਛੋਟੇ ਹੁੰਦੇ ਹੋਏ ਵੀ ਉਹ ਬੱਚਿਆਂ ਵਾਂਗ ਖੇਡਾਂ ਆਦਿ ਵੱਲ ਧਿਆਨ ਨਹੀਂ ਸੀ ਦਿੰਦੇ। ਹਰ ਕਿਸੇ ਦੀ ਗੱਲ ਨੂੰ ਧਿਆਨ ਨਾਲ ਸੁਣਨਾ ਅਤੇ ਫਿਰ ਉਨ੍ਹਾਂ ਨੂੰ ਗੁਣਾਂ-ਔਗੁਣਾਂ ਅਨੁਸਾਰ ਧਾਰਨ ਕਰਨਾ, ਉਨ੍ਹਾਂ ਦਾ ਸੁਭਾਅ ਸੀ। ਬਚਪਨ ਤੋਂ ਹੀ ਸਾਧੂ-ਸੰਤਾਂ ਦੀ ਸੰਗਤ ਕਰਨਾ ਉਨ੍ਹਾਂ ਨੂੰ ਚੰਗਾ ਲੱਗਦਾ ਸੀ। ਕੁਝ ਲੋਕਾਂ ਵਿਚ ਭਗਤ ਨਾਮਦੇਵ ਜੀ ਬਾਰੇ ਇਹ ਵੀ ਧਾਰਨਾ ਹੁੰਦੀ ਸੀ ਕਿ ਇਸ ਉਮਰ ਵਿਚ ਇਹ ਕੀ ਹੋ ਰਿਹਾ ਹੈ, ਕੁਝ ਕੁ ਦੀ ਸੋਚ ਇਹ ਸੀ ਕਿ ਭਗਤ ਨਾਮਦੇਵ ਜੀ ਭਾਵੇਂ ਬਾਲਕ ਹੀ ਹਨ, ਪਰ ਉਨ੍ਹਾਂ ਦੀ ਲਿਵ ਪ੍ਰਭੂ-ਭਗਤੀ ਵਿਚ ਲੀਨ ਹੈ, ਭਾਵ ਅਧਿਆਤਮਿਕ ਦ੍ਰਿਸ਼ਟੀ ਤੋਂ ਹੋਣਹਾਰ ਬਾਲਕ ਦੇ ਸਾਰੇ ਗੁਣ ਭਗਤ ਨਾਮਦੇਵ ਜੀ ਦੇ ਛੋਟੇ ਹੁੰਦੇ ਹੀ ਪੈਦਾ ਹੋ ਗਏ ਸਨ। ਆਪ ਜੀ ਦੀ ਸ਼ਾਦੀ ਗੋਬਿੰਦ ਸ਼ੇਟ (ਗੋਬਿੰਦ ਸ਼ੇਟੀ) ਦੀ ਪੁੱਤਰੀ ਰਾਜਾ ਬਾਈ ਨਾਲ ਹੋਈ। ਆਪ ਜੀ ਦੇ ਘਰ ਚਾਰ ਪੁੱਤਰ ਨਾਰਾਇਣ, ਮਹਾਂਦੇਵ, ਗੋਬਿੰਦ, ਵਿਠਲ ਤੇ ਇੱਕ ਪੁੱਤਰੀ ਲਿੰਬਾ ਬਾਈ ਨੇ ਜਨਮ ਲਿਆ। ਆਪ ਜੀ ਨੇ ਆਪਣੀਆਂ ਪਰਵਾਰਿਕ ਜ਼ਿੰਮੇਵਾਰੀਆਂ ਵੀ ਪੂਰੀ ਸੁਹਿਰਦਤਾ ਨਾਲ ਨਿਭਾਈਆਂ।

ਪ੍ਰਭੂ-ਭਗਤੀ ਸਦਕਾ ਆਪ ਜੀ ਦੀ ਆਤਮਿਕ ਅਵਸਥਾ ਇੰਨੀ ਉੱਚੀ ਹੋ ਚੁੱਕੀ ਸੀ ਕਿ ਹਰ ਇਕ ਜੀਵ ਵਿਚ ਤੇ ਹਰ ਪਾਸੇ ਉਨ੍ਹਾਂ ਨੂੰ ਪਰਮਾਤਮਾ ਹੀ ਦਿਖਾਈ ਦਿੰਦਾ ਸੀ। ਇੱਕ ਵਾਰ ਇੱਕ ਕੁੱਤਾ ਆਪ ਜੀ ਦੇ ਪਰਸ਼ਾਦੇ ਚੁੱਕ ਕੇ ਲੈ ਗਿਆ ਤਾਂ ਆਪ ਉਸ ਨੂੰ ਪਰਮਾਤਮਾ ਦਾ ਰੂਪ ਜਾਣ ਘਿਉ ਦਾ ਕੁੱਜਾ ਲੈ ਕੇ ਉਸ ਕੁੱਤੇ ਦੇ ਪਿੱਛੇ ਭੱਜੇ ਤੇ ਕਿਹਾ, ਹੇ ਪ੍ਰਭੂ! ਰੁੱਖਾ ਪਰਸ਼ਾਦਾ ਨਾ ਖਾਇਓ, ਲਿਆਉ! ਮੈਂ ਪਰਸ਼ਾਦੇ ਘਿਉ ਨਾਲ ਚੋਪੜ ਦਿਆਂ। ਇਸ ਤਰ੍ਹਾਂ ਦੀਆਂ ਨਿਮਰਤਾ ਤੇ ਦਇਆ ਭਰਪੂਰ ਘਟਨਾਵਾਂ ਭਗਤ ਜੀ ਦੇ ਜੀਵਨ ਵਿੱਚੋਂ ਬੇਅੰਤ ਮਿਲਦੀਆਂ ਹਨ।

ਭਗਤ ਨਾਮਦੇਵ ਜੀ ਦੀ ਗਿਆਨ ਦੇਵ ਨਾਲ ਬੜੀ ਡੂੰਘੀ ਸਾਂਝ ਸੀ। ਉਸ ਨਾਲ ਆਪ ਤੀਰਥ ਯਾਤਰਾ 'ਤੇ ਵੀ ਗਏ। ਇਸ ਯਾਤਰਾ ਦੌਰਾਨ ਜਦੋਂ ਆਪ ਦਿੱਲੀ ਪੁੱਜੇ ਤਾਂ ਦਿੱਲੀ ਦੇ ਸੁਲਤਾਨ ਮੁਹੰਮਦ ਬਿਨ ਤੁਗਲਕ ਦੀ ਧਾਰਮਿਕ ਕੱਟੜਤਾ ਦਾ ਸ਼ਿਕਾਰ

ਹੋਣਾ ਪਿਆ। ਬਾਦਸ਼ਾਹ ਉਨ੍ਹਾਂ ਅੱਗੇ ਆਪਣੀ ਮਰੀ ਹੋਈ ਗਊ ਨੂੰ ਜੀਵਾਉਣ ਦੀ ਵੰਗਾਰ ਪਾਉਂਦਾ ਹੈ ਤੇ ਜੇਕਰ ਜੀਉਂਦੀ ਨਾ ਹੋਈ ਤਾਂ ਨਾਲ ਹੀ ਮੌਤ ਦੇ ਘਾਟ ਉਤਾਰ ਦੇਣ ਦੀ ਧਮਕੀ ਵੀ ਦਿੰਦਾ ਹੈ। ਭਗਤ ਨਾਮਦੇਵ ਜੀ ਦੀ ਇਸ ਘਟਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਅੰਦਰ ਇਸ ਤਰ੍ਹਾਂ ਅੰਕਿਤ ਕੀਤਾ ਹੈ :

*ਸੁਲਤਾਨੁ ਪੂਛੈ ਸੁਨੁ ਬੇ ਨਾਮਾ॥ ਦੇਖਉ ਰਾਮ ਤੁਮ੍ਹਾਰੇ ਕਾਮਾ॥*
*ਨਾਮਾ ਸੁਲਤਾਨੇ ਬਾਧਿਲਾ॥ ਦੇਖਉ ਤੇਰਾ ਹਰਿ ਬੀਠੁਲਾ॥੧॥ ਰਹਾਉ*
*ਬਿਸਮਿਲਿ ਗਊ ਦੇਹੁ ਜੀਵਾਇ॥ ਨਾਤਰੁ ਗਰਦਨਿ ਮਾਰਉ ਠਾਂਇ॥੨॥*
*ਬਾਦਿਸਾਹ ਐਸੀ ਕਿਉ ਹੋਇ॥ ਬਿਸਮਿਲਿ ਕੀਆ ਨ ਜੀਵੈ ਕੋਇ॥੩॥*
*ਮੇਰਾ ਕੀਆ ਕਛੂ ਨ ਹੋਇ॥ ਕਰਿ ਹੈ ਰਾਮੁ ਹੋਇ ਹੈ ਸੋਇ॥੪॥*
*ਬਾਦਿਸਾਹੁ ਚੜ੍ਹਿਓ ਅਹੰਕਾਰਿ॥ ਗਜ ਹਸਤੀ ਦੀਨੋ ਚਮਕਾਰਿ॥੫॥*
*ਰੁਦਨੁ ਕਰੈ ਨਾਮੇ ਕੀ ਮਾਇ॥ ਛੋਡਿ ਰਾਮੁ ਕੀ ਨ ਭਜਹਿ ਖੁਦਾਇ॥੬॥*
*ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥ ਪਿੰਡੁ ਪੜੈ ਤਉ ਹਰਿ ਗੁਨ ਗਾਇ॥੭॥*
*ਕਰੈ ਗਜਿੰਦੁ ਸੁੰਡ ਕੀ ਚੋਟ॥ ਨਾਮਾ ਉਬਰੈ ਹਰਿ ਕੀ ਓਟ॥੯॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੫)*

ਅਜਿਹੀ ਰਾਜਸੀ ਕ੍ਰੋਪੀ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਜੀ ਨੇ ਤੇ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਵਿਚ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਕਈ ਥਾਂ ਕੀਤਾ ਹੈ। ਭਗਤ ਸਾਹਿਬਾਨ ਵੀ ਸਮੇਂ-ਸਮੇਂ ਰਾਜਸੀ ਕ੍ਰੋਪੀ ਦਾ ਸ਼ਿਕਾਰ ਹੁੰਦੇ ਰਹੇ। ਭਗਤ-ਜਨਾਂ ਨੂੰ ਤਸੀਹੇ ਦਿੱਤੇ ਗਏ, ਜ਼ੁਲਮ ਢਾਹੇ ਗਏ ਅਤੇ ਸਜ਼ਾਵਾਂ ਦਿੱਤੀਆਂ ਗਈਆਂ, ਪ੍ਰੰਤੂ ਇਨ੍ਹਾਂ ਦੇ ਸਿਦਕ ਅਡੋਲ ਰਹੇ।

ਭਗਤ ਨਾਮਦੇਵ ਜੀ ਨੇ ਉਚਾਰਨ ਕੀਤੀ ਹੋਈ ਬਾਣੀ ਵਿਚ ਕ੍ਰਾਂਤੀਕਾਰੀ ਤੇ ਇਨਕਲਾਬੀ ਵਿਚਾਰ ਪ੍ਰਗਟ ਕੀਤੇ ਹਨ। ਉਨ੍ਹਾਂ ਦੇ ਭਾਵ ਵਿੱਚੋਂ ਧਾਰਮਿਕ ਤੇ ਰਾਜਸੀ ਜਬਰ ਦੇ ਪਾਜ ਉਘੜ ਕੇ ਸਮਾਜ ਦੇ ਸਾਹਮਣੇ ਆਉਂਦੇ ਹਨ। ਸਾਰੇ ਧਰਮ-ਸਥਾਨ ਧਰਮ ਦੇ ਸੱਚੇ-ਸੁੱਚੇ ਪ੍ਰਤੀਕ ਕੇਂਦਰ ਦੇ ਰੂਪ ਵਿਚ ਉਸਰਦੇ ਹਨ। ਪਰ ਕੁਝ ਸਮਾਂ ਪਾ ਕੇ ਉੱਥੇ ਸੌੜੀ ਸੋਚ, ਸਮਝ ਤੇ ਦ੍ਰਿਸ਼ਟੀ ਵਾਲੇ ਤੱਤ ਆ ਜੁੜਦੇ ਹਨ। ਇਨ੍ਹਾਂ ਤੱਤ ਨੂੰ ਧਰਮ ਦੀ ਸਹੀ, ਉਦਾਰ ਤੇ ਸਰਬ-ਸਾਂਝੀਵਾਲਤਾ ਦੀ ਸਮਝ ਨਹੀਂ ਹੁੰਦੀ। ਨਾ-ਸਮਝੀ ਜਾਂ ਘੱਟ ਸਮਝੀ ਉਨ੍ਹਾਂ ਨੂੰ ਕਰਮ-ਕਾਂਡੀ, ਅੰਧ-ਵਿਸ਼ਵਾਸੀ, ਕੱਟੜਵਾਦਤਾ ਦਾ ਪ੍ਰਤੀਕ ਬਣਾ ਦਿੰਦੀ ਹੈ। ਇਹ ਤੱਤ ਧਰਮੀ ਬਣਨ ਦੀ ਥਾਂ ਧਰਮ ਦੇ ਠੇਕੇਦਾਰ ਬਣ ਜਾਂਦੇ ਹਨ ਅਤੇ ਧਰਮ ਦੇ ਅੰਦਰਲੇ ਸੁਨੇਹੇ ਨੂੰ ਵਿਸਾਰ ਕੇ ਬਾਹਰੀ ਆਚਾਰ ਵਿਹਾਰ ਨੂੰ ਹੀ ਧਰਮ ਮੰਨ ਕੇ ਉਸ ਦਾ ਪ੍ਰਚਾਰ ਕਰਦੇ ਹਨ। ਮੰਦਿਰ ਵਿਚ ਇਨ੍ਹਾਂ ਤੱਤਾਂ ਦੀ ਨੁਮਾਇੰਦਗੀ ਪੰਡਿਤ ਅਤੇ ਮਸੀਤ ਵਿਚ ਮੁੱਲਾਂ ਕਰਦਾ ਹੈ। ਗੱਲ ਬੜੀ ਸਾਫ਼ ਹੈ। ਆਮ ਬੰਦਾ ਤਾਂ ਇਨ੍ਹਾਂ ਦੇ ਰਚਾਏ ਜਾਲ ਵਿਚ ਫਸ ਕੇ ਇਨ੍ਹਾਂ ਦੇ ਨਿਰਦੇਸ਼ ਦੀ ਪਾਲਣਾ

ਕਰਦਾ ਹੋਇਆ ਫੋਕੇ ਕਰਮ-ਕਾਂਡ ਨੂੰ ਧਰਮ ਮੰਨ ਕੇ ਤੁਰਦਾ ਜਾਂਦਾ ਹੈ। ਭਗਤ ਨਾਮਦੇਵ ਜੀ ਕਹਿੰਦੇ ਹਨ ਕਿ ਮੈਂ ਉਸ ਨੂੰ ਪੂਜਿਆ ਹੈ , ਨਾਮ ਸਿਮਰਨ ਕੀਤਾ ਹੈ। ਜਿੱਥੇ ਨਾ ਮੰਦਿਰ ਦੀ ਗੱਲ ਹੈ ਤੇ ਨਾ ਹੀ ਮਸੀਤ ਦੀ, ਬਲਕਿ ਸਰਵ-ਵਿਆਪਕ ਪਰਮਾਤਮਾ ਦੀ ਗੱਲ ਹੈ। ਭਗਤ ਮੰਦਿਰ ਮਸੀਤ ਦਾ ਕੋਈ ਫ਼ਰਕ ਨਹੀਂ ਸਮਝਦਾ ਹੈ। ਭਗਤ ਮੰਦਰ ਜਾਂ ਮਸੀਤ ਦੇ ਨਾਮ ਉੱਪਰ ਕਿਸੇ ਨਾਲ ਨਫ਼ਰਤ ਨਹੀਂ ਕਰਦਾ। ਇਸ ਲਈ ਭਗਤ ਜੀ ਉਪਦੇਸ਼ ਕਰਦੇ ਹਨ ਕਿ ਉਸ ਸਰਵ-ਸਾਂਝੀਵਾਲਤਾ ਦੇ ਪ੍ਰਤੀਕ ਅਕਾਲ ਪੁਰਖ ਦੇ ਪੁਜਾਰੀ ਬਣੋ ਜੋ ਸਭ ਦਾ ਮਾਂ-ਬਾਪ ਅਤੇ ਮਿੱਤਰ ਹੈ :

*ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹਾਂ ਤੇ ਗਿਆਨੀ ਸਿਆਣਾ॥*
*ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ॥*
*ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੫)*

ਭਗਤ ਨਾਮਦੇਵ ਜੀ ਮਹਾਰਸ਼ਟਰ ਤੋਂ ਆ ਕੇ ਸੰਗਤ ਨੂੰ ਨਾਮ-ਸਿਮਰਨ ਨਾਲ ਜੋੜਨ ਅਤੇ ਹੱਕ ਦੀ ਕਿਰਤ ਕਰਨ ਦਾ ਸੰਦੇਸ਼ ਦਿੰਦੇ ਹੋਏ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਨਗਰ ਘੁਮਾਣ (ਨਾਮਦੇਵ ਨਗਰ) ਵਿਖੇ ਆਏ। ਲੰਮਾ ਸਮਾਂ ਪੰਜਾਬ ਵਿਚ ਰਹਿਣ ਕਾਰਨ ਉਹ ਪੰਜਾਬੀਆਂ ਦਾ ਹੀ ਹਿੱਸਾ ਬਣ ਗਏ। ਭਗਤ ਨਾਮਦੇਵ ਜੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਲੱਗਭਗ ਦੋ ਸੌ ਸਾਲ ਪਹਿਲਾਂ ਹੋਏ ਸਨ। ਉਸ ਸਮੇਂ ਕੇਵਲ ਦੋ ਹੀ ਧਰਮ ਮੁੱਖ ਤੌਰ 'ਤੇ ਪ੍ਰਚਲਿਤ ਸਨ- ਹਿੰਦੂ ਅਤੇ ਇਸਲਾਮ। ਉਸ ਸਮੇਂ ਧਰਮ ਦੇ ਆਗੂ ਆਪਣੇ-ਆਪਣੇ ਹੰਕਾਰ ਕਾਰਨ ਸਮੇਂ ਅਨੁਸਾਰ ਲੋਕਾਂ ਨੂੰ ਸਹੀ ਮਾਰਗ ਨਹੀਂ ਦਰਸਾਅ ਸਕੇ। ਜਾਤਾਂ-ਪਾਤਾਂ ਦਾ ਪੂਰਾ ਜ਼ੋਰ ਸੀ। ਉੱਚੀ ਜਾਤ ਵਾਲੇ ਨੀਵੀਂ ਜਾਤ ਦਾ ਸਤਿਕਾਰ ਨਹੀਂ ਕਰਦੇ ਸਨ, ਇੱਥੋਂ ਤਕ ਕਿ ਧਾਰਮਿਕ ਅਸਥਾਨਾਂ ਪੁਰ ਭੀ ਆਪਣੇ-ਆਪਣੇ ਕਬਜ਼ੇ ਕੀਤੇ ਹੋਏ ਸਨ। ਜਾਤ-ਪਾਤ ਨੂੰ ਖਤਮ ਕਰਨ ਲਈ ਉਸ ਸਮੇਂ ਇਕ ਐਸੀ ਸ਼ਖ਼ਸੀਅਤ ਦੀ ਲੋੜ ਸੀ ਜੋ ਸਹੀ ਮਾਰਗ ਦਰਸਾਅ ਕੇ ਲੋਕਾਈ ਦਾ ਭਲਾ ਕਰਨ ਦੇ ਸਮਰੱਥ ਹੋਵੇ। ਭਗਤ ਨਾਮਦੇਵ ਜੀ ਨੇ ਸੰਦੇਸ਼ ਦਿੱਤਾ ਕਿ ਕੋਈ ਵੀ ਮਨੁੱਖ ਜਾਤ-ਪਾਤ ਕਰਕੇ ਜਾਂ ਵੱਡੇ ਪਰਵਾਰ ਵਿਚ ਜਨਮ ਲੈਣ ਨਾਲ ਵੱਡਾ ਨਹੀਂ ਹੁੰਦਾ, ਸਗੋਂ ਆਪਣੇ ਕੀਤੇ ਕੰਮਾਂ ਕਰਕੇ ਹੀ ਵੱਡਾ-ਛੋਟਾ ਹੁੰਦਾ ਹੈ। ਉਨ੍ਹਾਂ ਨੇ ਜਾਤ-ਪਾਤ, ਊਚ-ਨੀਚ, ਵਹਿਮਾਂ-ਭਰਮਾਂ ਦਾ ਭਰਪੂਰ ਖੰਡਨ ਕੀਤਾ ਅਤੇ ਨਾਮ ਸਿਮਰਨ ਕਰ ਕੇ ਇਨਸਾਨ ਨੂੰ ਉੱਚੇ-ਸੁੱਚੇ ਗੁਣਾਂ ਦਾ ਧਾਰਨੀ ਹੋਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਮਨ ਦੀ ਸ਼ੁੱਧਤਾ 'ਤੇ ਜ਼ੋਰ ਦਿੱਤਾ ਅਤੇ ਫੁਰਮਾਇਆ ਕਿ ਜਦੋਂ ਤਕ ਇਨਸਾਨ ਦਾ ਮਨ ਹੀ ਸਾਫ਼ ਨਹੀਂ ਤਾਂ ਕਿਸੇ ਵੀ ਤਰ੍ਹਾਂ ਦੇ ਨਾਮ-ਸਿਮਰਨ ਦਾ ਕੋਈ ਲਾਭ ਨਹੀਂ ਹੋ ਸਕਦਾ।

ਭਗਤ ਨਾਮਦੇਵ ਜੀ ਦੀਆਂ ਸਿੱਖਿਆਵਾਂ ਨੂੰ ਮੁਸਲਮਾਨ ਜਾਂ ਹਿੰਦੂ ਵਰਗ ਤਕ ਹੀ ਮਹਿਦੂਦ ਨਹੀਂ ਕੀਤਾ ਜਾ ਸਕਦਾ। ਭਗਤ ਨਾਮਦੇਵ ਜੀ ਨੇ ਛੀਂਬੇ ਪਰਵਾਰ ਵਿਚ ਜਨਮ ਲਿਆ, ਜੋ ਵਿਸ਼ਵ-ਭਰ ਵਿਚ ਪ੍ਰਵਾਨ ਹੋਇਆ। ਇਸ ਦਾ ਕਾਰਨ ਲਗਨ ਅਤੇ

ਸ਼ਰਧਾ ਸੀ। ਨਾਮ-ਸਿਮਰਨ ਅਤੇ ਪ੍ਰਭੂ-ਭਗਤੀ ਨੇ ਹੀ ਨਾਮਦੇਵ ਜੀ ਨੂੰ ਭਗਤ ਦੀ ਪਦਵੀ ਤੀਕ ਪਹੁੰਚਾ ਦਿੱਤਾ।

ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਨਾਮਦੇਵ ਜੀ ਦੇ ਰਚਿਤ ੬੧ ਸ਼ਬਦਾਂ ਨੂੰ ੧੮ ਰਾਗਾਂ ਵਿਚ ਦਰਜ ਕੀਤਾ। ਥੋੜ੍ਹੇ ਜਿਹੇ ਸ਼ਬਦਾਂ ਵਿਚ ਭਗਤ ਜੀ ਨੇ ਸਮੁੱਚੀ ਜੀਵਨ ਫ਼ਿਲਾਸਫ਼ੀ ਬਿਆਨ ਕੀਤੀ ਹੈ। ਭਗਤ ਜੀ ਦੀ ਸਮੁੱਚੀ ਬਾਣੀ 'ਚ ਪਰਮਾਤਮਾ ਦੇ ਨਿਰਗੁਣ ਤੇ ਸਰਗੁਣ ਸਰੂਪ ਦਾ ਵਰਣਨ ਹੈ। ਗੁਰਮਤਿ ਦੇ ਬੁਨਿਆਦੀ ਸਿਧਾਂਤ ਦੀ ਤਰ੍ਹਾਂ ਇਸ ਸਾਰੇ ਬ੍ਰਹਿਮੰਡ ਵਿਚ ਸਰਬ-ਵਿਆਪੀ ਪ੍ਰਭੂ ਦੀ ਹੋਂਦ ਹੈ। ਉਹ ਪ੍ਰਭੂ ਆਪਣੇ ਅਨੇਕ ਰੂਪਾਂ ਵਿਚ ਸੰਸਾਰ 'ਚ ਵਿਆਪਕ ਹੈ। ਆਪ ਸੰਸਾਰ ਨੂੰ ਪਰਮਾਤਮਾ ਦਾ ਲਗਾਇਆ ਬਾਗ਼ ਸਮਝਦੇ ਹਨ, ਜਿਸ ਦੀ ਦੇਖ-ਰੇਖ ਤੇ ਸੰਭਾਲ ਵੀ ਅਕਾਲ ਪੁਰਖ ਆਪ ਕਰ ਰਿਹਾ ਹੈ। ਧਨਾਸਰੀ ਰਾਗ 'ਚ ਆਪ ਫੁਰਮਾਉਂਦੇ ਹਨ ਕਿ ਸਭ ਤੋਂ ਪਹਿਲਾਂ ਜਗਤ ਭਾਵ ਸੰਸਾਰ ਇੰਵ ਸੀ ਜਿਵੇਂ ਕੰਵਲ ਦੇ ਫੁੱਲਾਂ ਦਾ ਖੇਤ। ਸਾਰੇ ਜੀਵ-ਜੰਤ ਕੰਵਲ ਦੇ ਫੁੱਲਾਂ ਦੇ ਉਸ ਖੇਤ ਦੇ ਹੰਸ ਹਨ। ਛੋਟੀ ਉਮਰ ਵਿਚ ਹੀ ਭਗਤ ਨਾਮਦੇਵ ਜੀ ਨੂੰ ਬ੍ਰਾਹਮਣਾਂ, ਪੁਜਾਰੀਆਂ ਅਤੇ ਹੋਰ ਸਮੇਂ ਦੇ ਹੁਕਮਰਾਨਾਂ ਦਾ ਭਾਰੀ ਵਿਰੋਧ ਬਰਦਾਸ਼ਤ ਕਰਨਾ ਪਿਆ ਪਰ ਉਨ੍ਹਾਂ ਨੇ ਇਸ ਵਰਗ ਦੇ ਲੋਕਾਂ ਦਾ ਡਟਵਾਂ ਵਿਰੋਧ ਕੀਤਾ ਅਤੇ ਕਾਮੇ, ਮਿਹਨਤਕਸ਼ ਲੋਕਾਂ ਅਤੇ ਗ਼ਰੀਬ ਕਿਰਤੀਆਂ ਦੇ ਹੱਕ ਵਿਚ ਪੱਖ ਪੂਰਿਆ।

ਸਮਾਜ ਵਿਚ ਭਗਤ ਨਾਮਦੇਵ ਜੀ ਦਾ ਸਤਿਕਾਰ ਦਿਨੋਂ-ਦਿਨ ਵਧ ਰਿਹਾ ਸੀ, ਪਰੰਤੂ ਈਰਖਾਲੂ ਲੋਕਾਂ ਨੂੰ ਇਹ ਬਰਦਾਸ਼ਤ ਨਹੀਂ ਸੀ ਹੋ ਰਿਹਾ। ਜਿਸ ਮਨੁੱਖ ਦੇ ਹਿਰਦੇ ਵਿਚ ਈਰਖਾ ਦੀ ਅੱਗ ਪ੍ਰਚੰਡ ਜੋ ਜਾਵੇ, ਉਸ ਦੇ ਹਿਰਦੇ ਵਿੱਚੋਂ ਸਭ ਗੁਣ ਭਸਮ ਹੋ ਜਾਂਦੇ ਹਨ। ਉਹ ਦੂਜਿਆਂ ਨੂੰ ਨੀਵਾਂ ਦਿਖਾਉਣ ਦੇ ਯਤਨ ਕਰਦੇ ਹਨ। ਅਜਿਹੇ ਈਰਖਾਲੂ ਲੋਕਾਂ ਨੇ ਭਗਤ ਨਾਮਦੇਵ ਜੀ ਨਾਲ ਬਹੁਤ ਵਾਰ ਚੰਗਾ ਵਿਹਾਰ ਨਾ ਕਰਦਿਆਂ ਉਨ੍ਹਾਂ ਦਾ ਅਪਮਾਨ ਕਰਨ ਵਿਚ ਕੋਈ ਕਸਰ ਨਹੀਂ ਛੱਡੀ।

ਇਕ ਦਿਨ ਭਗਤ ਨਾਮਦੇਵ ਜੀ ਪ੍ਰਭੂ-ਭਗਤੀ ਵਿਚ ਲੀਨ ਹੋਏ ਹੱਸਦੇ-ਖੇਡਦੇ ਇਕ ਮੰਦਿਰ ਵਿਚ ਚਲੇ ਗਏ। ਭਗਤੀ ਕਰਦੇ ਹੋਏ ਮੰਦਿਰ ਵਿਚ ਬੈਠੇ ਹੱਥ ਵਿਚ ਖੜਤਾਲਾਂ ਫੜੀਆਂ ਹੋਈਆਂ ਸਨ। ਇੰਨੇ ਚਿਰ ਵਿਚ ਮੰਦਿਰ ਦੇ ਪੁਜਾਰੀ ਜੋ ਉੱਚੀ ਜਾਤ ਨਾਲ ਸੰਬੰਧਿਤ ਸੀ, ਆ ਗਏ ਅਤੇ ਅਪਮਾਨਯੋਗ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਭਗਤ ਜੀ ਨੂੰ ਮੰਦਿਰ ਤੋਂ ਬਾਹਰ ਕੱਢ ਦਿੱਤਾ ਅਤੇ ਕਿਹਾ ਕਿ ਤੂੰ ਨੀਵੀਂ ਜਾਤ ਵਾਲਾ ਹੈ ਅਤੇ ਮੰਦਿਰ ਵਿਚ ਦਾਖ਼ਲ ਨਹੀਂ ਹੋ ਸਕਦਾ। ਭਗਤ ਨਾਮਦੇਵ ਜੀ ਨੇ ਪ੍ਰਭੂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇ ਮੇਰੀ ਜਾਤ ਨੀਵੀਂ ਹੈ, ਭਾਵੇਂ ਨੀਵੀਂ ਜਾਤ ਵਿਚ ਜਨਮ ਲਿਆ ਹੈ, ਪਰ ਮੇਰੇ ਅੰਦਰ ਤਾਂ ਪ੍ਰਭੂ ਜੀ ਆਪ ਹੀ ਹੋ। ਜੇਕਰ ਮੈਂ ਤੁਹਾਡੀ ਭਗਤੀ ਨਹੀਂ ਕਰ ਸਕਦਾ ਤਾਂ ਫਿਰ ਆਪ ਮੇਰੇ ਅੰਦਰ ਕਿਉਂ ਹੋ? ਆਪਣੀ ਕੰਬਲੀ ਮੋਢੇ 'ਤੇ ਰੱਖ ਕੇ ਪਿਛਲੇ

ਪਾਸੇ ਬੈਠ ਗਏ ਅਤੇ ਭਗਤੀ ਦੇ ਰੌਅ ਵਿਚ ਪ੍ਰਭੂ ਦੇ ਗੁਣ ਗਾਇਨ ਕਰਨ ਲੱਗ ਪਏ। ਇਸ ਵਾਕਿਆ ਨੂੰ ਭਗਤ ਨਾਮਦੇਵ ਜੀ ਨੇ ਆਪਣੀ ਬਾਣੀ ਅੰਦਰ ਇੰਝ ਬਿਆਨ ਕੀਤਾ:

*ਹਸਤ ਖੇਲਤ ਤੇਰੇ ਦੇਹੁਰੇ ਆਇਆ ॥ ਭਗਤਿ ਕਰਤ ਨਾਮਾ ਪਕਰਿ ਉਠਾਇਆ॥੧॥*
*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥ ਛੀਪੇ ਕੇ ਜਨਮਿ ਕਾਹੇ ਕਉ ਆਇਆ॥*
*ਲੈ ਕਮਲੀ ਚਲਿਓ ਪਲਟਾਇ ॥ ਦੇਹੁਰੈ ਪਾਛੈ ਬੈਠਾ ਜਾਇ ॥*
*ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥ ਭਗਤ ਜਨਾਂ ਕਉ ਦੇਹੁਰਾ ਫਿਰੈ ॥*

ਜਿਵੇਂ-ਜਿਵੇਂ ਸਿਮਰਨ ਕਰਨ ਲੱਗੇ ਤਾਂ ਉਵੇਂ-ਉਵੇਂ ਮੰਦਿਰ ਘੁੰਮ ਕੇ ਮੰਦਿਰ ਦਾ ਮੁੱਖ ਦਰਵਾਜ਼ਾ ਭਗਤ ਨਾਮਦੇਵ ਜੀ ਦੇ ਸਾਹਮਣੇ ਹੋ ਗਿਆ ਅਤੇ ਜੋ ਪੁਜਾਰੀ ਦਰਵਾਜ਼ੇ ਪੁਰ ਖੜ੍ਹੇ ਉਨ੍ਹਾਂ ਦੇ ਪਾਸੇ ਪਿੱਠ ਹੋ ਗਈ। ਇਹ ਮੰਦਿਰ ਹੁਣ ਵੀ ਮਹਾਰਾਸ਼ਟਰ ਵਿਚ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਕੁਝ ਦੂਰੀ ਪੁਰ ਸਥਿਤ ਹੈ। ਇਤਿਹਾਸ ਗਵਾਹ ਹੈ ਕਿ ਨਾਮ-ਸਿਮਰਨ ਵਿਚ ਲੀਨ ਭਗਤ ਨਾਮਦੇਵ ਜੀ ਦੇ ਜੀਵਨ ਦੀ ਅਲੌਕਿਕ ਬਖ਼ਸ਼ਿਸ਼ ਸਦਕਾ ਹੀ ਪੰਜਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਜੀ ਦੀ ਪ੍ਰਮਾਣਿਤ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕਰ ਕੇ ਆਪ ਜੀ ਨੂੰ ਸੰਸਾਰ-ਭਰ ਵਿਚ ਸਤਿਕਾਰਯੋਗ ਬਣਾ ਦਿੱਤਾ।

ਭਗਤ ਨਾਮਦੇਵ ਜੀ ਸਾਧਨਾ ਦਾ ਪ੍ਰਮੁੱਖ ਵਿਸ਼ਾ ਅਜਿਹੀ ਪ੍ਰਭੂ-ਭਗਤੀ ਹੈ ਜਿਸ ਵਿਚ ਉੱਚਾ ਆਚਰਨ, ਸੁਕ੍ਰਿਤ ਕਰਮ ਅਤੇ ਨੇਕ ਕਮਾਈ ਨੂੰ ਜੀਵਨ ਦਾ ਆਧਾਰ ਮੰਨਿਆ ਗਿਆ ਹੈ। ਉਨ੍ਹਾਂ ਨੇ ਆਪਣੀ ਬਾਣੀ ਵਿਚ ਸਿੱਧੇ ਅਤੇ ਸਰਲ ਤਰੀਕੇ ਨਾਲ ਪਰਮਾਤਮਾ ਨੂੰ ਮੰਨਣ ਦਾ ਉਪਦੇਸ਼ ਕੀਤਾ ਹੈ। ਇਸ ਪੱਖ ਤੋਂ ਉਸ ਵੇਲੇ ਪ੍ਰੋਹਿਤ ਵਰਗ ਜਿਹੜੇ ਕਰਮ-ਕਾਂਡ ਕਰਨ ਲਈ ਸਮਾਜ ਨੂੰ ਪ੍ਰੇਰ ਰਿਹਾ ਸੀ, ਭਗਤ ਨਾਮਦੇਵ ਜੀ ਉਸ ਨੂੰ ਸਖ਼ਤ ਸ਼ਬਦਾਂ ਵਿਚ ਤਾੜਨਾ ਕਰਦੇ ਹੋਏ ਪ੍ਰਭੂ ਭਗਤੀ ਕਰਨ ਦੀ ਤਾਕੀਦ ਇਸ ਪ੍ਰਕਾਰ ਕਰਦੇ ਹਨ :

*ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ॥*
*ਹਰਿ ਕਾ ਨਾਮੁ ਨਿਤ ਨਿਤਹਿ ਲੀਜੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੭੩)*

ਗੁਰਮਤਿ ਦੀ ਇਸ ਸਾਧਨਾ ਵਿਚ ਤੀਰਥ ਇਸ਼ਨਾਨ ਆਦਿ ਹੋਰ ਕਰਮਾਂ ਨੂੰ ਵਿਅਰਥ ਦੱਸਿਆ ਗਿਆ ਹੈ। ਭਗਤ ਜੀ ਕਥਨ ਕਰਦੇ ਹਨ ਕਿ ਜੇਕਰ ਮਨੁੱਖ ਦਾ ਮਨ ਸ਼ੁੱਧ ਅਤੇ ਸਾਫ ਨਹੀਂ ਹੈ ਤਾਂ ਉਸ ਦਾ ਸਾਧੂਆਂ ਵਾਲਾ ਭੇਖ ਧਾਰਨ ਕਰਨ ਦਾ ਕੋਈ ਫਾਇਦਾ ਨਹੀਂ। ਸਮਾਜ ਵਿਚ ਆਪ ਦਾ ਸਤਿਕਾਰ ਦਿਨੋਂ-ਦਿਨ ਵੱਧ ਰਿਹਾ ਸੀ, ਪਰੰਤੂ ਇਸ ਨੂੰ ਈਰਖਾਲੂ ਲੋਕ ਬਰਦਾਸ਼ਤ ਨਹੀਂ ਸਨ ਕਰਦੇ। ਜਿਸ ਮਨੁੱਖ ਦੇ ਹਿਰਦੇ ਵਿਚ ਈਰਖਾ ਦੀ ਅੱਗ ਪ੍ਰਚੰਡ ਹੋ ਜਾਵੇ, ਉਸ ਦੇ ਹਿਰਦੇ ਵਿੱਚੋਂ ਸ਼ੁਭ ਗੁਣਾਂ ਨੂੰ ਭਸਮ ਕਰ ਕੇ ਰੱਖ ਦਿੰਦੀ ਹੈ। ਅਜਿਹੇ ਮਨੁੱਖ ਹਰ ਸਮੇਂ ਦੂਜਿਆਂ ਨੂੰ ਨੀਵਾਂ ਦਿਖਾਉਣ ਲਈ ਹਰ ਹੱਥਕੰਡਾ ਵਰਤਦੇ ਹਨ। ਅਜਿਹੇ ਹੀ ਈਰਖਾਲੂ ਲੋਕਾਂ ਨੇ ਭਗਤ ਨਾਮਦੇਵ ਜੀ ਨਾਲ ਬਹੁਤੀ ਵਾਰ ਚੰਗਾ ਵਿਹਾਰ ਨਹੀਂ ਕੀਤਾ ਅਤੇ ਇਨ੍ਹਾਂ ਉੱਚ ਤੇ ਕੁਲੀਨ ਵਰਗ

ਦੇ ਲੋਕਾਂ ਨੇ ਇਨ੍ਹਾਂ ਨੂੰ ਆਪਣੇ ਉਦੇਸ਼ ਤੋਂ ਭੜਕਾਉਣ ਅਤੇ ਅਪਮਾਨਿਤ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਵੀ ਇਨ੍ਹਾਂ ਲੋਕਾਂ ਦੇ ਤ੍ਰਿਸਕਾਰ ਦਾ ਸ਼ਿਕਾਰ ਹੋਏ, ਪਰੰਤੂ ਅਧਿਆਤਮਵਾਦੀ ਭਗਤ ਸਾਹਿਬਾਨ ਪ੍ਰਭੂ-ਪ੍ਰੇਮ ਤੋਂ ਭਗਤੀ ਵਿਚ ਪ੍ਰਪੱਕ ਰਹੇ, ਕਦੇ ਡੋਲੇ ਨਹੀਂ। ਇਨ੍ਹਾਂ ਭਗਤ ਸਾਹਿਬਾਨ ਦੀ ਰਚੀ ਬਾਣੀ ਵਿੱਚੋਂ ਧਾਰਮਿਕ ਕੱਟੜਤਾ ਅਤੇ ਜਾਤ-ਪਾਤ ਦੇ ਅਭਿਮਾਨੀਆਂ ਉੱਤੇ ਮਾਰੀਆਂ ਕਰਾਰੀਆਂ ਚੋਟਾਂ ਪ੍ਰਤੱਖ ਰੂਪ ਵਿਚ ਪ੍ਰਗਟ ਹੁੰਦੀਆਂ ਹਨ।

ਭਗਤ ਨਾਮਦੇਵ ਜੀ ਦੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਮਾਨਵਤਾ ਦਾ ਸੰਦੇਸ਼ ਦੇਣ ਉਪਰੰਤ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਸੱਖੋਵਾਲ-ਭੱਟੀਵਾਲ ਹੁੰਦੇ ਹੋਏ ਘੁਮਾਣ ਨਗਰ ਵਿਖੇ ਪੁੱਜੇ। ਘੁਮਾਣ ਦੇ ਨੇੜੇ ਇੱਕ ਛੋਟਾ ਜਿਹਾ ਪਿੰਡ ਭੱਟੀਵਾਲ ਵੀ ਭਗਤ ਨਾਮਦੇਵ ਜੀ ਦੀ ਚਰਨ-ਛੋਹ ਪ੍ਰਾਪਤ ਹੈ। ਉੱਥੋਂ ਦੇ ਕੁਝ ਅਣਜਾਣ ਲੋਕਾਂ ਨੇ ਭਗਤ ਜੀ ਦੀ ਪ੍ਰੀਖਿਆ ਲੈਣ ਲਈ ਕਈ ਤਰ੍ਹਾਂ ਦੇ ਸੁਆਲ-ਜੁਆਬ ਕੀਤੇ। ਭਗਤ ਜੀ ਅਡੋਲ ਹੀ ਉਨ੍ਹਾਂ ਦੇ ਉੱਤਰ ਦਿੰਦੇ ਰਹੇ। ਇਸ ਉਪਰੰਤ ਉਨ੍ਹਾਂ ਲੋਕਾਂ ਨੂੰ ਯਕੀਨ ਹੋਇਆ ਕਿ ਇਹ ਕੋਈ ਪਰਮਾਤਮਾ ਨਾਲ ਜੁੜਿਆ ਭਗਤ ਹੈ। ਇਸੇ ਅਸਥਾਨ ਪੁਰ ਹੀ ਭਗਤ ਜੀ ਨੇ ਇਕ ਲੱਕੜੀ ਦੀ ਬਣੀ ਖੂੰਡੀ ਜ਼ਮੀਨ ਵਿਚ ਲਾ ਦਿੱਤੀ ਜੋ ਬਾਅਦ ਵਿਚ ਹਰੀ ਹੋ ਗਈ। ਹੁਣ ਇੱਥੇ ਗੁਰਦੁਆਰਾ ਖੂੰਡੀ ਸਾਹਿਬ ਮੌਜੂਦ ਹੈ। ਇਸੇ ਹੀ ਪਿੰਡ ਵਿਚ ਉਸ ਸਮੇਂ ਪਾਣੀ ਦੀ ਕਿੱਲਤ ਹੋਣ ਕਾਰਨ ਭਗਤ ਜੀ ਨੇ ਆਪਣੇ ਹੱਥੀਂ ਖੂਹ ਦਾ ਨਿਰਮਾਣ ਕਰਾਇਆ, ਜੋ ਅੱਜਕਲ੍ਹ ਗੁਰਦੁਆਰਾ ਖੂਹ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਘੁਮਾਣ ਦੇ ਨੇੜੇ ਇਕ ਬਹੁਤ ਹੀ ਘੱਟ ਵਸੋਂ ਵਾਲੇ ਨਗਰ ਸੱਖੋਵਾਲ ਵਿਖੇ ਭਗਤ ਜੀ ਨੇ ਕੁਝ ਸਮਾਂ ਬਤੀਤ ਕੀਤਾ। ਇੱਥੋਂ ਦਾ ਵਸਨੀਕ ਗ਼ਰੀਬ ਖੱਤਰੀ ਬਾਬਾ ਲੱਧਾ ਇਨ੍ਹਾਂ ਦਾ ਪੈਰੋਕਾਰ ਸੀ ਜੋ ਤੇਲ ਆਦਿ ਦਾ ਕਾਰੋਬਾਰ ਕਰਦਾ ਸੀ। ਕਾਰੋਬਾਰ ਤੋਂ ਵਾਪਸੀ ਸਮੇਂ ਕੁਟੀਆ ਵਿਚ ਮੌਜੂਦ ਦੀਵੇ ਵਿਚ ਰੋਜ਼ਾਨਾ ਤੇਲ ਪਾ ਕੇ ਜਾਂਦਾ ਸੀ। ਇੱਕ ਦਿਨ ਦੀਵੇ ਵਿਚ ਪਾਉਣ ਲਈ ਤੇਲ ਬਚਿਆ ਹੀ ਨਹੀਂ। ਜਿਸ ਕਾਰਨ ਸਿਰ ਨੀਵਾਂ ਕਰ ਕੇ ਕੁਟੀਆ ਦੇ ਕੋਲੋਂ ਲੰਘਣ ਹੀ ਲੱਗਾ ਸੀ ਕਿ ਭਗਤ ਜੀ ਨੇ ਅਵਾਜ਼ ਦੇ ਕੇ ਆਖਿਆ ਕਿ ਬਾਬਾ ਲੱਧਾ ਅੱਜ ਆਪਣਾ ਨੇਮ ਕਿਉਂ ਤੋੜ ਰਿਹਾ ਹੈਂ? ਬਾਬਾ ਲੱਧਾ ਨੇ ਆਪਣੇ ਤੇਲ ਦੇ ਖ਼ਾਲੀ ਕੁੱਪੇ ਵੱਲ ਨਜ਼ਰ ਮਾਰੀ ਤਾਂ ਦੇਖਿਆ ਕਿ ਕੁੱਪੇ ਵਿਚ ਤੇਲ ਮੌਜੂਦ ਸੀ। ਜਿਸ ਕਰਕੇ ਉਸ ਨੇ ਖਿਮਾ ਮੰਗੀ ਅਤੇ ਮੁੜ ਆਪਣੇ ਫ਼ਰਜ਼ ਨੂੰ ਕਦੇ ਵੀ ਨਹੀਂ ਭੁਲਾਇਆ। ਅਜਿਹੀਆਂ ਅਨੇਕ ਸਾਖੀਆਂ ਭਗਤ ਨਾਮਦੇਵ ਜੀ ਦੇ ਜੀਵਨ ਨਾਲ ਜੁੜੀਆਂ ਹਨ।

ਘੁਮਾਣ ਨਗਰ ਦੀ ਹਦੂਦ ਵਿਚ ਹੀ ਭਗਤ ਨਾਮਦੇਵ ਜੀ ਦੇ ਨਾਲ ਸੰਬੰਧਿਤ ਗੁਰਦੁਆਰਾ ਤਪਿਆਣਾ ਸਾਹਿਬ ਵੀ ਸੁਸ਼ੋਭਿਤ ਹੈ। ਗੁਰਦੁਆਰਾ ਤਪਿਆਣਾ ਸਾਹਿਬ ਦਾ ਬਹੁਤ ਸੁੰਦਰ ਅਸਥਾਨ ਬਣਿਆ ਹੋਇਆ ਹੈ, ਜਿੱਥੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਸੰਗਤਾਂ ਦੂਰੋਂ-ਦੂਰੋਂ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰ ਕੇ

ਨਿਹਾਲ ਹੁੰਦੀਆਂ ਹਨ। ਇਹ ਉਹ ਪਵਿੱਤਰ ਅਸਥਾਨ ਹੈ, ਜਿੱਥੇ ਭਗਤ ਜੀ ਨੇ ਆਪਣੇ ਜੀਵਨ ਦਾ ਲੰਮਾ ਸਮਾਂ ਪ੍ਰਭੂ ਦੀ ਭਗਤੀ ਕੀਤੀ। ਇੱਥੇ ਹੀ ਆਲੀਸ਼ਾਨ ਨੌ ਮੰਜਿਲਾਂ ਭੋਰਾ ਸਾਹਿਬ ਬਣਿਆ ਹੋਇਆ ਹੈ। ਉਸ ਸਮੇਂ ਇਕ ਕੇਸ਼ੋਦਾਸ ਕੋਹੜੀ ਜੋ ਆਪਣੀ ਜ਼ਿੰਦਗੀ ਦੇ ਦੁਖ ਨਾ ਸਹਾਰਦਾ ਹੋਇਆ ਆਤਮ-ਹੱਤਿਆ ਕਰਨ ਜਾ ਰਿਹਾ ਸੀ ਕਿ ਭਗਤ ਜੀ ਵੱਲੋਂ ਉਸ ਨੂੰ ਨਜ਼ਦੀਕ ਹੀ ਇਕ ਛੱਪੜੀ ਵਿਚ ਇਸ਼ਨਾਨ ਕਰਨ ਲਈ ਕਿਹਾ ਗਿਆ ਜੋ ਬਿਲਕੁਲ ਤੰਦਰੁਸਤ ਹੋ ਕੇ ਪ੍ਰਭੂ ਦੇ ਗੁਣ-ਗਾਇਨ ਕਰਨ ਲੱਗ ਪਿਆ।

ਭਗਤ ਨਾਮਦੇਵ ਜੀ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਨਗਰ ਘੁਮਾਣ ਵਿਚ ਪੁੱਜੇ ਅਤੇ ਇੱਥੇ ਆਪ ਨੇ ਲੰਮਾ ਸਮਾਂ ਪ੍ਰਭੂ-ਭਗਤੀ ਕੀਤੀ। ਪੰਜਾਬ ਦੇ ਵਾਯੂਮੰਡਲ, ਇੱਥੋਂ ਦੇ ਸਭਿਆਚਾਰ ਅਤੇ ਲੋਕਾਂ ਦੇ ਕਾਰ-ਵਿਹਾਰ ਨੇ ਭਗਤ ਨਾਮਦੇਵ ਜੀ ਦੇ ਮਨ ਉੱਪਰ ਡੂੰਘਾ ਪ੍ਰਭਾਵ ਪਾਇਆ। ਪੰਜਾਬ ਦੇ ਨਾਮਦੇਵ ਨਗਰ, ਘੁਮਾਣ (ਗੁਰਦਾਸਪੁਰ) ਵਿਚ ਹੀ ੧੩੫੦ ਈ. ਨੂੰ ਆਪਣੀ ਜੀਵਨ ਯਾਤਰਾ ਸੰਪੂਰਨ ਕਰ ਕੇ ਬ੍ਰਹਮਲੀਨ ਹੋ ਗਏ। ਇੱਥੇ ਹੀ ਉਨ੍ਹਾਂ ਦੀ ਪਵਿੱਤਰ ਯਾਦ ਵਿਚ ਅੰਤਿਮ ਅਸਥਾਨ ਮੌਜੂਦ ਹੈ ਅਤੇ ਨਾਲ ਹੀ ਇੱਕ ਸ਼ਾਨਦਾਰ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਜਿੱਥੇ ਸਵੇਰੇ-ਸ਼ਾਮ ਮਰਯਾਦਾ ਅਨੁਸਾਰ ਸੇਵਾ ਨਿਭਾਈ ਜਾਂਦੀ ਹੈ। ਸ੍ਰੀ ਨਾਮਦੇਵ ਦਰਬਾਰ ਕਮੇਟੀ ਵੱਲੋਂ ਸਮੇਂ-ਸਮੇਂ ਗੁਰਮਤਿ ਸਮਾਗਮ ਕਰਵਾਏ ਜਾਂਦੇ ਹਨ ਅਤੇ ਖਾਸ ਕਰਕੇ ਭਗਤ ਨਾਮਦੇਵ ਜੀ ਦਾ ਜਨਮ ਦਿਹਾੜਾ ਅਤੇ ਅਕਾਲ ਚਲਾਣਾ ਦਿਵਸ ਹਰ ਸਾਲ ਸੰਗਤ ਵੱਲੋਂ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਜਾਂਦਾ ਹੈ।

ਨਗਰ ਘੁਮਾਣ, ਜਿਸ ਨੂੰ ਅੱਜ ਨਾਮਦੇਵ ਨਗਰ ਨਾਲ ਵੀ ਜਾਣਿਆ ਜਾਂਦਾ ਹੈ, ਵਿਖੇ ਭਗਤ ਜੀ ਦੇ ਪਵਿੱਤਰ ਯਾਦਗਾਰੀ ਅਸਥਾਨ ਨੂੰ ਹੋਰ ਵੀ ਆਧੁਨਿਕ ਢੰਗ ਨਾਲ ਸ੍ਰੀ ਦਰਬਾਰ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਖੂਬਸੂਰਤ ਤਿਆਰ ਕੀਤਾ ਜਾ ਰਿਹਾ ਹੈ। ਭਗਤ ਨਾਮਦੇਵ ਜੀ ਦੀ ਸਿੱਖਿਆ ਅੱਜ ਵੀ ਉਨੀ ਹੀ ਮਹੱਤਵਪੂਰਨ ਹੈ, ਜਿੰਨੀ ਉਸ ਵਕਤ ਵਿਚ ਸੀ। ਉਨ੍ਹਾਂ ਨੇ ਸੱਚ ਦਾ ਗਿਆਨ ਮਨੁੱਖਤਾ ਨੂੰ ਪ੍ਰਦਾਨ ਕੀਤਾ ਅਤੇ ਊਚ-ਨੀਚ ਦੇ ਝਮੇਲੇ ਨੂੰ ਖਤਮ ਕਰਨ ਦੇ ਅਣਥੱਕ ਯਤਨ ਕੀਤੇ। ਅਜੋਕੇ ਸਮੇਂ ਦੀ ਲੋੜ ਹੈ ਕਿ ਉਨ੍ਹਾਂ ਦੀ ਉੱਚੀ-ਸੁੱਚੀ ਵਿਚਾਰਧਾਰਾ ਨੂੰ ਅਪਣਾਉਣ ਦੇ ਯਤਨ ਕਰੀਏ।

ਅਖੀਰ ਵਿਚ ਕਹਿ ਸਕਦੇ ਹਾਂ ਕਿ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਮਨੁੱਖੀ ਆਚਰਨ ਨੂੰ ਉੱਚਾ ਕਰਨ ਲਈ ਨੈਤਿਕ ਸੇਧਾਂ ਦਿੱਤੀਆਂ ਗਈਆਂ ਹਨ। ਭਗਤ ਜੀ ਦੀ ਬਾਣੀ ਉੱਤਮ ਗੁਣਾਂ ਨਾਲ ਅਣਮੁੱਲੇ ਖ਼ਜ਼ਾਨੇ ਦਾ ਭੰਡਾਰ ਹੈ। ਉਨ੍ਹਾਂ ਨੇ ਮਨੁੱਖ ਨੂੰ ਔਗੁਣਾਂ ਦਾ ਤਿਆਗ ਕਰ ਕੇ ਸਦਗੁਣਾਂ ਨੂੰ ਧਾਰਨ ਕਰਨ ਦਾ ਉਪਦੇਸ਼ ਦਿੱਤਾ ਹੈ। ਉੱਚੇ ਤੇ ਸੁੱਚੇ ਜੀਵਨ ਦਾ ਧਾਰਨੀ ਮਨੁੱਖ ਹੀ ਪਰਮਾਤਮਾ ਨਾਲ ਸਾਂਝ ਪਾ ਸਕਦਾ ਹੈ। ਸਾਨੂੰ ਸਭ ਨੂੰ ਭਗਤ ਨਾਮਦੇਵ ਜੀ ਦੇ ਸੱਚੇ-ਸੁੱਚੇ ਮਾਰਗ 'ਤੇ ਚੱਲਦਿਆਂ ਆਪਣਾ ਜੀਵਨ ਸਫ਼ਲ ਕਰਨਾ ਚਾਹੀਦਾ ਹੈ। ■

# ਭਗਤ ਨਾਮਦੇਵ ਜੀ ਦਾ ਵਿਸਮਾਦੀ ਜੀਵਨ ਬ੍ਰਿਤਾਂਤ
## (ਪੰਜਾਬ ਆਮਦ ਤੋਂ ਪੂਰਵ ਕਾਲ ਦਾ)

*-ਗਿਆਨੀ ਸੁਰਿੰਦਰ ਸਿੰਘ ਨਿਮਾਣਾ**

ਮਨੁੱਖ ਸਿਰਫ਼ ਮਨੁੱਖ ਹੁੰਦਾ ਹੈ ਪਰੰਤੂ ਸਾਡੇ ਦੇਸ਼ 'ਚ ਅੱਜ ਵੀ ਉਸ ਦੀ 'ਜਾਤ' ਪੁੱਛੀ ਜਾਂਦੀ ਹੈ ਅਤੇ ਇੱਥੋਂ ਤਕ ਕਿ ਉਸ ਦੇ ਮਾਪਿਆਂ ਦੁਆਰਾ ਉਸ ਦੇ ਰੱਖੇ ਗਏ ਨਾਮ ਦੇ ਨਾਲ-ਨਾਲ ਉਸ ਦੀ ਜਾਤ ਦਾ ਵੀ ਉਲੇਖ ਕੀਤਾ ਜਾਂਦਾ ਹੈ; ਕਈ ਥਾਈਂ ਜਾਤ ਪੁੱਛੀ ਜਾਂਦੀ ਹੈ ਅਤੇ ਦਸਤਾਵੇਜ਼ਾਂ 'ਚ ਖਾਸ ਤੌਰ 'ਤੇ ਕਲਮਬੱਧ ਕੀਤੀ ਜਾਂਦੀ ਹੈ। ਇਹ ਗ਼ਲਤ ਪਰੰਪਰਾ ਹੈ। ਸਭ ਦੇ ਲਹੂ ਦਾ ਰੰਗ ਇੱਕੋ ਹੁੰਦਾ ਹੈ- 'ਲਾਲ'। ਸਾਡੇ ਹੀ ਦੇਸ਼ ਭਾਰਤ ਵਰਸ਼ 'ਚ ਹਜ਼ਾਰਾਂ ਵਰ੍ਹਿਆਂ ਤੋਂ ਚੱਲੀ ਆ ਰਹੀ ਜਾਤ-ਪਾਤੀ ਵਿਵਸਥਾ ਦੇ ਖ਼ਿਲਾਫ਼ ਅਵਾਜ਼ ਉਠਾਉਣ ਦੀ ਪਹਿਲ-ਕਦਮੀ ਕਰਨ ਦਾ ਮਾਣ ਭਗਤੀ ਲਹਿਰ ਨੂੰ ਜਾਂਦਾ ਹੈ। ਵੈਸੇ ਭਗਤੀ ਲਹਿਰ ਦੇ ਬੀਜ ਰੂਪ ਅੰਸ਼ ਤਾਂ ਵਿਰਲੇ-ਟਾਵੇਂ ਪ੍ਰਾਚੀਨਤਮ ਕਾਵਿ 'ਚੋਂ ਵੀ ਲੱਭੇ ਜਾ ਸਕਦੇ ਹਨ ਪਰੰਤੂ ਜਾਤ-ਪਾਤੀ ਵਿਵਸਥਾ 'ਚ ਸਭ ਤੋਂ ਉੱਪਰਲੀ ਚੋਟੀ 'ਤੇ ਬੈਠਾ ਬ੍ਰਾਹਮਣ ਆਪਣਾ ਏਨਾ ਪ੍ਰਭਾਵ ਸਥਾਪਿਤ ਕਰ ਗਿਆ ਕਿ ਦੇਸ਼ 'ਚ ਜਾਤ-ਪਾਤੀ ਪ੍ਰਨਾਲੀ ਨੂੰ ਹਜ਼ਾਰਾਂ ਸਾਲਾਂ ਤਕ ਹਿਲਾਉਣਾ ਵੀ ਮੁਮਕਿਨ ਨਾ ਰਿਹਾ। ਸਿੱਖ ਗੁਰੂ ਸਾਹਿਬਾਨ ਨੇ ਆਪਣੇ ਮੂਲ ਕਰਮ-ਅਸਥਾਨ ਵਿਸ਼ਾਲ ਪੰਜਾਬ ਦੇ ਨਾਲ-ਨਾਲ ਦੇਸ਼ ਦੀਆਂ ਸਾਰੀਆਂ ਦਿਸ਼ਾਵਾਂ ਦੇ ਖੇਤਰਾਂ ਤਕ ਖ਼ੁਦ ਪਹੁੰਚ ਕੇ ਜਾਂ ਉਨ੍ਹਾਂ ਦੁਆਰਾ ਜਾਤ-ਪਾਤੀ ਵਿਵਸਥਾ ਨੂੰ ਸਿਧਾਂਤਕ ਦੇ ਨਾਲ-ਨਾਲ ਵਿਹਾਰਕ ਰੂਪ 'ਚ ਹਿਲਾ ਦੇਣ ਕਰਕੇ ਜਾਤ-ਪਾਤ ਦੇ ਬੰਧਨਾਂ ਨੂੰ ਤਿਆਗਦਿਆਂ ਉਨ੍ਹਾਂ ਨਾਲ ਵਿਚਾਰਾਂ ਦੀ ਸਾਂਝ ਬਣਾਉਣ ਅਤੇ ਗੁਰੂ-ਘਰ ਦੀ ਅਮਲੀ ਤੌਰ 'ਤੇ ਉਨ੍ਹਾਂ ਨਾਲ ਖੁੱਲ੍ਹੇ ਮੇਲ-ਮਿਲਾਪ ਅਤੇ ਪ੍ਰਸਪਰ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਦਿਆਂ ਡੂੰਘੀ ਮਾਨਵਤਾਵਾਦੀ ਸਾਂਝ ਕਾਇਮ ਕੀਤੀ। ਇਹ ਇਸ ਪੱਖੋਂ ਮੱਧਕਾਲ ਦਾ ਪਿਆਰ ਤੇ ਮਿਲਵਰਤਨ ਦਾ ਯੁੱਗ ਸਥਾਪਿਤ ਕਰਨ ਦੀ ਦਿਸ਼ਾ 'ਚ ਇਤਿਹਾਸਿਕ ਕਰਮ ਸੀ। ਇਹ ਤੱਥ ਗੁਰ-ਇਤਿਹਾਸ ਦਾ ਅਟੁੱਟ ਅੰਗ ਹਨ।

ਮੱਧਕਾਲੀ ਭਗਤੀ ਲਹਿਰ ਦੇ ਪ੍ਰਵਰਤਕਾਂ 'ਚੋਂ ਭਗਤ ਨਾਮਦੇਵ ਜੀ ਦਾ ਨਾਂ ਬਹੁਤ ਹੀ ਕੀਰਤੀ ਵਾਲਾ ਅਤੇ ਮਹੱਤਵਪੂਰਨ ਹੈ। ਆਪ ਜੀ ਨੇ ਇਸ ਕਾਲ 'ਚ ਭਗਤੀ ਲਹਿਰ ਅਤੇ ਭਗਤੀ-ਕਾਵਿ ਧਾਰਾ ਨੂੰ ਬੜਾ ਭਰਪੂਰ ਵਧਾਵਾ ਦਿੱਤਾ।

ਭਗਤ ਨਾਮਦੇਵ ਜੀ ਦਾ ਜੀਵਨ-ਕਾਲ ੧੨੭੦ ਈ. ਤੋਂ ੧੩੫੦ ਈ. ਤਕ ਦਾ ਲੱਗਭਗ ੮੦ ਵਰ੍ਹਿਆਂ ਦਾ ਸਮਾਂ ਹੈ।

---

**#੫, ਹੰਸਲੀ ਕਵਾਟਰਜ਼, ਨਿਊ ਤਹਿਸੀਲਪੁਰਾ, ਸ੍ਰੀ ਅੰਮ੍ਰਿਤਸਰ—੧੪੩੦੦੧; ਮੋ. +੯੧੯੮੭੨੭-੩੫੧੧੧*

ਆਪ ਜੀ ਨੂੰ ਭਗਤੀ-ਭਾਵਨਾ ਦੀ ਉਚੇਰੀ ਵਸਤੂ ਸਹਿਜ ਸੁਭਾਵਿਕ ਆਪਣੇ ਘਰੋਂ ਹੀ ਪਹਿਲਾਂ ਗੁੜ੍ਹਤੀ ਦੇ ਤੌਰ 'ਤੇ ਮਿਲੀ ਅਤੇ ਚੇਤੰਨਤਾ ਸਹਿਤ ਵਿਧੀਵਤ ਰੂਪ 'ਚ ਵੀ। ਇਸ ਸੰਬੰਧੀ ਸਾਡੇ ਇਕ ਸਮਕਾਲੀਨ ਵਿਦਵਾਨ ਖੋਜੀ ਦੇ ਸ਼ਬਦਾਂ ਨੂੰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਨਾ ਵਧੇਰੇ ਉੱਚਿਤ ਹੋਵੇਗਾ :

*"ਪਿਤਾ ਜੀ ਪਾਸੋਂ ਨਾਮਦੇਵ ਜੀ ਨੂੰ ਭਗਤੀ ਦੀ ਗੁੜਤੀ ਮਿਲੀ ਅਤੇ ਸੰਤ ਗਿਆਨੇਸ਼ਵਰ ਅਤੇ ਹੋਰ ਸੰਤਾਂ ਦੀ ਸੰਗਤ ਕਰਦੇ ਹੋਏ ਆਪ ਜੀ ਗੁਰੂ ਧਾਰਨ ਵੱਲ ਪ੍ਰੇਰਿਤ ਹੋਏ। ਆਪ ਜੀ ਨੇ ਵਿਸ਼ੋਭਾ ਖੇਚਰ ਜੀ ਨੂੰ ਆਪਣਾ ਗੁਰੂ ਧਾਰਿਆ। ਜੀਵਨ ਦਾ ਬਹੁਤ ਸਾਰਾ ਸਮਾਂ ਆਪ ਜੀ ਨੇ ਜ਼ਿਲ੍ਹਾ ਸ਼ੋਲਾਪੁਰ ਵਿਚ ਪੈਂਦੇ ਪੰਡਰਪੁਰ ਦੇ ਸਥਾਨ 'ਤੇ ਬਤੀਤ ਕੀਤਾ। ਵਾਰਕਰੀ ਜਾਂ ਬੀਠਲ ਸੰਪਰਦਾ ਦੇ ਸ਼ਰਧਾਲੂਆਂ ਲਈ ਪੰਡਰਪੁਰ ਦਾ ਸਥਾਨ ਪ੍ਰਮੁੱਖ ਤੀਰਥਾਂ ਵਿੱਚੋਂ ਇਕ ਸੀ। ਸੰਤ ਗਿਆਨੇਸ਼ਵਰ ਇਸ ਸੰਪਰਦਾ ਦੇ ਪ੍ਰਮੁੱਖ ਸੰਤ ਸਨ। ਇਨ੍ਹਾਂ ਦੀ ਭੈਣ ਮੁਕਤਾਬਾਈ ਜੀ ਨੇ ਕਈ ਸੰਤਾਂ ਦੀ ਹਾਜ਼ਰੀ ਵਿਚ ਸੰਤ ਗੋਰਾ ਘੁਮਿਆਰ ਜੀ ਨੂੰ ਨਾਮਦੇਵ ਜੀ ਦੀ ਪਰਖ ਕਰਨ ਲਈ ਆਖਿਆ। ਗੋਰਾ ਘੁਮਿਆਰ ਜੀ ਨੇ ਹੱਥ ਵਿਚ ਫੜੀ ਸੋਟੀ ਨਾਲ ਨਾਮਦੇਵ ਜੀ ਦਾ ਸਿਰ ਠਣਕਾ ਕੇ ਕਿਹਾ: 'ਅਜੇ ਇਹ ਕੱਚੇ ਹਨ।' ਇਸ ਦਾ ਭਾਵ ਸੀ ਕਿ ਅਜੇ ਨਾਮਦੇਵ ਜੀ ਨੇ ਗੁਰੂ ਧਾਰਨ ਨਹੀਂ ਕੀਤਾ ਹੋਇਆ। ਸੰਤ ਮੁਕਤਾਬਾਈ ਜੀ ਅਤੇ ਸੰਤ ਗੋਰਾ ਘੁਮਿਆਰ ਜੀ ਦੀ ਪ੍ਰੇਰਨਾ ਅਤੇ ਸਲਾਹ ਨੂੰ ਮੰਨਦੇ ਹੋਏ ਭਗਤ ਨਾਮਦੇਵ ਜੀ ਨੇ ਸੰਤ ਵਿਸ਼ੋਭਾ ਖੇਚਰ ਜੀ ਨੂੰ ਆਪਣਾ ਗੁਰੂ ਧਾਰਨ ਕੀਤਾ।"*[੧]

ਇਕ ਪੱਖ ਖਾਸ ਹੈ ਕਿ ਸੰਤ ਮੁਕਤਾਬਾਈ ਭੈਣ ਦੀ ਆਪਣੇ ਵੀਰ ਨੂੰ ਭਗਤੀ ਦੇ ਰਾਹ 'ਤੇ ਤੋਰਨ ਦੀ ਪ੍ਰਬਲ ਉਮੰਗ ਉਕਤ ਹਵਾਲੇ 'ਚੋਂ ਝਲਕਦੀ ਦਿੱਸਦੀ ਹੈ। ਲੱਗਭਗ ਸਾਰੇ ਭਗਤ ਸਾਹਿਬਾਨ ਬਾਰੇ ਸਰਬ-ਵਿਆਪਕ ਅਵਧਾਰਨਾ ਉਨ੍ਹਾਂ ਦੇ ਇਤਿਹਾਸਿਕ ਬ੍ਰਿਤਾਂਤਾਂ 'ਚੋਂ ਮਿਲਦੀ ਹੈ ਕਿ ਉਹ ਜਿੱਥੇ ਪਰਮਾਤਮਾ ਦੀ ਭਗਤੀ ਭਾਵਨਾ 'ਚ ਪ੍ਰਪੱਕ ਸਨ, ਉੱਥੇ ਉਹ ਹਰ ਜੀਵ 'ਚੋਂ ਪਰਮਾਤਮਾ ਦਾ ਹੀ ਨੂਰ ਵੇਖਦੇ ਸਨ ਅਤੇ ਉਨ੍ਹਾਂ ਦੀ ਨਿਰਮਲ ਪਾਕੀਜ਼ ਦ੍ਰਿਸ਼ਟੀ 'ਚ ਨਫ਼ਰਤ ਜਾਂ ਘਿਰਣਾ ਦਾ ਅੰਸ਼-ਮਾਤਰ ਵੀ ਨਹੀਂ ਸੀ, ਪਰ ਸਰਬ-ਸ਼ਕਤੀਮਾਨ ਪਰਮਾਤਮਾ 'ਤੇ ਇੱਕੋ-ਇਕ ਪ੍ਰਪੱਕ ਟੇਕ, ਸਿਦਕ ਤੇ ਭਰੋਸਾ ਰੱਖਣ ਕਰਕੇ ਉਹ ਕਿਸੇ ਵੀ ਵੱਡੀ ਤੋਂ ਵੱਡੀ ਰਾਜਨੀਤਿਕ ਧੌਂਸ ਪ੍ਰਤੀ ਪ੍ਰਤੀਕਰਮ ਤਤਕਾਲ ਅਤੇ ਜ਼ੋਰਦਾਰ ਰੂਪ 'ਚ ਦੇਣ ਵਾਲੇ ਵੱਡੇ ਸਾਹਸੀ ਜੀਊੜੇ (ਆਤਮਾ) ਸਨ, ਅਤੇ ਸਥਿਤੀਆਂ ਬਣਨ 'ਤੇ ਉਨ੍ਹਾਂ ਤਤਕਾਲੀ ਰਾਜਨੀਤਿਕ ਪ੍ਰਬੰਧ ਵਿਰੁੱਧ ਅਨਿਆਂ ਤੇ ਅੱਤਿਆਚਾਰ ਭਾਵੇਂ ਉਹ ਕਿਸੇ ਵੀ ਰੁਖ਼-ਢੰਗ ਦਾ ਕਿਉਂ ਨਾ ਹੋਵੇ ਦੇ ਖ਼ਿਲਾਫ਼ ਸਾਹਸੀ ਭਰੀ ਦ੍ਰਿੜ੍ਹਤਾ ਸਹਿਤ ਖੜ੍ਹ ਜਾਂਦੇ ਰਹੇ ਅਤੇ ਉਨ੍ਹਾਂ ਰਾਜਨੀਤਿਕਾਂ ਦੀ ਹੈਂਕੜ ਹਵਾ ਹੁੰਦੀ ਰਹੀ। ਦੂਸਰੀ ਗੱਲ, ਭਗਤੀ-ਭਾਵ ਦਾ ਤੱਤ ਹਰ ਭਗਤ 'ਚ ਪਹਿਲਾਂ ਤੋਂ ਹੀ ਵਿਦਮਾਨ ਹੁੰਦਾ ਜਾਂ ਇਹ ਕੋਈ ਖਾਸ ਸਥਿਤੀ ਬਣਨ

ਦਾ ਸਦਕਾ ਇਸ ਦਾ ਸਬੂਤ ਸਾਕਾਰ ਰੂਪ 'ਚ ਸਰਬ-ਸਾਧਾਰਨ ਲੋਕਾਈ ਦੇ ਸਨਮੁਖ ਰੂਪਮਾਨ ਹੁੰਦਾ ਰਿਹਾ। ਭਗਤ ਨਾਮਦੇਵ ਜੀ ਦੇ ਜੀਵਨ ਬ੍ਰਿਤਾਂਤ ਦੇ ਸਨਮੁਖ ਇਨ੍ਹਾਂ ਦੋਨ੍ਹਾਂ ਸੰਦਰਭਾਂ ਦੇ ਅੰਸ਼ ਥਾਂ-ਪੁਰ-ਥਾਂ ਉਜਾਗਰ ਹੁੰਦੇ ਹੋਏ ਪਾਠਕਾਂ ਦੇ ਸਨਮੁਖ ਜ਼ਾਹਰ ਹੋਣਗੇ ਜਿਵੇਂ-ਜਿਵੇਂ ਭਗਤ ਨਾਮਦੇਵ ਜੀ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਅਤੇ ਸਾਹਸੀ ਕਰਮ-ਅਮਲ ਉਨ੍ਹਾਂ ਦੀ ਵਿਚਾਰ-ਦ੍ਰਿਸ਼ਟੀ 'ਚ ਆਉਣਗੇ।

ਗੁਰੂ ਦੁਆਰਾ (ਸ਼ਿਸ਼) ਨਾਮਦੇਵ ਜੀ ਦੀ ਬਿਖਮ ਪ੍ਰੀਖਿਆ: ਕੋਈ ਵੀ ਮਹਾਨ ਸ਼ਖ਼ਸੀਅਤ ਪੂਰਨ ਨਿੱਖਰ ਕੇ ਲੋਕਾਂ ਦੇ ਸਾਹਮਣੇ ਤਦੋਂ ਹੀ ਆਉਂਦੀ ਹੈ ਜਦੋਂ ਉਹ ਅਤਿ ਮੁਸ਼ਕਿਲ ਪਰਖ 'ਚੋਂ ਗੁਜ਼ਰਦੀ ਹੈ। ਸਰਬ-ਸਾਧਾਰਨ ਲੋਕ ਕਿਸ ਸ਼ਖ਼ਸੀਅਤ ਨੂੰ ਸਹਿਜ ਰੂਪ ਮਾਨਤਾ ਵੀ ਕਿੱਥੇ ਦਿੰਦੇ ਹਨ ਭਾਵੇਂ ਕਿ ਪਰਮਾਤਮਾ ਨਾਲ ਜੁੜੇ ਭਗਤ-ਜਨਾਂ ਦਾ ਰੰਚਕ-ਮਾਤਰ ਵੀ ਅੰਤਰ-ਖ਼ਿਆਲ ਆਪਣੀ ਮੁਕਤੀ ਦਾ ਪ੍ਰਦਰਸ਼ਨ ਕਰਨਾ ਨਹੀਂ ਹੋ ਸਕਦਾ!

*"ਜਦੋਂ ਭਗਤ ਨਾਮਦੇਵ ਜੀ ਨਾਗਨਾਥ ਦੇ ਮੰਦਰ ਵਿਚ ਵਿਸ਼ੋਭਾ ਖੇਚਰ ਜੀ ਨੂੰ ਮਿਲਣ ਗਏ ਤਾਂ ਸੰਤ ਵਿਸ਼ੋਭਾ ਜੀ ਇਕ ਕੋਹੜੀ ਦੇ ਰੂਪ ਵਿਚ ਆਪਣਾ ਜ਼ਖ਼ਮੀ ਪੈਰ ਸਿਲਾ 'ਤੇ ਰੱਖ ਕੇ ਬੈਠੇ ਹੋਏ ਸਨ। ਭਗਤ ਨਾਮਦੇਵ ਜੀ ਇਹ ਦੇਖ ਕੇ ਦੁਖੀ ਹੋ ਗਏ ਕਿ ਇਹ ਕਿਹੋ ਜਿਹਾ ਸੰਤ ਹੈ! ਵਿਸ਼ੋਭਾ ਜੀ ਨੇ ਉਨ੍ਹਾਂ ਦੀ ਭਾਵਨਾ ਨੂੰ ਸਮਝਦਿਆਂ ਕਿ ਜਿੱਥੇ ਪਰਮਾਤਮਾ ਨਹੀਂ ਹੈ, ਉੱਥੇ ਉਹ ਉਨ੍ਹਾਂ ਦਾ ਪੈਰ ਰੱਖ ਦੇਣ।. . . ਨਾਮਦੇਵ ਜੀ ਨੂੰ ਸਮਝ ਆ ਗਈ ਕਿ ਪਰਮਾਤਮਾ ਕੇਵਲ ਪੰਡਰਪੁਰ ਦੇ ਸਥਾਨ 'ਤੇ ਹੀ ਸੀਮਿਤ ਨਹੀਂ, ਉਹ ਤਾਂ ਸਰਬ-ਵਿਆਪਕ ਹੈ। ਫਿਰ ਵਿਸ਼ੋਭਾ ਖੇਚਰ ਜੀ ਨੇ ਕਿਹਾ ਕਿ ਉਨ੍ਹਾਂ ਦੇ ਸਰੀਰ ਨੂੰ ਉਠਾ ਕੇ ਮੰਦਰ ਤੋਂ ਬਾਹਰ ਲਿਜਾਣ। ਨਾਮਦੇਵ ਜੀ ਨੇ ਬਿਨਾਂ ਦੇਰੀ ਕੀਤੇ ਸੰਤ ਜੀ ਨੂੰ ਚੁੱਕ ਕੇ ਬਾਹਰ ਲੈ ਆਂਦਾ, ਭਾਵੇਂ ਉਨ੍ਹਾਂ ਦੇ ਸਰੀਰ 'ਤੇ ਖ਼ੂਨ ਵੀ ਲੱਗ ਗਿਆ। ਪ੍ਰਸੰਨ ਹੋ ਕੇ ਸੰਤ ਜੀ ਨੇ ਆਪਣਾ ਤੰਦਰੁਸਤ ਰੂਪ ਪ੍ਰਗਟ ਕਰ ਦਿੱਤਾ। ਨਾਮਦੇਵ ਜੀ ਨੇ ਉਨ੍ਹਾਂ ਨੂੰ ਗੁਰੂ ਧਾਰ ਲਿਆ।"*[੭]

ਸਾਖੀ ਦਾ ਅੰਤਰੀਵ ਭਾਵ : ਇਹ ਉਕਤ ਸਾਖੀ ਗੁਰੂ-ਸ਼ਿਸ਼ ਦੇ ਸੰਪਰਕ 'ਚ ਪ੍ਰਪੱਕ ਰੂਪ 'ਚ ਬੱਝਣ ਦਾ ਭਾਵ-ਭਿੰਨਾ, ਚਮਤਕਾਰੀ/ਕਰਾਮਾਤੀ ਪ੍ਰਭਾਵ ਦੇਣ ਵਾਲਾ ਬ੍ਰਿਤਾਂਤ ਪ੍ਰਸਤੁਤ ਕਰਦੀ ਹੋਈ ਇਹ ਦਰਸਾਉਂਦੀ ਹੈ ਕਿ ਸਵੈ-ਖੋਜ ਭਾਵੇਂ ਕਿੰਨੀ ਵੀ ਡੂੰਘੇਰੀ ਕਿਉਂ ਨਾ ਹੋ ਜਾਵੇ ਅਧਿਆਤਮਿਕ ਮੁਹਾਜ਼ 'ਤੇ ਕਿਸੇ ਜਗਿਆਸੂ ਦਾ ਆਪਣਾ ਵਿਅਕਤੀਗਤ ਦਮ-ਖ਼ਮ ਦੀ ਟੇਕ 'ਤੇ ਰਹਿਣਾ ਨਿਰਣੈਜਨਕ ਨਹੀਂ ਹੁੰਦਾ, ਗੁਰੂ/ਮੁਰਸ਼ਦ ਦੀ ਜ਼ਰੂਰਤ ਨਿਰਵਿਵਾਦ ਰੂਪ 'ਚ ਹੈ। ਦਰਅਸਲ ਕੋਈ ਵੀ ਉਚੇਰੀ ਅਵਸਥਾ ਕਰੜੀ ਪਰਖ ਜਾਂ ਅਨੁਸ਼ਾਸਨ 'ਚੋਂ ਗੁਜ਼ਰਨ/ਅਪਣਾਉਣ ਤੋਂ ਬਗ਼ੈਰ ਹਾਸਲ ਹੋਣੀ ਨਾਮੁਮਕਿਨ ਹੈ। ਜੇਕਰ ਸੰਸਾਰਿਕ ਜ਼ਿੰਮੇਵਾਰ ਪਦਵੀਆਂ 'ਤੇ ਲੋੜੀਂਦੀ ਪਰਖ ਪ੍ਰੀਖਿਆ 'ਚੋਂ ਗੁਜ਼ਰ ਕੇ ਹੀ ਪਹੁੰਚਣਾ ਸੰਭਵ/ਸੰਭਾਵੀ ਹੋ ਸਕਦਾ ਹੈ ਤਾਂ ਅਧਿਆਤਮ

ਦੀ ਪਦਵੀ ਤਾਂ ਇਹ ਤੋਂ ਕਈ ਗੁਣਾ ਬਿਖਮ ਪੈਂਡਾ ਕੱਟਣ ਬਾਅਦ ਹਾਸਲ ਹੋਣ ਵਾਲੀ ਮੰਜ਼ਿਲ ਹੈ। ਇਸ ਖੇਤਰ 'ਚ ਮਾਤਰ ਸਵੈ-ਅਧਿਐਨ ਦੀ ਕੋਈ ਵਿਵਸਥਾ ਮੌਜੂਦ ਨਹੀਂ ਹੈ। ਫਿਰ ਵੀ ਕਿਧਰੇ ਬਹੁਤ ਵਿਰਲੀ-ਟਾਵੀਂ ਅਪਵਾਦ ਦੀ ਵਿਵਸਥਾ ਤਾਂ ਹੋ ਸਕਦੀ ਹੈ ਪਰੰਤੂ ਉਸ ਲਈ ਖ਼ੁਦ ਨੂੰ ਖ਼ੁਦ ਦਾ ਸੋਧਕ ਬਣਾਉਣ ਦੀ ਜ਼ਰੂਰਤ ਤਾਂ ਹੋਵੇਗੀ ਹੀ। ਸਰਬਉੱਚ ਵਿਵਸਥਾ ਕਿਸੇ ਖੇਤਰ ਦੀ ਵੀ ਹੋਵੇ; ਸੰਭਾਵੀ ਕਮੀਆਂ/ਉਣਤਾਈਆਂ ਨੂੰ ਖ਼ੂਬੀਆਂ/ਵਿਸ਼ੇਸ਼ਤਾਵਾਂ 'ਚ ਬਦਲ ਕੇ ਹੀ ਪ੍ਰਾਪਤ ਹੋਇਆ ਜਾ ਸਕਦਾ ਹੈ।

ਭਗਤਾਂ, ਸੂਫੀਆਂ, ਸੰਤਾਂ ਆਦਿ ਦੇ ਦਾਇਰੇ 'ਚ ਮੰਜ਼ਿਲ ਪ੍ਰਾਪਤ ਹੋਣ 'ਤੇ ਵੀ ਸਾਧਨਾ ਨੂੰ ਕਦਾਚਿਤ ਵਿਰਾਮ ਨਹੀਂ ਲੱਗ ਸਕਦਾ। ਉਨ੍ਹਾਂ ਦੇ ਮੁਕਾਮ 'ਤੇ ਅਭਿਲਾਸ਼ੀ ਅਧਿਆਤਮ ਦੀ ਘੁੱਟੀ ਜਾਂ ਦਾਤ ਆਪਣੇ-ਆਪਣੇ ਗੁਣ ਭਾਵ ਕਿ ਸਰਬ-ਸਿਦਕ ਦੇ ਅਨੁਰੂਪ ਪਾਉਂਦੇ ਹਨ। ਦੂਜਾ, ਉਹ ਖ਼ੁਦ ਆਪਣੇ ਮੁਕਾਮ ਤੋਂ ਅਭਿਲਾਸ਼ੀ ਜਗਿਆਸੂਆਂ ਨੂੰ ਜਾ ਲੱਭਦੇ ਹਨ। ਭਗਤ ਸਾਹਿਬਾਨ ਦੁਆਰਾ ਇਕ ਢੰਗ ਉਦਾਸੀਆਂ ਜਾਂ ਰਹੱਸਮਈ ਯਾਤਰਾਵਾਂ ਦਾ ਹੈ ਜਿਨ੍ਹਾਂ ਦੌਰਾਨ ਉਹ ਸੰਯੁਕਤ ਸਮੂਹਾਂ ਦੇ ਰੂਪ 'ਚ ਜਾ ਕਰਕੇ ਜਨ-ਉੱਧਾਰ ਦਾ ਕਾਰਜ ਸੰਪੰਨ ਕਰਦੇ ਹਨ।

ਜਨ-ਉੱਧਾਰ ਕਾਰਜ: ਵਿਦਵਾਨ ਖੋਜੀ ਦੇ ਭਗਤ ਨਾਮਦੇਵ ਜੀ ਦੇ ਅਜਿਹੇ ਕਾਰਜ ਨੂੰ ਅੰਜਾਮ ਦੇਣ ਸਬੰਧੀ ਵਿਚਾਰ ਹਨ ਕਿ :-

*"ਭਗਤ ਨਾਮਦੇਵ ਜੀ ਸੰਤ ਗਿਆਨੇਸ਼ਵਰ ਅਤੇ ਹੋਰ ਸੰਤਾਂ ਦੇ ਨਾਲ ਉੱਤਰੀ ਭਾਰਤ ਦੀ ਯਾਤਰਾ ਕਰਦੇ ਹੋਏ ਪੰਜਾਬ ਪਹੁੰਚੇ। ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਘੁਮਾਣ ਵਿਖੇ ਭਗਤ ਨਾਮਦੇਵ ਜੀ ਕਈ ਸਾਲ ਠਹਿਰੇ।"*[੩]

ਭਗਤ ਨਾਮਦੇਵ ਜੀ ਨਾਲ ਸੰਬੰਧਿਤ ਸਾਖੀਆਂ : ਸਾਖੀ ਅਧਿਆਤਮਿਕ ਤੇ ਰਹੱਸਵਾਦੀ ਧਾਰਾ ਦੀ ਇਕ ਵੰਨਗੀ ਹੈ। ਕੋਈ ਖਾਸ ਸਥਿਤੀ ਕੁਦਰਤ ਸਿਰਜ ਦਿੰਦੀ ਹੈ ਜਾਂ ਕੋਈ ਬਾਹਰੀ ਸੰਸਾਰਿਕ ਸ਼ਕਤੀ ਨਾਲ ਵਾਹ-ਵਾਸਤਾ ਪੈਣ ਕਰਕੇ ਕੋਈ ਰਹੱਸਮਈ ਘਟਨਾ ਘਟਿਤ ਹੋ ਜਾਂਦੀ ਹੈ, ਜੋ ਸੰਸਾਰਿਕ-ਜਨਾਂ ਨੂੰ ਅਥਵਾ ਸਰਬ-ਸਾਧਾਰਨ ਲੋਕਾਈ ਨੂੰ ਕੋਈ ਰਹੱਸ ਪ੍ਰਦਾਨ ਕਰ ਜਾਂਦੀ ਹੈ। ਕਈ ਵਾਰ ਭਗਤੀ ਦੇ ਰਾਹ 'ਤੇ ਚੱਲਦੇ ਸਾਧਕ ਦੇ ਸਿਦਕ ਦੀ ਪਰਖ ਵੀ ਇਸ 'ਚ ਸੰਮਿਲਤ ਹੋ ਜਾਂਦੀ ਹੈ।

ਭਗਤ ਨਾਮਦੇਵ ਜੀ ਸੰਬੰਧੀ ਪਹਿਲੀ ਸਾਖੀ ਉਨ੍ਹਾਂ ਦੀ ਬਾਲ-ਉਮਰ ਦੇ ਪੜਾਅ ਨਾਲ ਜੁੜੀ ਪ੍ਰਚਲਿਤ ਹੈ ਕਿ ਇਕ ਵਾਰ ਪਿਤਾ ਜੀ ਨੂੰ ਕਿਸੇ ਕੰਮ ਲਈ ਬਾਹਰ ਜਾਣਾ ਪਿਆ। ਤਦ ਉਹ ਬਾਲ ਨਾਮਦੇਵ (ਭਗਤ ਨਾਮਦੇਵ ਜੀ) ਨੂੰ ਠਾਕੁਰ-ਪੂਜਾ (ਮੂਰਤੀ-ਪੂਜਾ) ਦਾ ਨਿਸ਼ਚਿਤ ਸਮੇਂ 'ਤੇ ਕੀਤਾ ਜਾਣ ਵਾਲਾ ਕੰਮ ਸੌਂਪ ਗਏ। ਬਾਲ ਨਾਮਦੇਵ ਜੀ ਪਿਤਾ ਜੀ ਨੂੰ ਇਹ ਕਾਰਜ ਕਰਦਿਆਂ ਵੇਖਦੇ ਆ ਰਹੇ ਸਨ। ਪਿਤਾ ਜੀ ਦੀਆਂ ਪੈੜਾਂ ਦਾ ਅਨੁਸਰਣ ਕਰਦਿਆਂ ਬਾਲ ਨਾਮਦੇਵ ਜੀ ਨੇ ਠਾਕੁਰ ਜੀ ਦੀ ਮੂਰਤੀ-ਪੂਜਾ ਦਾ ਕਾਰਜ ਵਧੀਆ ਤਰ੍ਹਾਂ ਪੂਰੇ ਮਨ-ਆਤਮਾ ਨਾਲ ਜੁੜ ਕੇ ਨਿਭਾਇਆ। ਮੂਰਤੀ ਨੂੰ

ਇਸ਼ਨਾਨ ਕਰਾ ਕੇ, ਤਿਲਕ ਲਗਾ ਕਰਕੇ ਦੀਨ-ਭਾਵਨਾ 'ਚ ਹੱਥ ਜੋੜ ਬੇਨਤੀ ਕੀਤੀ- "ਠਾਕੁਰ ਜੀ, ਦੁੱਧ ਪੀਵੋ!" ਬਾਲ ਨਾਮਦੇਵ ਜੀ ਦੀ ਨਿਰਮਲ ਸ਼ਰਧਾ-ਭਾਵਨਾ ਦਾ ਪ੍ਰਤੀਉੱਤਰ ਦੇਂਦਿਆਂ ਠਾਕੁਰ ਜੀ ਨੇ ਪ੍ਰਤੱਖ ਦਰਸ਼ਨ ਦੇ ਕਰਕੇ ਬਾਲ ਨਾਮਦੇਵ ਜੀ ਦੇ ਹੱਥੋਂ ਕਟੋਰੀ 'ਚ ਭਰਿਆ ਦੁੱਧ ਪੀਤਾ ਤੇ ਉਨ੍ਹਾਂ ਦੀ ਮਨ-ਆਤਮਾ ਨੂੰ ਪੂਰੀ ਤਰ੍ਹਾਂ ਤ੍ਰਿਪਤ ਕੀਤਾ।

ਭਗਤ ਨਾਮਦੇਵ ਜੀ ਨੇ ਆਪਣੀ ਪਾਵਨ ਬਾਣੀ 'ਚ ਖ਼ੁਦ ਇਸ ਸਾਖੀ ਨੂੰ ਬੜੇ ਮਨੋਹਰ ਭਾਵਪੂਰਤ ਸ਼ਬਦਾਂ 'ਚ ਵਰਣਨ ਕੀਤਾ ਹੈ, ਜੋ ਕਿ ਅਦਭੁਤ ਵਾਤਸਲ ਰਸ ਨਾਲ ਓਤ-ਪੋਤ ਹੈ, ਜਿਵੇਂ :

*ਦੂਧੁ ਕਟੋਰੈ ਗਡਵੈ ਪਾਨੀ ॥ ਕਪਲ ਗਾਇ ਨਾਮੈ ਦੁਹਿ ਆਨੀ ॥੧॥*
*ਦੂਧੁ ਪੀਉ ਗੋਬਿੰਦੇ ਰਾਇ ॥ ਦੂਧੁ ਪੀਉ ਮੇਰੋ ਮਨੁ ਪਤੀਆਇ ॥*
*ਨਾਹੀ ਤ ਘਰ ਕੋ ਬਾਪੁ ਰਿਸਾਇ ॥੧॥ ਰਹਾਉ ॥*
*ਸੋੁਇਨ ਕਟੋਰੀ ਅੰਮ੍ਰਿਤ ਭਰੀ ॥ ਲੈ ਨਾਮੈ ਹਰਿ ਆਗੈ ਧਰੀ ॥੨॥*
*ਏਕੁ ਭਗਤੁ ਮੇਰੇ ਹਿਰਦੇ ਬਸੈ ॥ ਨਾਮੇ ਦੇਖਿ ਨਰਾਇਨੁ ਹਸੈ ॥੩॥*
*ਦੂਧੁ ਪੀਆਇ ਭਗਤੁ ਘਰਿ ਗਇਆ ॥ ਨਾਮੇ ਹਰਿ ਕਾ ਦਰਸਨੁ ਭਇਆ ॥੪॥੩॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੩-੬੪)*

ਇਹ ਤਾਂ ਹੋਇਆ ਬਾਲ ਅਵਸਥਾ 'ਚ ਭੋਲੇ-ਭਾਅ ਪਰਮਾਤਮਾ ਦੇ ਸਖਿਆਤ ਦਰਸ਼ਨਾਂ ਦਾ ਬ੍ਰਿਤਾਂਤ। ਇਸ ਦੇ ਨਾਲ-ਨਾਲ ਭਗਤ ਨਾਮਦੇਵ ਜੀ ਦੇ ਜੀਵਨ 'ਚ ਹੋਰ ਵੀ ਕਈ ਵਿਸਮਾਦੀ ਕਥਾਵਾਂ/ਗਾਥਾਵਾਂ ਲੋਕਾਈ 'ਚ ਪ੍ਰਚਲਿਤ ਹਨ ਜਿਨ੍ਹਾਂ ਦੇ ਘਟਿਤ ਹੋਣ ਦਾ ਉਸ ਦਾ ਵਿਸ਼ਵਾਸ ਅਡੋਲ ਤੇ ਅਡਿੱਗ ਹੈ। ਇਸ ਦਾ ਨਿੱਗਰ ਆਧਾਰ ਭਗਤ ਜੀ ਦੁਆਰਾ ਉਚਾਰਨ ਆਪਣੀ ਬਾਣੀ ਵੀ ਤਾਂ ਹੈ, ਜਿਵੇਂ :

*ਹਸਤ ਖੇਲਤ ਤੇਰੇ ਦੇਹੁਰੇ ਆਇਆ ॥*
*ਭਗਤਿ ਕਰਤ ਨਾਮਾ ਪਕਰਿ ਉਠਾਇਆ ॥੧॥*
*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥*
*ਛੀਪੇ ਕੇ ਜਨਮਿ ਕਾਹੇ ਕਉ ਆਇਆ ॥੧॥ਰਹਾਉ॥*
*ਲੈ ਕਮਲੀ ਚਲਿਓ ਪਲਟਾਇ ॥ ਦੇਹੁਰੈ ਪਾਛੈ ਬੈਠਾ ਜਾਇ ॥੨॥*
*ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥ ਭਗਤ ਜਨਾਂ ਕਉ ਦੇਹੁਰਾ ਫਿਰੈ ॥੩॥੬॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੪)*

ਉਕਤ ਸ਼ਬਦ 'ਚ ਭਗਤ ਜੀ ਦੀ, ਆਪਣੀ ਦਲਿਤ ਹੋਣ ਦੀ ਪੀੜ-ਪਰੁੱਚੀ ਵੇਦਨਾ ਪ੍ਰਸਤੁਤ ਹੁੰਦੀ ਮਹਿਸੂਸ ਕੀਤੀ ਜਾ ਸਕਦੀ ਹੈ ਅਤੇ ਇਸ 'ਚ ਆਪ ਜੀ ਸਮੂਹ ਦਲਿਤ ਕਹਾਉਣ ਵਾਲੀ ਲੋਕਾਈ ਦੀ ਪੀੜ ਤਾਂ ਹੋਰ ਵੀ ਜ਼ਿਆਦਾ ਹੋਣ ਦਾ ਅਨੁਭਵ ਕੀਤਾ ਜਾ ਸਕਦਾ ਹੈ। ਉਸ ਯੁੱਗ 'ਚ ਹਿੰਦੂ ਵਰਗ ਸਵਰਨ ਜਾਤੀ ਅਖਵਾਉਂਦੀ ਸੀ।

ਪੰਡਿਤਾਂ-ਪੁਜਾਰੀਆਂ ਰੂਪੀ ਬ੍ਰਾਹਮਣ ਵਰਗ ਖ਼ੁਦ ਨੂੰ ਸਰਬਸ੍ਰੇਸ਼ਟ ਦੇ ਰੂਪ 'ਚ ਲੈਂਦਾ ਹੋਇਆ ਆਰਥਿਕ ਤੌਰ 'ਤੇ ਮੁੱਖ ਰੂਪ 'ਚ ਹਿੰਦੂਆਂ ਅਤੇ ਵੈਸ਼ ਦੋ ਵਰਗਾਂ 'ਤੇ ਨਿਰਭਰ ਕਰਦਾ ਸੀ। ਪਰੰਤੂ ਬਾਹਰੀ ਤੌਰ 'ਤੇ ਸਤਿਕਾਰ, ਚੌਧਰ ਤੇ ਮਾਨਤਾ ਬ੍ਰਾਹਮਣ ਵਰਗ ਦੀ ਹੀ ਸੀ। ਬ੍ਰਾਹਮਣ ਵਰਗ ਦਾ ਪ੍ਰਭਾਵ ਪਿਆ ਹੋਇਆ ਸੀ। ਸਮੂਹ ਭਗਤ ਸਾਹਿਬਾਨ ਬ੍ਰਾਹਮਣ ਵਰਗ ਨੂੰ ਕਤਈ ਨਹੀਂ ਭਾਉਂਦੇ ਸਨ, ਪਰ ਲੋਕਾਂ 'ਚ ਉਨ੍ਹਾਂ ਦੀ ਭਰਪੂਰ ਮਾਨਤਾ ਹੋਣ ਕਰਕੇ ਬ੍ਰਾਹਮਣ ਇਸ ਸਥਿਤੀ ਨੂੰ ਲਾਚਾਰ ਰੂਪ 'ਚ ਸਹਿਣ ਕਰ ਰਹੇ ਸਨ, ਭਾਵੇਂ ਕਿ ਸਮੇਂ-ਸਮੇਂ ਉਹ ਆਪਣੀ ਸਰਬ-ਸ੍ਰੇਸ਼ਟਤਾ ਦਾ ਦਾਅਵਾ ਕਰਦੇ ਰਹਿੰਦੇ ਸਨ। ਬ੍ਰਾਹਮਣਾਂ ਲਈ ਅਸਹਿ ਸੀ ਕਿ ਅਖੌਤੀ ਦਲਿਤ ਲੋਕ ਧਾਰਮਿਕ ਸਾਹਿਤ ਨਾਲ ਜੁੜ, ਇਸ ਦਾ ਸਮੂਹ ਸੰਗਤੀ ਰੂਪ 'ਚ ਗਾਇਨ ਕਰਨ ਅਤੇ ਲੋਕ ਉਨ੍ਹਾਂ ਨੂੰ ਸਨੇਹ-ਸਤਿਕਾਰ ਦੇਣ। ਭਗਤ ਨਾਮਦੇਵ ਜੀ ਨੂੰ ਨਿਸਚੈ ਹੀ ਆਪਣੇ ਜੀਵਨ-ਕਾਲ 'ਚ ਆਪਣੇ ਯੁੱਗ ਦੇ ਪੰਡਿਤ ਅਖਵਾਉਂਦੇ ਵਿਦਵਾਨਾਂ ਨਾਲ ਨਜਿੱਠਣਾ ਪਿਆ। ਭਗਤ ਜੀ ਸਬੰਧੀ ਸਾਖੀਆਂ ਜੇਕਰ ਪ੍ਰਤੱਖ ਤੌਰ 'ਤੇ ਨਹੀਂ ਤਾਂ ਅਪ੍ਰਤੱਖ ਤੌਰ 'ਤੇ ਇਸ ਦਾ ਅਹਿਸਾਸ ਦਿੰਦੀਆਂ ਹਨ। ਨਿਸਚੈ ਹੀ ਇਹ ਪੰਡਿਤ ਲੋਕਾਂ ਦਾ ਹੀ ਪ੍ਰਗਟ ਜਾਂ ਲੁਕਵਾਂ ਕਾਰਾ ਸੀ ਕਿ ਉਨ੍ਹਾਂ ਭਗਤ ਜੀ ਦੀ ਛੰਨ ਨੂੰ ਢਾਅ/ਢੁਹਾ ਦਿੱਤਾ। ਭਗਤ ਧੰਨਾ ਜੀ ਅਤੇ ਭਗਤ ਨਾਮਦੇਵ ਜੀ ਦੀ ਭਗਤੀ-ਭਾਵਨਾ ਦਾ ਪਰਮਾਤਮਾ ਨੂੰ ਸਭ ਤੋਂ ਵੱਧ ਪਿਆਰ ਹੁੰਗਾਰਾ ਭਰਨ ਵਾਲਾ ਦਿਖਾਇਆ ਗਿਆ ਹੈ। ਭਗਤ ਨਾਮਦੇਵ ਜੀ ਦੀ ਦੋਖੀਆਂ ਦੁਆਰਾ ਢਾਹੀ ਛਪਰੀ ਨੂੰ ਸਭ ਤੋਂ ਵੱਡੇ ਕਾਰੀਗਰ ਪਰਮਾਤਮਾ ਦੁਆਰਾ ਆਪਣੇ ਹੱਥੀਂ ਬਣਾਏ ਜਾਣ ਦਾ ਪ੍ਰਸੰਗ ਉਨ੍ਹਾਂ ਦੀ ਬਾਣੀ 'ਚ ਵੀ ਮਿਲਦਾ ਹੈ :

*ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥*
*ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੬-੬੫੭)*

ਪੰਡਿਤਾਂ ਨਾਲੋਂ ਵਧੇਰੇ ਕਹਿਰਵਾਨ ਸਨ ਸਮੇਂ ਦੇ ਕਾਜ਼ੀ ਤੇ ਮੌਲਾਣੇ, ਜਿਨ੍ਹਾਂ ਨੇ ਭਗਤ ਜੀ ਵਿਰੁੱਧ ਸਮੇਂ ਦੇ ਬਾਦਸ਼ਾਹ ਕੋਲ ਸ਼ਿਕਾਇਤ ਕੀਤੀ। ਬਾਦਸ਼ਾਹ ਨੇ ਕਾਜ਼ੀਆਂ-ਮੌਲਾਣਿਆਂ ਦੀ ਚੁੱਕ 'ਚ ਆ ਕੇ ਭਗਤ ਨਾਮਦੇਵ ਜੀ ਨੂੰ ਮੋਈ ਗਊ ਜਿਵਾ ਕੇ ਦਿਖਾਉਣ ਦੀ ਅਣਹੋਣੀ ਪਰਖ 'ਚ ਪਾਇਆ। ਬਾਦਸ਼ਾਹ ਨੇ ਕ੍ਰੋਧਿਤ ਹੋ ਕੇ ਭਗਤ ਜੀ ਨੂੰ ਬੇੜੀਆਂ-ਕੜੀਆਂ ਨਾਲ ਬੰਨ੍ਹਿਆਂ, ਇਕ ਹਾਥੀ ਵੀ ਭਗਤ ਜੀ ਨੂੰ ਮਾਰਨ ਵਾਸਤੇ ਛੱਡਿਆ। ਪਰਮਾਤਮਾ ਨੇ ਕਲਾ ਵਰਤਾਅ ਕੇ ਆਪਣੇ ਭਗਤ ਦੀ ਪੈਜ (ਇੱਜ਼ਤ) ਰੱਖ ਲਈ। ਭਗਤ ਜੀ ਪਰਮਾਤਮਾ ਨੂੰ ਹੀ ਕਲਾ ਵਰਤਾਉਣ ਦੀ ਵਡਿਆਈ ਦਿੰਦੇ ਹਨ। ਇਹ ਘਟਨਾ ਭਗਤ ਜੀ ਨੇ ਵਿਸਤ੍ਰਿਤ ਰੂਪ 'ਚ ਵਰਣਨ ਕੀਤੀ ਹੋਈ ਹੈ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸੁਭਾਇਮਾਨ ਹੈ।

ਭਗਤ ਨਾਮਦੇਵ ਜੀ ਦਾ ਮੇਲ-ਜੋਲ ਭਗਤ ਜੈਦੇਉ, ਭਗਤ ਤ੍ਰਿਲੋਚਨ, ਭਗਤ

ਰਵਿਦਾਸ ਜੀ ਅਤੇ ਭਗਤ ਕਬੀਰ ਜੀ ਨਾਲ ਰਿਹਾ। ਆਪ ਦੀ ਬਾਣੀ 'ਚ ਇਸ ਸੰਬੰਧੀ ਕਈ ਥਾਂ ਉਲੇਖ ਮਿਲਦੇ ਹਨ। ਸਿੱਖ ਗੁਰੂ ਸਾਹਿਬਾਨ ਨੇ ਵੀ ਸਮੂਹ ਭਗਤ ਸਾਹਿਬਾਨ ਦੀ ਆਪਣੀ ਬਾਣੀ 'ਚ ਭਰਵੀਂ ਮਹਿਮਾ ਕੀਤੀ ਹੋਈ ਹੈ ਅਤੇ ਗੁਰੂ-ਘਰ ਦੇ ਪ੍ਰਵਾਨਿਤ ਇਤਿਹਾਸਕਾਰ ਰੂਪ ਲਿਖਾਰੀ ਭਾਈ ਗੁਰਦਾਸ ਜੀ ਨੇ ਵੀ। ਭਗਤ ਨਾਮਦੇਵ ਜੀ ਨੇ ਆਪਣੀ ਮਰਾਠੀ ਰੰਗਣ ਵਾਲੀ ਬੇਹੱਦ ਪਿਆਰੀ ਬੋਲੀ 'ਚ ਪਰਮਾਤਮਾ ਦੀ ਮਹਿਮਾ ਬਹੁਤ ਹੀ ਮਿੱਠੇ ਤੇ ਰਸੀਲੇ ਅੰਦਾਜ਼ 'ਚ ਕੀਤੀ ਹੈ। ਪਰਮਾਤਮਾ ਦੀ ਮਹਿਮਾ ਦੀ ਸੁਰ ਉੱਚੀ ਗੂੰਜ ਭਰੀ ਹੈ। ਭਗਤ ਨਾਮਦੇਵ ਜੀ ਦਾ ਨਿਰਭੈਅ ਹੋ ਕੇ ਭਗਤੀ ਮਾਰਗ 'ਤੇ ਟੁਰਨਾ ਇਕ ਉੱਘੜਵੀਂ ਉਦਾਹਰਨ ਦੇ ਤੌਰ 'ਤੇ ਕੋਡ ਕੀਤਾ ਜਾਂਦਾ ਹੈ। ਇਸ ਬਾਣੀ ਭਗਤੀ ਨੂੰ ਹੀ ਜ਼ਿੰਦਗੀ ਦੀ ਬੇੜੀ ਤਾਰਨ ਵਾਲੀ ਮੂਲ ਅਤੇ ਇੱਕੋ-ਇੱਕ ਕਸਵੱਟੀ ਦਰਸਾਇਆ ਗਿਆ ਹੈ। ਭੈਰਉ ਅਤੇ ਧਨਾਸਰੀ ਰਾਗਾਂ 'ਚ ਦਰਜ ਭਗਤ ਜੀ ਦੇ ਸ਼ਬਦ-ਭਾਵਾਂ ਤੇ ਜਜ਼ਬਿਆਂ ਨਾਲ ਪਰੁੱਚੇ ਹੋਏ ਹਨ ਜਿਨ੍ਹਾਂ 'ਚ ਦੋ ਸ਼ਬਦਾਂ ਦੀ ਪਹਿਲੀ-ਪਹਿਲੀ ਪਾਵਨ ਪੰਕਤੀ ਹੈ। ਇੱਥੇ ਸੰਕੇਤ ਦੇ ਤੌਰ 'ਤੇ ਪ੍ਰਸਤੁਤ ਕੀਤੀ ਜਾ ਸਕਦੀ ਹੈ:

*-ਜੈਸੀ ਭੂਖੇ ਪ੍ਰੀਤਿ ਅਨਾਜ ॥ ਤ੍ਰਿਖਾਵੰਤ ਜਲ ਸੇਤੀ ਕਾਜ ॥*
*ਜੈਸੀ ਮੂੜ ਕੁਟੰਬ ਪਰਾਇਣ ॥ ਐਸੀ ਨਾਮੇ ਪ੍ਰੀਤਿ ਨਰਾਇਣ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੪)*

*-ਮਾਰਵਾੜਿ ਜੈਸੇ ਨੀਰੁ ਬਾਲਹਾ ਬੇਲਿ ਬਾਲਹਾ ਕਰਹਲਾ ॥*
*ਜਿਉ ਕੁਰੰਕ ਨਿਸਿ ਨਾਦੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੩)*

ਭਗਤ ਨਾਮਦੇਵ ਜੀ ਨੇ ਭਗਤੀ ਭਾਵ ਤੋਂ ਮਗਰੋਂ ਦੂਜਾ ਪ੍ਰਮੁੱਖ ਜ਼ਰੂਰੀ ਤੱਤ ਨੈਤਿਕ ਕਦਰਾਂ-ਕੀਮਤਾਂ ਦਾ ਜ਼ਿੰਦਗੀ ਵਿਚ ਅਨਿੱਖੜ ਹੋਣਾ ਦੱਸਿਆ ਹੈ। ਭਗਤ ਜੀ ਨੇ ਉਮਰ ਦੇ ਅਖੀਰਲੇ ਸਾਲ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ 'ਚ ਘੁਮਾਣ ਵਿਖੇ ਬਤੀਤ ਕੀਤੇ ਜਿੱਥੇ ਆਪ ਦਾ ਇਤਿਹਾਸਿਕ ਸਥਾਨ ਸਥਿਤ ਹੈ।

ਸਮੁੱਚੇ ਤੌਰ 'ਤੇ ਸਮੁੱਚੇ ਭਗਤੀ ਕਾਵਿ 'ਚ ਭਗਤ ਨਾਮਦੇਵ ਜੀ ਅਤੇ ਉਨ੍ਹਾਂ ਦੀ ਬਾਣੀ ਦਾ ਕਾਰਜ ਅਤੇ ਨਿਰਮਲ ਸੰਦੇਸ਼ ਭਰਪੂਰ ਰੂਪ 'ਚ ਮਹੱਤਵ ਦਾ ਲਖਾਇਕ ਮੰਨਿਆ ਜਾ ਸਕਦਾ ਹੈ।

ਹਵਾਲਾ ਸ੍ਰੋਤ ਸਮੱਗਰੀ :

੧-੩. *ਭਗਤ ਨਾਮਦੇਵ ਜੀ: ਜੀਵਨ ਅਤੇ ਬਾਣੀ (ਲੇਖ)* ਪੰਨਾ ੭੫, *ਪੰਦਰਾਂ ਭਗਤ ਸਾਹਿਬਾਨ,* ਸੁਖਦੇਵ ਸਿੰਘ ਸ਼ਾਂਤ, ਪ੍ਰਕਾਸ਼ਕ: ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ।

# ਪ੍ਰਭੂ-ਭਗਤੀ ਦਾ ਵਿਲੱਖਣ ਰੰਗ : ਭਗਤ ਨਾਮਦੇਵ ਜੀ

*-ਡਾ. ਸਤਿੰਦਰ ਪਾਲ ਸਿੰਘ*

ਗੁਰੂ ਨਾਨਕ ਸਾਹਿਬ ਦੇ ਸੰਸਾਰ ਆਗਮਨ ਤੋਂ ਦੋ ਸ਼ਤਾਬਦੀਆਂ ਪਹਿਲਾਂ ਮਹਾਰਾਸ਼ਟਰ ਵਿਚ ਜਨਮ ਲੈਣ ਵਾਲੇ ਭਗਤ ਨਾਮਦੇਵ ਜੀ ਦਾ ਜੀਵਨ ਫ਼ਲਸਫ਼ਾ ਪੜ੍ਹ ਤੇ ਵਿਚਾਰ ਕੇ ਪ੍ਰਤੀਤ ਹੁੰਦਾ ਹੈ ਕਿ ਗੁਰਮਤਿ ਪਰਗਟ ਹੋ ਰਹੀ ਹੈ। ਭਗਤ ਨਾਮਦੇਵ ਜੀ ਦਾ ਪਰਮਾਤਮਾ 'ਤੇ ਭਰੋਸਾ, ਪਰਮਾਤਮਾ ਦੀ ਸ਼ਰਨ ਪ੍ਰਾਪਤ ਕਰਨ ਦੀ ਗਹਿਰੀ ਤਾਂਘ ਤੇ ਭਾਵਨਾ ਪੂਰਨ ਤੌਰ 'ਤੇ ਗੁਰੂ ਨਾਨਕ ਸਾਹਿਬ ਦੀ ਇਲਾਹੀ ਦ੍ਰਿਸ਼ਟੀ ਦਾ ਅਨਿੱਖੜਵਾਂ ਹਿੱਸਾ ਬਣ ਕੇ ਉਭਰਦੀ ਹੈ। ਗੁਰੂ ਨਾਨਕ ਸਾਹਿਬ ਨੇ ਪਰਮਾਤਮਾ ਦੀ ਭਗਤੀ ਨੂੰ ਆਪਣੇ ਸਾਹਿਬ ਦੀ ਦੀਵਾਨਗੀ ਦੇ ਰੂਪ 'ਚ ਵੇਖਿਆ। ਭਗਤ ਨਾਮਦੇਵ ਜੀ ਨੇ ਭਗਤੀ ਨੂੰ ਆਪਣੇ ਪਤੀ ਲਈ ਪ੍ਰੇਮ 'ਚ ਸ਼ੈਦਾਈ ਹੋ ਜਾਣਾ ਕਿਹਾ। ਜਿਵੇਂ ਪਤੀ ਦੇ ਰੰਗ 'ਚ ਰੰਗੀ ਇਸਤਰੀ ਹਰ ਪਲ ਪਤੀ ਦੇ ਪ੍ਰੇਮ 'ਚ ਬਤੀਤ ਕਰਦੀ ਹੈ। ਉਹ ਉਠਦੀ-ਬਹਿੰਦੀ, ਦਿਨ-ਰਾਤ ਪਤੀ ਲਈ ਹੀ ਜਿਉਂਦੀ ਹੈ, ਪਰਮਾਤਮਾ ਲਈ ਪ੍ਰੇਮ ਅਜਿਹਾ ਹੀ ਰੰਗ ਭਗਤ ਨਾਮਦੇਵ ਜੀ ਨੂੰ ਅਦੁੱਤੀ ਬਣਾਉਂਦਾ ਹੈ। ਆਪ ਸੰਸਾਰ ਅੰਦਰ, ਪਰਵਾਰ ਨਾਲ ਰਹਿੰਦਿਆਂ ਵੀ ਆਪ ਜੀ ਨੇ ਪ੍ਰੀਤਮ ਪਰਮਾਤਮਾ ਦੀ ਭਗਤੀ ਦੇ ਰੰਗ ਮਾਣਨ ਵਾਲੇ ਨਿਰਲੇਪ ਅਵਸਥਾ ਦੇ ਮਹਾਨ ਸੰਤ ਸਨ:

*ਮੈ ਬਉਰੀ ਮੇਰਾ ਰਾਮੁ ਭਤਾਰੁ ॥*
*ਰਚਿ ਰਚਿ ਤਾ ਕਉ ਕਰਉ ਸਿੰਗਾਰੁ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੪)*

ਪਰਮਾਤਮਾ ਦੇ ਗੁਣ, ਉਸ ਦੀ ਮਹਿਮਾ ਜਿਵੇਂ-ਜਿਵੇਂ ਪ੍ਰਤੱਖ ਹੁੰਦੀ ਜਾਂਦੀ ਹੈ, ਉਸ ਦੇ ਨਾਲ ਨੇੜਤਾ ਵਧਦੀ ਜਾਂਦੀ ਹੈ, ਉਸ ਲਈ ਭਾਵਨਾ ਪ੍ਰੀਤ ਵਿਚ ਬਦਲਦੀ ਜਾਂਦੀ ਹੈ ਤੇ ਗਹਿਰੀ ਹੁੰਦੀ ਜਾਂਦੀ ਹੈ। ਪਰਮਾਤਮਾ ਲਈ ਪ੍ਰੇਮ ਮਨੁੱਖ ਨੂੰ ਨਿਵੇਕਲੀ ਜੀਵਨ ਦ੍ਰਿਸ਼ਟੀ ਬਖਸ਼ਦਾ ਹੈ ਤੇ ਘਟ-ਘਟ ਅੰਦਰ ਪਰਮਾਤਮਾ ਆਪ ਰੂਪਮਾਨ ਹੋ ਭਗਤੀ ਨੂੰ ਅਟੱਲ, ਅਡੋਲ ਬਣਾਉਂਦਾ ਹੈ। ਭਗਤ ਨਾਮਦੇਵ ਜੀ ਨੇ ਆਪਣੀ ਭਗਤੀ ਤੇ ਪਰਮਾਤਮਾ ਦੇ ਵਿਚਕਾਰ ਕੀਏ ਨੂੰ ਨਹੀਂ ਆਉਣ ਦਿੱਤਾ। ਸੰਸਾਰ, ਸਮਾਜ, ਲੋਕ ਨਿੰਦਾ - ਵਡਿਆਈ ਤੋਂ ਬੇਪਰਵਾਹ ਹੋ ਆਪਣਾ ਮਨ ਪੂਰੀ ਤਰ੍ਹਾਂ ਪਰਮਾਤਮਾ ਤੇ ਕੇਂਦਰਿਤ ਕਰ ਦਿੱਤਾ। ਆਪ ਭਗਤੀ ਦੇ ਸ਼ਬਦ ਰਚਦੇ ਤੇ ਸ਼ਰਧਾਲੂਆਂ ਵਿਚ ਗਾਉਂਦੇ ਜੋ ਹਰ ਮਨ ਨੂੰ ਮੋਹ ਲੈਂਦੇ ਸਨ। ਭਗਤ ਨਾਮਦੇਵ ਜੀ ਦਾ ਦਿਨ ਦਾ ਬਹੁਤਾ ਸਮਾਂ ਭਗਤੀ 'ਚ ਗੁਜ਼ਰਦਾ। ਆਪ ਦਾ ਮਾਣ, ਸਤਿਕਾਰ ਦੂਰ-ਦੂਰ ਤਕ ਹੋਣ ਲੱਗ ਪਿਆ। ਭਗਤੀ-ਰਸ 'ਚ ਡੁੱਬੇ ਭਗਤ ਜੀ ਹਿੰਦੁਸਤਾਨ ਦੇ ਭਿੰਨ-ਭਿੰਨ ਅਸਥਾਨਾਂ 'ਤੇ ਗਏ ਤੇ

**E-1716, Rajajipuram, Lucknow-226017 (U.P.); M. +919415960533, +918417852899*

ਪਰਮਾਤਮਾ ਦੇ ਪ੍ਰੇਮ ਦੀ ਅਲਖ ਜਗਾਈ। ਆਪ ਜਦੋਂ ਪੰਜਾਬ ਪੁੱਜੇ ਤਾਂ ਇੱਥੇ ਰੁਕ ਗਏ। ਇਤਿਹਾਸਕਾਰਾਂ ਅਨੁਸਾਰ ਭਗਤ ਨਾਮਦੇਵ ਜੀ ਪੰਜਾਬ ਵਿਚ ਲੱਗਭਗ ਵੀਹ ਸਾਲ ਰਹੇ। ਦਿਨੋਂ ਦਿਨ ਆਪ ਦੀ ਪ੍ਰੀਤ ਦਾ ਰੰਗ ਗੂੜ੍ਹਾ ਹੁੰਦਾ ਗਿਆ। ਪਰਮਾਤਮਾ ਦੀ ਪ੍ਰੀਤ ਨੂੰ ਆਪ ਜੀ ਨੇ ਆਪਣੀ ਬਾਣੀ ਅੰਦਰ ਕਈ ਉਪਮਾਵਾਂ ਦੇ ਕੇ ਲੋਕਾਂ ਨੂੰ ਸਮਝਾਉਣ ਦਾ ਉਪਕਾਰ ਕੀਤਾ। ਆਪਣੇ ਬਚਨ ਕੀਤੇ ਕਿ ਜਿਵੇਂ ਸੁੱਕੀ ਜ਼ਮੀਨ ਨੂੰ ਜਲ ਦਾ ਮੋਹ ਹੁੰਦਾ ਹੈ ਤੇ ਊਠ ਨੂੰ ਹਰੀਆਂ ਵੇਲਾਂ ਤੇ ਹਰੇ-ਭਰੇ ਬੂਟੇ ਵੇਖ ਕੇ ਚਾਉ ਉੱਠਦਾ ਹੈ ਇਵੇਂ ਹੀ ਪਰਮਾਤਮਾ ਦੀ ਪ੍ਰੀਤ ਦਾ ਰਸ ਪੈਦਾ ਹੁੰਦਾ ਹੈ। ਰਾਤ ਵਿਚ ਜਿਵੇਂ ਨਾਦ ਸੁਣ ਕੇ ਹਿਰਨ ਦਾ ਮਨ ਮੋਹਿਆ ਜਾਂਦਾ ਹੈ, ਭਗਤ ਦਾ ਮਨ ਵੀ ਪਰਮਾਤਮਾ ਦਾ ਧਿਆਨ ਕਰਦਿਆਂ ਹੀ ਵਿਗਾਸ 'ਚ ਆ ਜਾਂਦਾ ਹੈ। ਬਰਖਾ ਹੁੰਦਿਆਂ ਹੀ ਧਰਤੀ ਹਰੀ-ਭਰੀ ਹੋ ਜਾਂਦੀ ਹੈ, ਬਾਗ਼ ਵਿਚ ਖਿੜੇ ਫੁੱਲ ਦੀ ਸੁਗੰਧ ਆਉਂਦਿਆਂ ਹੀ ਭੌਰੇ ਤੇ ਬਿਰਖ 'ਤੇ ਅੰਬ ਆਉਂਦਿਆਂ ਹੀ ਕੋਇਲ ਦਾ ਮਨ ਮਤਵਾਲਾ ਹੋ ਜਾਂਦਾ ਹੈ ਪਰਮਾਤਮਾ ਦੇ ਪ੍ਰੇਮ ਦਾ ਅਸਰ ਵੀ ਇਹੋ ਜਿਹਾ ਹੀ ਹੈ। ਭਗਤ ਜੀ ਦੇ ਚਕਵੀ ਦੇ ਚੰਦਰਮਾ ਨਾਲ, ਹੰਸ ਦੇ ਮਾਨਸਰੋਵਰ ਨਾਲ, ਜਵਾਨ ਇਸਤਰੀ ਦੇ ਆਪਣੇ ਪਤੀ ਨਾਲ, ਬਾਲਕ ਦੇ ਦੁੱਧ ਦੀ ਖੀਰ ਨਾਲ, ਚਾਤ੍ਰਿਕ ਪੰਛੀ ਦੇ ਸਵਾਤੀ ਦੀ ਬੂੰਦ ਨਾਲ ਤੇ ਮੱਛੀ ਦੇ ਨਦੀ ਦੇ ਜਲ ਨਾਲ ਪ੍ਰੇਮ ਦੀ ਮਿਸਾਲ ਦਿੰਦਿਆਂ ਕਿਹਾ ਕਿ ਪਰਮਾਤਮਾ ਲਈ ਪ੍ਰੇਮ ਇਸ ਤੋਂ ਵੀ ਜ਼ਿਆਦਾ ਗੂੜ੍ਹ ਤੇ ਅਨੰਦਦਾਇਕ ਹੈ। ਭਗਤ ਨਾਮਦੇਵ ਜੀ ਦੀ ਪ੍ਰੇਮਾ-ਭਗਤੀ ਇਨ੍ਹਾਂ ਸਾਰੀਆਂ ਮਿਸਾਲਾਂ ਤੋਂ ਬਹੁਤ ਉੱਚੀ ਤੇ ਸੁੱਚੀ ਸੀ ਕਿਉਂਕਿ ਅਜਿਹੀ ਭਗਤੀ ਬੜੀ ਮਹਿੰਗੀ ਮਿਲਦੀ ਹੈ। ਭਗਤ ਜੀ ਨੇ ਦੁਨੀਆ ਨੂੰ ਇਸ ਦੀ ਜੁਗਤ ਦੱਸੀ:

*ਦਸ ਬੈਰਾਗਨਿ ਮੋਹਿ ਬਸਿ ਕੀਨ੍ਹੀ ਪੰਚਹੁ ਕਾ ਮਿਟ ਨਾਵਉ ॥*
*ਸਤਰਿ ਦੋਇ ਭਰੇ ਅੰਮ੍ਰਿਤ ਸਰਿ ਬਿਖੁ ਕਉ ਮਾਰਿ ਕਢਾਵਉ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੩)*

ਭਗਤ ਨਾਮਦੇਵ ਜੀ ਨੇ ਬਚਨ ਕੀਤੇ ਕਿ ਪਰਮਾਤਮਾ-ਭਗਤੀ ਦੀ ਰਾਹ ਸੰਜਮ ਤੇ ਸਿੱਦਕ ਦੀ ਰਾਹ ਹੈ। ਆਪ ਨੇ ਕਿਹਾ ਕਿ ਮਨੁੱਖ ਆਪਣੇ ਦਸਾਂ ਇੰਦ੍ਰਿਆਂ ਨੂੰ ਵੱਸ 'ਚ ਕਰੇ। ਇਹ ਇੰਦ੍ਰੇ ਹੀ ਮਨੁੱਖ ਦੀ ਭਟਕਨ ਤੇ ਖੁਆਰੀ ਦਾ ਕਾਰਨ ਹਨ। ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਆਦਿਕ ਵਿਕਾਰ ਇਨ੍ਹਾਂ ਇੰਦ੍ਰੀਆਂ ਤੋਂ ਹੀ ਖੁਰਾਕ ਧਾਰਨ ਕਰਦੇ ਹਨ। ਜਦੋਂ ਇੰਦ੍ਰੀਆਂ ਵੱਸ 'ਚ ਆ ਗਈਆਂ ਤਾਂ ਵਿਕਾਰਾਂ ਨੂੰ ਆਪ ਹੀ ਖੁਰਾਕ ਮਿਲਣੀ ਬੰਦ ਹੋ ਜਾਵੇਗੀ। ਵਿਕਾਰ ਨਿਰਜੀਵ ਹੋ ਜਾਣਗੇ। ਵਿਕਾਰਾਂ ਨੂੰ ਮਾਰਨ ਦਾ ਇਹੋ ਇੱਕ ਤਰੀਕਾ ਹੈ। ਭਗਤ ਨਾਮਦੇਵ ਜੀ ਨੇ ਕਿਹਾ ਕਿ ਮਨੁੱਖ ਤਨ-ਮਨ ਤੋਂ ਪਰਮਾਤਮਾ ਨੂੰ ਸਮਰਪਿਤ ਹੋ ਜਾਵੇ। ਅੰਤਰ ਪਰਮਾਤਮਾ ਦੀ ਮਹਿਮਾ ਨਾਲ ਇਵੇਂ ਸਿੰਝ ਜਾਵੇ ਜਿਵੇਂ ਸਰੀਰ ਦੀਆਂ ਨਾੜੀਆਂ 'ਚ ਲਹੂ ਵਹਿੰਦਾ ਹੈ। ਨਾੜੀਆਂ ਵਿਚ ਲਹੂ ਹੀ ਵਹਿੰਦਾ ਹੈ ਹੋਰ ਕੁਝ ਨਹੀਂ। ਤਾਂ ਹੀ ਜੀਵਨ ਹੈ। ਅੰਤਰ ਅਵਸਥਾ ਮਾਤਰ ਤੇ

ਮਾਤਰ ਪ੍ਰੇਮ, ਸ਼ਰਧਾ ਨਾਲ ਬਣੀ ਹੋਵੇ ਤਾਂ ਹੀ ਪਰਮਾਤਮਾ ਦੀ ਭਗਤੀ ਹੋ ਸਕਦੀ ਹੈ। ਪਰਮਾਤਮਾ ਲਈ ਸੱਚੀ ਭਾਵਨਾ ਮਨ ਦੇ ਸਾਰੇ ਕੂੜ ਦੂਰ ਕਰ ਦਿੰਦੀ ਹੈ। ਸੰਸਾਰ ਅੰਦਰ ਕੋਈ ਵੀ ਅਜਿਹਾ ਨਹੀਂ ਹੈ ਜਿਸ ਨੇ ਸੱਚੇ ਮਨ ਨਾਲ ਪਰਮਾਤਮਾ ਦਾ ਧਿਆਨ ਧਰਿਆ ਹੋਵੇ ਤੇ ਉਸ ਦਾ ਅੰਤਰ ਨਿਰਮਲ ਨਾ ਹੋ ਗਿਆ ਹੋਵੇ। ਭਗਤ ਨਾਮਦੇਵ ਜੀ ਦਾ ਪਰਮਾਤਮਾ ਪ੍ਰਤੀ ਅਟੱਲ ਤੇ ਅਥਾਹ ਵਿਸ਼ਵਾਸ ਉਨ੍ਹਾਂ ਦੀ ਬਾਣੀ ਵਿਚ ਵਾਰ-ਵਾਰ ਪਰਗਟ ਹੁੰਦਾ ਹੈ। ਉਨ੍ਹਾਂ ਖੁੱਲੀ ਚੁਣੌਤੀ ਦਿੱਤੀ ਕਿ ਪਰਮਾਤਮਾ ਦੀ ਵਡਿਆਈ ਕਿਸੇ ਵੀ ਸ਼ੰਕਾ ਤੋਂ ਪਰੇ ਹੈ :

*ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤੁ ਹੀ ॥*
*ਪਤਿਤ ਪਵਿਤ ਭਏ ਰਾਮੁ ਕਹਤ ਹੀ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੧੮)*

ਪਰਮਾਤਮਾ ਆਪ ਪਤਿਤ ਪਾਵਨ ਹੈ ਤੇ ਉਸ ਦੀ ਸ਼ਰਨ ਲੈਣ ਵਾਲਾ ਹਰ ਮਨੁੱਖ ਪਾਵਨ ਹੋ ਜਾਂਦਾ ਹੈ। ਪਰਮਾਤਮਾ ਹਰ ਕਿਸੇ ’ਤੇ ਮਿਹਰ ਕਰਦਾ ਹੈ ਤੇ ਕਿਸੇ ਦੀ ਵੀ ਝੋਲੀ ਖਾਲੀ ਨਹੀਂ ਤੋਰਦਾ। ਸੰਸਾਰ ਅੰਦਰ ਕੋਈ ਅਜਿਹਾ ਹੈ ਹੀ ਨਹੀਂ ਜਿਸ ਨੇ ਪਰਮਾਤਮਾ ਦੀ ਸ਼ਰਨ ਲਈ ਹੋਵੇ ਤੇ ਉਸ ਨੂੰ ਨਿਦਾਨ ਨਾ ਪ੍ਰਾਪਤ ਹੋਇਆ ਹੋਵੇ। ਪਰਮਾਤਮਾ ਦੀ ਸ਼ਰਨ ਤੇ ਮਿਹਰ ਤਰਕਾਂ, ਸਿਆਣਪ ਤੇ ਸਵੈ-ਬੁੱਧੀ ਨਾਲ ਨਹੀਂ ਮਿਲਦੀ। ਜਿੱਥੇ ਤਰਕ, ਸਿਆਣਪ ਤੇ ਗਿਆਨ ਆ ਜਾਵੇ, ਭਾਵਨਾ ਤੇ ਪ੍ਰੇਮ ਲਈ ਥਾਂ ਨਹੀਂ ਬਚਦੀ। ਵੇਦਾਂ, ਪੁਰਾਣਾਂ, ਧਾਰਮਿਕ ਗ੍ਰੰਥਾਂ ਦਾ ਗਿਆਨ ਨਾ ਹੋਵੇ ਤਾਂ ਮਨੁੱਖ ਨੂੰ ਮੂਰਖ ਕਿਹਾ ਜਾਂਦਾ ਹੈ। ਭਗਤ ਨਾਮਦੇਵ ਜੀ ਨੇ ਵਿਲੱਖਣ ਗੱਲ ਕਹੀ ਕਿ ਮਨ ਅੰਦਰ ਪ੍ਰੀਤ ਤੇ ਭਾਵਨਾ ਹੋਵੇ ਤਾਂ ਮੂਰਖ ਨੂੰ ਸਾਰੇ ਵਿਦਵਾਨਾਂ, ਗਿਆਨੀਆਂ ਤੋਂ ਸ੍ਰੇਸ਼ਟ ਬਣਾ ਦਿੰਦੀ ਹੈ ਤੇ ਉਹ ਪਰਮਾਤਮਾ ਦੀ ਕਿਰਪਾ ਦਾ ਪਾਤਰ ਬਣ ਜਾਂਦਾ ਹੈ। ਪਰਮਾਤਮਾ ਕਿਸੇ ਖੋਜ ਤੇ ਚਰਚਾ ਦਾ ਵਿਸ਼ਾ ਨਹੀਂ ਹੈ ਉਹ ਤਾਂ ਪ੍ਰੇਮ ਦਾ ਰੰਗ ਹੈ ਜਿਸ ’ਤੇ ਚੜ੍ਹ ਜਾਵੇ ਉਹ ਨਿਹਾਲ ਤੇ ਨਿ-ਸ਼ਬਦ ਹੋ ਜਾਂਦਾ ਹੈ। ਗੁਰੂ ਸਾਹਿਬਾਨ ਨੇ ਵੀ ਇਸ ਨੂੰ ਗੂੰਗੇ ਦੀ ਮਠਿਆਈ ਕਿਹਾ। ਭਗਤ ਨਾਮਦੇਵ ਜੀ ਨੇ ਪਰਮਾਤਮਾ ਦੇ ਨਾਮ ’ਤੇ ਚੱਲ ਰਹੇ ਹਰ ਵਾਦ-ਵਿਵਾਦ, ਬਹਿਸ-ਮੁਬਾਹਿਸੇ ਨੂੰ ਸਿਰੇ ਤੋਂ ਖਾਰਿਜ ਕਰਦਿਆਂ ਬੇਲੋੜਾ ਕਿਹਾ :

*ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ ॥*
*ਜਲ ਕੀ ਮਾਛੁਲੀ ਚਰੈ ਖਜੂਰਿ ॥੧॥*
*ਕਾਂਇ ਰੇ ਬਕਬਾਦੁ ਲਾਇਓ ॥*
*ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥੧॥ਰਹਾਉ॥*
*ਪੰਡਿਤੁ ਹੋਇ ਕੈ ਬੇਦੁ ਬਖਾਨੈ ॥*
*ਮੂਰਖੁ ਨਾਮਦੇਉ ਰਾਮਹਿ ਜਾਨੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੧੮)*

ਜੋ ਲੋਕ ਪੂਰਾ ਜੀਵਨ ਧਰਮ, ਅਧਿਆਤਮ ਦੇ ਗ੍ਰੰਥ ਪੜ੍ਹਨ ’ਚ ਲਾ ਦਿੰਦੇ ਹਨ ਤੇ ਆਪਨੇ ਗਿਆਨ, ਵਿੱਦਿਆ ਨੂੰ ਪਰਮਾਤਮਾ ਨਾਲ ਮੇਲ ਦਾ ਮਾਧਿਅਮ ਬਣਾਉਣ

ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਤੋਂ ਬਹੁਤ ਜ਼ਿਆਦਾ ਸ੍ਰੇਸ਼ਟ ਉਹ ਮਨੁੱਖ ਹੈ ਜਿਸ ਨੇ ਭਾਵੇਂ ਵਿੱਦਿਅਕ ਗਿਆਨ ਨਹੀਂ ਪ੍ਰਾਪਤ ਕੀਤਾ ਪਰ ਮਨ ਅੰਦਰ ਪਰਮਾਤਮਾ ਲਈ ਸੱਚੀ ਤੇ ਗਹਿਰੀ ਭਾਵਨਾ ਧਾਰਨ ਕਰ ਲਈ ਹੈ। ਉਸ ਲਈ ਪਰਮਾਤਮਾ ਦੀ ਪ੍ਰੇਮ ਤੇ ਭਾਵਨਾ ਭਰੀ ਭਗਤੀ ਦੇ ਤੁਲ ਕੁਝ ਨਹੀਂ ਹੁੰਦਾ। ਕਿੰਨੇ ਹੀ ਵਿਦਵਾਨ, ਗਿਆਨੀ, ਵੇਦ-ਪੁਰਾਨਾਂ ਦੇ ਗਿਆਤਾ ਭਟਕਦੇ ਰਹੇ, ਪਰ ਮੁਖੋਂ ਨਾਮ ਜਪਣ ਵਾਲੇ ਜੀਵਨ-ਮੁਕਤ ਹੋ ਗਏ। ਪਰਮਾਤਮਾ ਨੇ ਭਾਵਨਾ ਤੇ ਪ੍ਰੇਮ ਨੂੰ ਸਦਾ ਵਡਿਆਈ ਨਾਲ ਨਿਵਾਜਿਆ ਹੈ। ਭਗਤ-ਜਨਾਂ ਦੀ ਸੋਭਾ ਤੇ ਮਹਿਮਾ ਪੂਰੇ ਸੰਸਾਰ 'ਚ ਫੈਲੀ ਜਿਸ ਨੂੰ ਵੇਖ ਕੇ ਲੋਕ ਦੰਗ ਰਹਿ ਗਏ। ਭਗਤ ਨਾਮਦੇਵ ਜੀ ਨੇ ਇਸ ਨੂੰ ਇੱਕ ਪ੍ਰਸੰਗ ਰਾਹੀਂ ਆਪਣੀ ਬਾਣੀ ਵਿਚ ਪਰਗਟ ਕੀਤਾ। ਆਪ ਨੇ ਬਚਨ ਕੀਤੇ ਕਿ ਮੇਰੇ ਘਰ ਦਾ ਮਜ਼ਬੂਤ ਛੱਪਰ ਬੰਨ੍ਹਿਆ ਵੇਖ ਕੇ ਪੜੋਸਨ (ਗੁਆਂਢਣ) ਹੈਰਾਨ ਰਹਿ ਗਈ ਤੇ ਪੁੱਛਣ ਆਈ ਕਿ ਇਹ ਛੱਪਰ ਕਿਸ ਕਾਰੀਗਰ ਕੋਲੋਂ ਛਵਾਇਆ ਹੈ। ਪੜੋਸਨ ਇੰਨੇ ਵਿਸਮਾਦ ਵਿਚ ਸੀ ਕਿ ਉਹ ਅਜਿਹਾ ਛੱਪਰ ਆਪਣੇ ਘਰ ਤੇ ਛਵਾਉਣ ਲਈ ਦੁੱਗਣੀ ਮਜੂਰੀ ਦੇਣ ਨੂੰ ਤਿਆਰ ਸੀ। ਭਗਤ ਨਾਮਦੇਵ ਜੀ ਨੇ ਗੁਣਾਂ ਦੀ ਉਪਮਾ ਇੱਥੇ ਛੱਪਰ ਨਾਲ ਕੀਤੀ ਜੋ ਜੀਵਨ ਅੰਦਰ ਸੁਖ, ਅਨੰਦ ਦੀ ਅਵਸਥਾ ਬਣਾਉਂਦੇ ਹਨ ਤੇ ਦੁਖ ਕਦੇ ਨੇੜੇ ਵੀ ਨਹੀਂ ਆਉਂਦੇ। ਜੀਵਨ ਦੀ ਪੱਤ ਢੱਕੀ ਜਾਂਦੀ ਹੈ। ਭਗਤ ਨਾਮਦੇਵ ਜੀ ਨੇ ਪੜੋਸਨ ਭਾਵ ਦੁਨੀਆ ਨੂੰ ਜਵਾਬ ਦਿੱਤਾ ਕਿ ਅਜਿਹਾ ਛੱਪਰ ਬਣਵਾਉਣ ਲਈ ਕਾਰੀਗਰ ਲੱਭਣ ਨਹੀਂ ਜਾਣਾ ਪੈਂਦਾ। ਉਹ ਸਾਡੇ ਨੇੜੇ ਤੋਂ ਨੇੜੇ ਹੈ, ਹਰ ਥਾਂ ਮੌਜੂਦ ਹੈ। ਉਹ ਤਾਂ ਹਰ ਮਨੁੱਖ ਦੇ ਜੀਵਨ ਦਾ ਆਧਾਰ ਹੈ। ਪ੍ਰਾਣ-ਆਧਾਰ ਪਰਮਾਤਮਾ ਹਰ ਕਿਸੇ ਦੀ ਪੱਤ ਰੱਖਣ ਵਾਲਾ ਹੈ, ਪਰ ਉਸ ਨੂੰ ਪ੍ਰੇਮ-ਭਾਵਨਾ ਦੀ ਮਜ਼ਦੂਰੀ ਚਾਹੀਦੀ ਹੈ :

*ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥*
*ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੭)*

ਸਮਾਜ ਅੰਦਰ ਵੇਦ-ਪੁਰਾਣ, ਧਾਰਮਿਕ ਗ੍ਰੰਥਾਂ ਦਾ ਗਿਆਨ ਪ੍ਰਾਪਤ ਕਰਨ ਵਾਲੇ ਵਿਦਵਾਨਾਂ ਦਾ ਬੜਾ ਸਤਿਕਾਰ ਸੀ। ਲੋਕਾਂ ਨੇ ਇਸ ਨੂੰ ਪਰਮਾਤਮਾ ਨਾਲ ਮੇਲ ਦੀ ਪੌੜੀ ਸਮਝ ਲਿਆ ਸੀ। ਭਗਤ ਨਾਮਦੇਵ ਜੀ ਦੀ ਭਗਤੀ ਦਾ ਰੰਗ ਨਿਰਾਲਾ ਸੀ। ਆਪ ਨੇ ਇਸ ਫੇਰ ਵਿਚ ਪੈਣ ਤੋਂ ਇਨਕਾਰ ਕਰ ਦਿੱਤਾ ਤੇ ਪਰਮਾਤਮਾ ਵਿਚ ਲਿਵ ਲਾਉਣ ਦੀ ਗੱਲ ਕਹੀ *ਬੇਦ ਪੁਰਾਨ ਸਾਸਤ੍ਰ ਆਨੰਤਾ ਗੀਤ ਕਬਿਤ ਨ ਗਾਵਉਗੋ॥ ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ ਬਜਾਵਉਗੋ॥* ਆਪ ਜੀ ਨੇ ਬਚਨ ਕੀਤੇ ਕਿ ਪਰਮਾਤਮਾ ਦੀ ਸ਼ਰਨ ਹਾਸਲ ਕਰਨ ਲਈ ਮਨੁੱਖ ਸੰਸਾਰ ਤੋਂ ਉਦਾਸ, ਨਿਰਲੇਪ ਹੋ ਜਾਵੇ ਤੇ ਇੱਕ ਪਰਮਾਤਮਾ ਦਾ ਨਾਮ ਜਪੇ, ਉਸ ਦੀ ਭਗਤੀ ਕਰੇ। ਆਪ ਜੀ ਨੇ ਨਾਮ ਜਪਣ ਦੀ ਵੱਡੀ ਮਹੱਤਤਾ ਦੱਸੀ ਜੋ ਗੁਰੂ ਸਾਹਿਬਾਨ ਦੇ ਫ਼ਲਸਫ਼ੇ ਨਾਲ ਪੂਰਾ ਮੇਲ

ਖਾਂਦੀ ਸੀ। ਉਸ ਵੇਲੇ ਤੀਰਥ ਇਸ਼ਨਾਨ, ਦਾਨ ਆਦਿਕ ਦੀ ਬੜੀ ਮਾਨਤਾ ਸੀ। ਅੱਜ ਵੀ ਇਹੋ ਵਿਚਾਰ ਮੰਨਣ ਵਾਲੇ ਹਨ। ਭਗਤ ਜੀ ਨੇ ਕਿਹਾ ਕਿ ਮਨੁੱਖ ਤੀਰਥ-ਅਸਥਾਨਾਂ 'ਤੇ ਜਾਵੇ ਤੇ ਇਸ਼ਨਾਨ ਕਰੇ, ਹਜ਼ਾਰ ਗਊਆਂ ਦਾ ਦਾਨ ਕਰੇ। ਸਾਰੇ ਤੀਰਥ ਕਰ ਲਵੇ, ਹਿਮਾਲਿਆ ਦੀਆਂ ਬਰਫੀਲੀਆਂ ਚੋਟੀਆਂ 'ਤੇ ਤਪ ਕਰੇ ਹਾਥੀ, ਘੋੜੇ, ਭੂਮੀ-ਦਾਨ ਨਿੱਤ ਹੀ ਕਰੇ, ਆਪਣੇ ਵਜ਼ਨ ਦੇ ਬਰਾਬਰ ਸੋਨਾ ਵੀ ਦਾਨ ਕਰ ਦੇਵੇ ਤਾਂ ਵੀ ਉਹ ਪਰਮਾਤਮਾ ਦਾ ਨਾਮ ਜਪਣ ਦੀ ਮਹਿਮਾ ਨੂੰ ਨਹੀਂ ਪ੍ਰਾਪਤ ਕਰ ਸਕਦਾ। ਭਗਤ ਨਾਮਦੇਵ ਜੀ ਦੇ ਸਮੇਂ ਬਨਾਰਸ ਵਿਚ ਰਹਿ ਕੇ ਤਪ ਕਰਨ ਦਾ ਵੱਡਾ ਪੁੰਨ ਮੰਨਿਆ ਜਾਂਦਾ ਸੀ। ਲੋਕ ਅਗਨੀ ਵਿਚ ਤਨ ਤਪਾ ਦਿੰਦੇ ਸਨ ਤੇ ਕਈ ਕਾਇਆ ਨੂੰ ਮੁੜ ਨਰੋਈ ਬਣਾ ਲੈਂਦੇ ਸਨ। ਅਸ਼ਵਮੇਧ ਯੱਗ ਕੀਤਾ ਜਾਂਦਾ ਸੀ ਤੇ ਸੋਨਾ ਗੁਪਤ ਦਾਨ ਕਰਨ ਦੀ ਵੀ ਰੀਤ ਸੀ। ਭਗਤ ਜੀ ਨੇ ਕਿਹਾ ਕਿ ਇਹ ਵੀ ਨਾਮ-ਸਿਮਰਨ ਦੇ ਤੁਲ ਨਹੀਂ ਹਨ। ਇਹ ਉਹ ਸਮਾਂ ਸੀ ਜਦੋਂ ਅਸਥਾਨਾਂ ਦੀ ਬੜੀ ਮਹੱਤਤਾ ਸੀ। ਕਾਸ਼ੀ ਨਗਰ ਵਿਚ ਨਿਵਾਸ ਕਰਨ ਦਾ ਤੇ ਗਇਆ ਨਗਰ ਵਿਚ ਪਿੱਤਰਾਂ ਦੇ ਨਾਂ 'ਤੇ ਦਾਨ ਕਰਨ ਦਾ ਵੱਡਾ ਪੁੰਨ ਮੰਨਿਆ ਜਾਂਦਾ ਸੀ। ਵੇਦ-ਪੁਰਾਣ ਦਾ ਅਧਿਐਨ ਕਰਨਾ, ਧਰਮ ਦੇ ਨਾਂ 'ਤੇ ਭਿੰਨ-ਭਿੰਨ ਕਰਮ ਕਰਨਾ ਇੱਕ ਧਰਮੀ ਹੋਣ ਦੀ ਨਿਸ਼ਾਨੀ ਸੀ। ਆਪਣੀਆਂ ਇੰਦ੍ਰੀਆਂ ਨੂੰ ਕਠੋਰ ਸੰਜਮ ਵਿਚ ਰੱਖਣਾ ਸਿਦਕ ਦਾ ਪ੍ਰਤੀਕ ਸੀ ਜਿਸ ਦੀ ਪ੍ਰਸੰਸਾ ਹੁੰਦੀ ਸੀ। ਆਪਣੇ-ਆਪਣੇ ਇਸ਼ਟ ਸਨ ਜਿਨ੍ਹਾਂ ਦੀ ਬੜੇ ਵਿਧੀ-ਵਿਧਾਨ ਨਾਲ ਪੂਜਾ ਕੀਤੀ ਜਾਂਦੀ ਸੀ। ਭਗਤ ਨਾਮਦੇਵ ਜੀ ਨੇ ਕਿਹਾ ਕਿ ਮਨੁੱਖ ਦਾ ਹਾਲ ਉਸ ਮਿਰਗ ਵਰਗਾ ਹੈ ਜੋ ਨਾਦ ਸੁਣ ਕੇ ਦਿਨ ਭਰ ਨੱਸਦਾ ਭਟਕਦਾ ਰਹਿੰਦਾ ਹੈ। ਇਸ ਭਰਮ ਵਿਚ ਪਤਾ ਹੀ ਨਹੀਂ ਚੱਲਦਾ ਤੇ ਉਸ ਦੀ ਜਾਨ ਵੀ ਚਲੀ ਜਾਂਦੀ ਹੈ। ਸਾਰੇ ਅੰਧ-ਵਿਸ਼ਵਾਸ, ਭਰਮ, ਪਖੰਡ, ਕਰਮ-ਕਾਂਡ ਮਨੁੱਖ ਲਈ ਹਿਰਨ ਦੇ ਨਾਦ ਜਿਹੇ ਹੀ ਹਨ ਜਿਨ੍ਹਾਂ ਪਿੱਛੇ ਉਹ ਜੀਵਨ ਭਰ ਲੱਗਿਆ ਰਹਿੰਦਾ ਹੈ ਤੇ ਪਤਾ ਹੀ ਨਹੀਂ ਚੱਲਦਾ ਕਿ ਕਦੋਂ ਅੰਤ ਸਮਾਂ ਆ ਪੁੱਜਿਆ ਹੈ। ਭਗਤ ਜੀ ਨੇ ਮਨੁੱਖ ਨੂੰ ਸੁਚੇਤ ਕਰਦਿਆਂ ਵਚਨ ਕੀਤੇ ਕਿ ਉਹ ਨਾਮ ਜਪੇ:

*ਐਸੇ ਰਾਮਾ ਐਸੇ ਹੇਰਉ ॥*
*ਰਾਮੁ ਛੋਡਿ ਚਿਤੁ ਅਨਤ ਨ ਫੇਰਉ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੩)*

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੱਬੀ ਬਾਣੀ ਵਿਚ ਦੂਜੇ ਭਾਵ ਦੀ ਵਾਰ-ਵਾਰ ਨਿਖੇਧੀ ਕੀਤੀ ਗਈ ਹੈ ਤੇ ਇੱਕ ਪਰਮਾਤਮਾ 'ਤੇ ਪੂਰਨ ਇਕਾਗਰਤਾ ਨਾਲ ਭਰੋਸਾ ਤੇ ਭਗਤੀ ਕਰਨ ਲਈ ਪ੍ਰੇਰਿਆ ਗਿਆ ਹੈ— *ਏਕੋ ਏਕੁ ਵਸੈ ਮਨਿ ਸੁਆਮੀ ਦੂਜਾ ਅਵਰੁ ਨ ਕੋਈ ॥* ਭਗਤ ਨਾਮਦੇਵ ਜੀ ਵੀ ਇਸੇ ਵਿਚਾਰ ਦੇ ਹਾਮੀ ਸਨ। ਆਪ ਨੇ ਕਿਹਾ ਕਿ ਮਨ ਪਰਮਾਤਮਾ ਨਾਲ ਅਜਿਹਾ ਜੁੜੇ ਕਿ ਥਿਰ ਹੋ ਕੇ ਰਹਿ ਜਾਏ। ਸਾਰੇ ਭਰਮ ਦੂਰ ਹੋ ਜਾਣ ਤੇ ਕਿਤੇ ਹੋਰ ਆਸ ਰੱਖਣ ਦੀ ਕੋਈ ਗੁੰਜਾਇਸ਼ ਹੀ ਨਾ ਰਹੇ। ਇਸ ਤੱਤ ਨੂੰ

ਸਮਝਾਉਣ ਲਈ ਆਪ ਨੇ ਜੀਵਨ ਦੇ ਆਲੇ-ਦੁਆਲੇ ਵਰਤ ਰਹੀਆਂ ਕਈ ਮਿਸਾਲਾਂ ਦਿੱਤੀਆਂ। ਭਗਤ ਜੀ ਨੇ ਕਿਹਾ ਕਿ ਜਿਵੇਂ ਮਛੇਰੇ ਦਾ ਚਿੱਤ ਮੱਛੀ ਫੜਨ 'ਚ ਲੱਗਦਾ ਹੈ, ਸੁਨਿਆਰੇ ਦਾ ਚਿੱਤ ਗਹਿਣੇ ਘੜਦਿਆਂ ਸਾਵਧਾਨ ਰਹਿੰਦਾ ਹੈ, ਕਾਮ-ਵਾਸਨਾ ਭਰਿਆ ਮਨੁੱਖ ਕਿਸੇ ਇਸਤਰੀ 'ਤੇ ਨਿਗਾਹ ਰੱਖਦਾ ਹੈ, ਜੂਆ ਖੇਡਣ ਵਾਲਾ ਆਪਣਾ ਧਿਆਨ ਆਪਣੀ ਬਾਜ਼ੀ ਖੇਡਦਿਆਂ ਕੌਡੀ 'ਤੇ ਲਾਉਂਦਾ ਹੈ ਇਵੇਂ ਹੀ ਪਰਮਾਤਮਾ ਦੀ ਸੱਚੀ ਭਗਤੀ ਕਰਨ ਵਾਲਾ ਪਰਮਾਤਮਾ 'ਤੇ ਨਾਮ ਟਿਕਾਉਂਦਾ ਹੈ। ਮਛੇਰੇ ਦਾ ਮਨ ਮੱਛੀ ਲਈ, ਸੁਨਿਆਰੇ ਦਾ ਚਿੱਤ ਸੁੰਦਰ ਜੇਵਰ ਤਿਆਰ ਕਰਨ ਲਈ, ਕਾਮੀ ਦਾ ਮਨ ਇਸਤਰੀ ਨਾਲ ਭੋਗ-ਵਿਲਾਸ ਲਈ ਤੇ ਜੁਆਰੀ ਦਾ ਮਨ ਬਾਜ਼ੀ ਜਿੱਤਣ ਲਈ ਬਿਹਬਲ ਰਹਿੰਦਾ ਹੈ। ਪਰਮਾਤਮਾ ਦਾ ਨਾਮ ਜਪਣ ਵਾਲੇ ਨੂੰ ਹਰ ਥਾਂ 'ਤੇ ਪਰਮਾਤਮਾ ਦੇ ਸਰਬ-ਵਿਆਪੀ ਸਰੂਪ ਦੇ ਦਰਸ਼ਨ ਹੁੰਦੇ ਹਨ ਤੇ ਉਸ ਦਾ ਚਿੱਤ ਸਦਾ ਹੀ ਨਾਮ ਜਪਣ 'ਚ ਲੱਗਿਆ ਰਹਿੰਦਾ ਹੈ। ਭਗਤ ਨਾਮਦੇਵ ਜੀ ਨੇ ਕਿਹਾ ਕਿ ਮਨੁੱਖ ਤਾਂ ਅਗਿਆਨੀ ਹੈ ਉਸ ਨੂੰ ਨਾ ਰਾਹ ਦਾ ਗਿਆਨ ਹੈ ਨਾ ਹੀ ਚੱਲਣ ਦਾ ਚੱਜ - ਆਚਾਰ ਗਿਆਤ ਹੈ। ਪਰਮਾਤਮਾ ਦਾ ਨਾਮ ਉਸ ਲਈ ਨੇਤਰਹੀਣ ਦੀ ਸੋਟੀ ਜਿਹਾ ਹੈ *ਸੋ ਹਰਿ ਅੰਧੁਲੇ ਕੀ ਲਾਕਰੀ ॥* ਜਿਸ ਮਨੁੱਖ ਨੇ ਪਰਮਾਤਮਾ ਦੇ ਨਾਮ ਨੂੰ ਆਪਣੇ ਅਗਿਆਨਤਾ ਭਰੇ ਜੀਵਨ ਦੀ ਮਾਰਗ-ਦਸੇਰੀ ਸੋਟੀ ਬਣਾ ਲਿਆ ਉਸ ਦਾ ਜੀਵਨ ਸਫ਼ਲ ਹੋ ਜਾਂਦਾ ਹੈ। ਭਗਤ ਨਾਮਦੇਵ ਜੀ ਬੜੇ ਭਰੋਸੇ ਨਾਲ ਤੇ ਬੇਲਾਗ ਅੰਦਾਜ਼ ਵਿਚ ਪਰਮਾਤਮਾ ਦੀ ਕਿਰਪਾ ਮੰਗਦੇ ਹਨ :

*ਮੋ ਕਉ ਤਾਰਿ ਲੇ ਰਾਮਾ ਤਾਰਿ ਲੇ ॥*
*ਮੈ ਅਜਾਨੁ ਜਨੁ ਤਰਿਬੇ ਨ ਜਾਨਉ ਬਾਪ ਬੀਠੁਲਾ ਬਾਹ ਦੇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੩)*

ਭਗਤ ਨਾਮਦੇਵ ਜੀ ਦੇ ਉਪਰੋਕਤ ਵਚਨ ਵਿਚ ਆਪਣੀ ਬੇਚਾਰਗੀ ਵੀ ਹੈ ਤੇ ਪਰਮਾਤਮਾ 'ਤੇ ਭਰੋਸਾ ਭਰਿਆ ਹੱਕ ਵੀ ਪਰਗਟ ਹੋ ਰਿਹਾ ਹੈ। ਇੱਕ ਪਿਤਾ ਸਦਾ ਆਪਣੇ ਬਾਲਕ ਦੀ ਸਹਾਇਤਾ, ਰੱਖਿਆ ਲਈ ਅੱਗੇ ਆਉਂਦਾ ਹੈ ਤੇ ਹਰ ਮੁਸ਼ਕਿਲ ਤੋਂ ਉਭਾਰ ਲੈਂਦਾ ਹੈ। ਪਰਮਾਤਮਾ ਸੰਸਾਰਕ ਪਿਤਾ ਜਿਹਾ ਨਹੀਂ। ਉਹ ਤਾਂ ਪੂਰਨ ਸਮਰੱਥ ਤੇ ਮਹਾਨ ਕਿਰਪਾਲੂ ਹੈ। ਉਹ ਅੱਗੇ ਆਵੇ ਤਾਂ ਕੋਈ ਸੰਕਟ ਟਿਕ ਨਹੀਂ ਸਕਦਾ। ਪਰਮਾਤਮਾ ਨਿਮਖ ਮਾਤਰ 'ਚ ਹੀ ਆਪਣੇ ਸਰਣਾਗਤ ਨੂੰ ਹਰ ਸੰਕਟ ਤੋਂ ਕੱਢ ਲੈਂਦਾ ਹੈ :

*ਤੇਰੇ ਨਾਮ ਅਵਿਲੰਬਿ ਬਹੁਤੁ ਜਨ ਉਧਰੇ ਨਾਮੇ ਕੀ ਨਿਜ ਮਤਿ ਏਹ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੪)*

ਪਰਮਾਤਮਾ ਆਪਣੇ ਸੇਵਕ ਨੂੰ ਦੁਖ 'ਚ ਨਹੀਂ ਵੇਖ ਸਕਦਾ। ਉਹ ਕਦੇ ਵੀ ਦੇਰ ਨਹੀਂ ਲਾਉਂਦਾ ਤੇ ਮਨੁੱਖ ਦੇ ਦੁਖ ਦੂਰ ਕਰਦਾ ਹੈ। ਦੁਨਿਆਵੀ ਤਾਕਤਾਂ ਆਪਣੀ

ਸਹੂਲੀਅਤ ਨਾਲ ਤੇ ਆਪਣੇ ਮਨ ਮੁਤਾਬਿਕ ਕੰਮ ਕਰਦੀਆਂ ਹਨ। ਉਨ੍ਹਾਂ ਲਈ ਆਪਣਾ ਹਿੱਤ ਪਹਿਲਾਂ ਹੁੰਦਾ ਹੈ। ਭਗਤ ਨਾਮਦੇਵ ਜੀ ਨੇ ਇਹ ਬੁਨਿਆਦੀ ਫਰਕ ਦੱਸਦਿਆਂ ਕਿਹਾ ਕਿ ਪਰਮਾਤਮਾ ਲਈ ਉਸ ਦੇ ਸੇਵਕ ਦਾ ਹਿੱਤ ਸਭ ਤੋਂ ਵੱਡਾ ਹੈ। ਪਰਮਾਤਮਾ ਦਾ ਸੁਭਾਅ ਹੀ ਆਪਣੇ ਭਗਤ ਦੇ ਸਦਾ ਅੰਗ-ਸੰਗ ਹੋਣਾ ਹੈ। ਉਹ ਸਦਾ ਇਸ ਲਈ ਸਾਵਧਾਨ ਰਹਿੰਦਾ ਹੈ। ਪਰ ਪਰਮਾਤਮਾ ਦੇ ਸੱਚੇ ਭਗਤ ਦਾ ਰੰਗ ਨਿਰਾਲਾ ਹੀ ਹੁੰਦਾ ਹੈ। ਭਗਤ ਨੂੰ ਸੰਸਾਰਕ ਕਸ਼ਟ, ਵਿਘਨ, ਵਿਪਦਾ ਦੀ ਚਿੰਤਾ ਨਹੀਂ ਹੁੰਦੀ। ਉਹ ਤਾਂ ਜੀਵਨ-ਮੁਕਤ ਹੋਣ ਦੀ ਕਾਮਨਾ ਰੱਖਦਾ ਹੈ। ਸੰਸਾਰ ਅੰਦਰ ਉਸ ਨੂੰ ਰਾਜ-ਪਾਟ ਮਿਲ ਜਾਵੇ ਜਾਂ ਉਸ ਨੂੰ ਭਿਖਿਆ ਮੰਗਣੀ ਪਵੇ, ਉਸ ਦਾ ਕੁਝ ਨਹੀ ਘਟਦਾ। ਉਹ ਹਰ ਰੰਗ ਵਿਚ ਖੁਸ਼ ਰਹਿੰਦਾ ਹੈ ਤੇ ਯਤਨਸ਼ੀਲ ਰਹਿੰਦਾ ਹੈ ਕਿ ਸੰਸਾਰਕ ਤਮਾਸ਼ਿਆਂ ਤੋਂ ਉਦਾਸ ਹੋ ਜਾਵੇ। ਪਰਮਾਤਮਾ ਲਈ ਗਹਿਰੀ ਪ੍ਰੀਤ ਹੀ ਉਸ ਦਾ ਜੀਵਨ ਹੈ। ਭਗਤ ਨਾਮਦੇਵ ਜੀ ਨੂੰ ਬਾਲ-ਅਵਸਥਾ ਵਿਚ ਕਿਤੇ ਬਾਹਰ ਜਾਣ ਲੱਗਿਆਂ ਪਿਤਾ ਜੀ ਹੁਕਮ ਕਰ ਗਏ ਕਿ ਠਾਕੁਰ ਜੀ ਨੂੰ ਭੋਗ ਚੜ੍ਹਾ ਕੇ ਹੀ ਭੋਜਨ ਗ੍ਰਹਿਣ ਕਰਨਾ। ਬਾਲਕ ਨਾਮਦੇਵ ਜੀ ਨੇ ਬੜੇ ਪ੍ਰੇਮ ਨਾਲ ਸਵੇਰੇ ਦੁੱਧ ਦਾ ਭਰਿਆ ਕਟੋਰਾ ਠਾਕੁਰ ਜੀ ਅੱਗੇ ਰੱਖਿਆ ਤੇ ਠਾਕੁਰ ਜੀ ਦੇ ਭੋਗ ਲਾਉਣ ਦੀ ਉਡੀਕ ਕਰਦੇ ਰਹੇ, ਕਾਫੀ ਸਮਾਂ ਬਤੀਤ ਹੋ ਗਿਆ ਪਰੰਤੂ ਕਟੋਰੇ ਵਿਚ ਦੁੱਧ ਉਵੇਂ ਹੀ ਭਰਿਆ ਰਿਹਾ ਤੇ ਭਗਤ ਨਾਮਦੇਵ ਜੀ ਨੇ ਅੰਨ ਨਹੀਂ ਗ੍ਰਹਿਣ ਕੀਤਾ। ਪਰਮਾਤਮਾ ਨੇ ਉਨ੍ਹਾਂ ਦੀ ਬਾਲ ਸੁਲਭ ਪ੍ਰੇਮਾ-ਭਗਤੀ ਪ੍ਰਵਾਨ ਕੀਤੀ ਤੇ ਆਪ ਆ ਕੇ ਕਟੋਰੇ ਦਾ ਦੁੱਧ ਪੀਤਾ। ਬਾਲ ਅਵਸਥਾ 'ਚ ਹੀ ਪਰਮਾਤਮਾ ਦਾ ਦਰਸ਼ਨ ਇੰਨੇ ਸਹਿਜ ਢੰਗ ਨਾਲ ਪ੍ਰਾਪਤ ਕਰ ਲੈਣਾ ਧਰਮ ਜਗਤ ਅੰਦਰ ਵਰਤਿਆ ਇੱਕ ਵੱਡਾ ਕੌਤਕ ਸੀ। ਪਰ ਭਗਤ ਨਾਮਦੇਵ ਜੀ ਨੇ ਇਸ ਵੱਡੇ ਕੌਤਕ ਨੂੰ ਅਤਿ ਸਹਿਜਤਾ ਨਾਲ ਲਿਆ ਤਾਂ ਹੀ ਆਪ ਬਾਣੀ ਉਚਾਰ ਸਕੇ ਕਿ *ਜੌ ਰਾਜੁ ਦੇਹਿ ਤ ਕਵਨ ਬਡਾਈ ॥ ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ॥* ਭਗਤ ਨਾਮਦੇਵ ਜੀ ਤਾਂ ਬਾਲ ਅਵਸਥਾ ਵਿਚ ਹੀ ਨਿਰਬਾਣ ਪਦ ਪ੍ਰਾਪਤ ਕਰ ਚੁਕੇ ਸਨ। ਆਪ ਦੀ ਨਿਮਰਤਾ ਤੇ ਸਹਿਜਤਾ ਦੀ ਚਰਚਾ ਦੂਰ-ਦੂਰ ਤਕ ਹੋਣ ਲੱਗ ਪਈ। ਲੋਕਾਂ ਨੂੰ ਆਪ ਪਰਮਾਤਮਾ ਨਾਲ ਮੇਲ ਲਈ ਸਹਿਜ ਮਾਰਗ 'ਤੇ ਚੱਲਣ ਲਈ ਪ੍ਰੇਰਨਾ ਕਰਨ ਲੱਗ ਪਏ। ਇੱਕ ਵਾਰ ਭਗਤ ਜੀ ਦੇ ਸ਼ਰਧਾਲੂਆਂ ਨੇ ਪ੍ਰਸ਼ਨ ਕੀਤਾ ਕਿ ਹਰ ਕੋਈ ਕਹਿੰਦਾ ਹੈ ਕਿ ਪਰਮਾਤਮਾ ਸਰਬ-ਵਿਆਪਕ ਹੈ, ਪਰੰਤੂ ਉਹ ਵਿਖਾਈ ਕਿਉਂ ਨਹੀਂ ਦਿੰਦਾ, ਅਸੀਂ ਕਿੰਝ ਮੰਨੀਏ ਕਿ ਉਹ ਹੈ ਤੇ ਉਹ ਕਿਵੇਂ ਪ੍ਰਾਪਤ ਹੋ ਸਕਦਾ ਹੈ? ਭਗਤ ਨਾਮਦੇਵ ਜੀ ਨੇ ਇੱਕ ਲੋਟਾ ਪਾਣੀ ਮੰਗਵਾਇਆ ਤੇ ਉਸ ਵਿਚ ਲੂਣ ਪਾ ਦਿੱਤਾ। ਆਪ ਨੇ ਸ਼ਰਧਾਲੂਆਂ ਨੂੰ ਪੁੱਛਿਆ ਕਿ ਕੀ ਉਨ੍ਹਾਂ ਨੂੰ ਪਾਣੀ ਵਿਚ ਲੂਣ ਵਿਖਾਈ ਦੇ ਰਿਹਾ ਹੈ ਤਾਂ ਸ਼ਰਧਾਲੂਆਂ ਨੇ ਮਨ੍ਹਾ ਕਰ ਦਿੱਤਾ। ਉਨ੍ਹਾਂ ਪਾਣੀ ਦਾ ਘੁੱਟ ਭਰਨ ਲਈ ਕਿਹਾ ਤੇ ਪੁੱਛਿਆ ਕਿ ਕੀ ਇਸ ਵਿਚ ਲੂਣ ਹੈ ਤਾਂ ਲੋਕਾਂ ਨੇ ਹਾਮੀ ਭਰੀ।

ਫਿਰ ਭਗਤ ਨਾਮਦੇਵ ਜੀ ਨੇ ਉਸ ਪਾਣੀ ਨੂੰ ਦੇਰ ਤਕ ਉਬਾਲਣ ਲਈ ਕਿਹਾ। ਜਦੋਂ ਸਾਰਾ ਪਾਣੀ ਭਾਫ਼ ਬਣ ਕੇ ਉੱਡ ਗਿਆ ਤਾਂ ਭਗਤ ਜੀ ਨੇ ਫਿਰ ਲੋਟੇ ਅੰਦਰ ਵੇਖਣ ਲਈ ਕਿਹਾ। ਹੁਣ ਉਸ ਅੰਦਰ ਲੂਣ ਦੇ ਕਿਣਕੇ ਵਿਖਾਈ ਦੇ ਰਹੇ ਸਨ। ਭਗਤ ਨਾਮਦੇਵ ਜੀ ਨੇ ਸਮਝਾਇਆ ਕਿ ਜਿਵੇਂ ਪਾਣੀ ਅੰਦਰ ਨਾ ਵਿਖਾਈ ਦਿੰਦਿਆਂ ਵੀ ਲੂਣ ਮੌਜੂਦ ਸੀ ਉਵੇਂ ਹੀ ਪਰਮਾਤਮਾ ਸਰਬ-ਵਿਆਪਕ ਹੈ ਪਰ ਵਿਖਾਈ ਨਹੀਂ ਦੇ ਰਿਹਾ। ਜਦੋਂ ਜਤ-ਸਤ, ਸੰਜਮ, ਸਿਦਕ ਨਾਲ ਮਨੁੱਖ ਆਪਣੇ ਵਿਕਾਰਾਂ ਨੂੰ ਭਾਫ਼ ਵਾਂਗੂ ਉਡਾ ਦਿੰਦਾ ਹੈ ਤਾਂ ਆਪ ਹੀ ਪਰਮਾਤਮਾ ਪ੍ਰਤੱਖ ਹੋ ਜਾਂਦਾ ਹੈ। ਪਰਮਾਤਮਾ 'ਤੇ ਅਟੱਲ ਭਰੋਸਾ ਸਭ ਤੋਂ ਵੱਡਾ ਮਨੁੱਖੀ ਗੁਣ ਹੈ। ਭਗਤ ਨਾਮਦੇਵ ਜੀ ਜਾਣਦੇ ਸਨ ਕਿ ਪਰਮਾਤਮਾ ਦੇ ਆਪਣੇ ਰੰਗ ਹਨ। ਭਗਤ ਜੀ ਨੇ ਭਗਤੀ ਨੂੰ ਉਨ੍ਹਾਂ ਰੰਗਾਂ ਨਾਲ ਹੀ ਰੰਗ ਦਿੱਤਾ। ਪਰਮਾਤਮਾ ਕਦੇ ਸੁਖ ਕਦੇ ਦੁਖ ਦਿੰਦਾ ਹੈ। ਉਸ ਦੀ ਆਪਣੀ ਖੇਡ ਹੈ। ਪਰ ਦੁਖ ਆਉਣ 'ਤੇ ਬਹੁਤੇ ਲੋਕ ਪਰਮਾਤਮਾ ਤੋਂ ਦੂਰ ਤੇ ਨਿਰਾਸ਼ ਹੋ ਜਾਂਦੇ ਹਨ। ਆਪ ਜੀ ਨੇ ਕਿਹਾ ਕਿ ਮਨੁੱਖ ਦਾ ਡੋਲ ਜਾਣਾ ਉਸ ਦੇ ਭਰੋਸੇ ਦੇ ਹੌਲੇਪਣ ਨੂੰ ਉਜਾਗਰ ਕਰਦਾ ਹੈ। ਉਹ ਜਗ-ਹਸਾਈ ਦਾ ਕਾਰਨ ਬਣਦਾ ਹੈ ਤੇ ਜੀਵਨ ਮਨੋਰਥ ਗੁਆ ਬਹਿੰਦਾ ਹੈ। ਭਗਤ ਜੀ ਨੇ ਹਰ ਹਾਲ ਵਿਚ ਮਨੁੱਖ ਨੂੰ ਅਡੋਲਤਾ ਲਈ ਪ੍ਰੇਰਿਆ :

*ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੯੫)*

ਰਾਜੇ ਨੇ ਚਮਤਕਾਰ ਵਿਖਾਉਣ ਲਈ ਕਿਹਾ, ਪਰ ਭਗਤ ਜੀ ਨੇ ਇਨਕਾਰ ਕਰ ਦਿੱਤਾ ਕਿ ਸਮਰੱਥ ਤਾਂ ਇੱਕੋ-ਇੱਕ ਪਰਮਾਤਮਾ ਹੈ। ਉਨ੍ਹਾਂ ਨੂੰ ਪਾਗਲ ਹਾਥੀ ਅੱਗੇ ਸੁੱਟ ਦਿੱਤਾ ਗਿਆ, ਪਰ ਉਹ ਅਡੋਲ ਰਹੇ ਤੇ ਪਰਮਾਤਮਾ ਨੇ ਆਪ ਕੌਤਕ ਵਰਤਾਅ ਕੇ ਉਨ੍ਹਾਂ ਦੀ ਰੱਖਿਆ ਕੀਤੀ ਤੇ ਮਾਣ ਵਧਾਇਆ। ਪਰਮਾਤਮਾ 'ਤੇ ਅਡੋਲ ਭਰੋਸੇ ਦੀ ਗੱਲ ਕਰਦਿਆਂ ਵੀ ਭਗਤ ਨਾਮਦੇਵ ਜੀ ਨੇ ਮਨੁੱਖ ਨੂੰ ਨਿਰਮਾਣਤਾ ਤੇ ਦੀਨਤਾ ਬਣਾਏ ਰੱਖਣ ਦੀ ਰਾਹ ਵਿਖਾਈ। ਆਪ ਨੇ ਪਰਮਾਤਮਾ ਅੱਗੇ ਬੇਨਤੀ ਕੀਤੀ ਕਿ ਜੇ ਮਨ ਡੋਲ ਵੀ ਜਾਏ ਤਾਂ ਉਹ ਨਾ ਡੋਲਣ ਦੇਵੇ :

*ਮੋ ਕਉ ਤੂੰ ਨ ਬਿਸਾਰਿ ਤੂੰ ਨ ਬਿਸਾਰਿ ॥*
*ਤੂ ਨ ਬਿਸਾਰੇ ਰਾਮਈਆ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੨)*

ਇਹ ਪਰਮਾਤਮਾ ਭਗਤੀ ਦੀ ਸੱਚੀ ਭਾਵਨਾ ਹੈ। ਇਹੋ ਭਾਵਨਾ ਪਰਮਾਤਮਾ ਦੇ ਦਰਬਾਰ ਵਿਚ ਪ੍ਰਵਾਨ ਹੁੰਦੀ ਹੈ। ਇਸੇ ਭਾਵਨਾ ਤਹਿਤ ਪਰਮਾਤਮਾ ਕਟੋਰੇ 'ਚ ਰੱਖਿਆ ਦੁੱਧ ਪੀਣ ਆ ਜਾਂਦਾ ਹੈ। ਮ੍ਰਿਤਕ ਗਾਂ ਨੂੰ ਜ਼ਿੰਦਾ ਕਰ ਦਿੰਦਾ ਹੈ ਤੇ ਮਦਮਸਤ ਹਾਥੀ ਦੇ ਪੈਰ ਬੰਨ੍ਹ ਆਪਣੇ ਭਗਤ ਦੀ ਰੱਖਿਆ ਕਰਦਾ ਹੈ। ਮਨੁੱਖ ਸਦਾ ਹੀ ਬੇਨਤੀ 'ਚ ਰਹੇ ਕਿ ਪਰਮਾਤਮਾ ਉਸ ਦੀ ਸਾਰ-ਸੰਭਾਲ ਕਰਦਾ ਰਹੇ। ■

# ਭਗਤ ਨਾਮਦੇਵ ਜੀ

*-ਡਾ. ਹਰਬੰਸ ਸਿੰਘ**

ਭਗਤ ਨਾਮਦੇਵ ਜੀ ਭਗਤੀ ਲਹਿਰ ਦੇ ਪ੍ਰਮੁੱਖ ਸੰਤ ਕਵੀ ਹੋਏ ਹਨ। ਆਪ ਜੀ ਦੇ ੬੧ ਸ਼ਬਦ, ੧੮ ਰਾਗਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹਨ। ਭਗਤ ਨਾਮਦੇਵ ਜੀ ਦੀ ਰਚਨਾ ਮਰਾਠੀ ਅਤੇ ਸੰਤ ਭਾਸ਼ਾ ਵਿਚ ਮਿਲਦੀ ਹੈ। ਦੋ-ਤਿੰਨ ਸ਼ਬਦ ਰੇਖਤਾ ਦੀ ਵੰਨਗੀ ਵੀ ਪੇਸ਼ ਕਰਦੇ ਹਨ। ਆਪ ਜੀ ਦੀ ਬਾਣੀ ਵਿਚ ਫ਼ਾਰਸੀ ਦੇ ਸ਼ਬਦ ਵੀ ਵਰਤੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਭਗਤ ਨਾਮਦੇਵ ਜੀ ਦੇ ਮਰਾਠੀ ਅਭੰਗ 'ਨਾਮਦੇਵ ਗਾਥਾ' ਵਿਚ ਸੰਕਲਿਤ ਹਨ ਤੇ ਮਹਾਰਾਸ਼ਟਰ ਵਿਚ ਆਮ ਪੜ੍ਹੇ ਤੇ ਗਾਏ ਜਾਂਦੇ ਹਨ। ਆਪ ਜੀ ਦੀ ਬਾਣੀ ਦੀ ਅੰਦਰਲੀ ਗਵਾਹੀ ਤੋਂ ਸਪੱਸ਼ਟ ਹੁੰਦਾ ਹੈ ਕਿ ਸਮੇਂ ਦੀ ਬ੍ਰਾਹਮਣ ਅਤੇ ਪ੍ਰੋਹਿਤ ਸ਼੍ਰੇਣੀ ਵੱਲੋਂ ਆਪ ਜੀ ਨੂੰ ਧਾਰਮਿਕ ਅਤੇ ਸਮਾਜਿਕ ਅੰਨਿਆਂ ਦਾ ਸ਼ਿਕਾਰ ਹੋਣਾ ਪਿਆ ਸੀ। ਬ੍ਰਾਹਮਣ ਵਰਗ ਆਪ ਜੀ ਨੂੰ ਮੰਦਰ ਵਿਚ ਦਾਖ਼ਲ ਹੋਣ ਅਤੇ ਪੂਜਾ-ਅਰਚਨਾ ਕਰਨ ਦੀ ਆਗਿਆ ਨਹੀਂ ਸੀ ਦਿੰਦਾ। ਆਪ ਨੂੰ 'ਸ਼ੂਦਰ' ਕਹਿ ਕੇ ਤ੍ਰਿਸਕਾਰਿਆ ਜਾਂਦਾ ਸੀ। ਸਮੇਂ ਦੇ ਮੁਸਲਿਮ ਹਾਕਮਾਂ ਵੱਲੋਂ ਵੀ ਕਈ ਵਾਰ ਆਪ ਜੀ ਨਾਲ ਸਖ਼ਤੀ ਤੇ ਦੁਰ-ਵਿਉਹਾਰ ਕੀਤਾ ਗਿਆ। ਭਗਤ ਨਾਮਦੇਵ ਜੀ ਨੇ ਇਨ੍ਹਾਂ ਘਟਨਾਵਾਂ ਦਾ ਜ਼ਿਕਰ ਆਪਣੀ ਰਚਨਾ ਵਿਚ ਵੀ ਕੀਤਾ ਹੈ।

ਪ੍ਰਚਲਿਤ ਰਵਾਇਤ ਅਨੁਸਾਰ ਭਗਤ ਨਾਮਦੇਵ ਜੀ ਦਾ ਜਨਮ ਸੰਨ ੧੨੭੦ ਈ. ਵਿਚ ਜ਼ਿਲ੍ਹਾ ਸਿਤਾਰਾ ਦੇ ਪਿੰਡ ਨਰਸੀ-ਬਾਮਨੀ (ਮਹਾਰਾਸ਼ਟਰ) ਵਿਚ ਪਿਤਾ ਦਾਮ ਸ਼ੇਟੀ (ਦਾਮ ਸੇਠ) ਅਤੇ ਮਾਤਾ ਗੋਨਾਬਾਈ ਦੇ ਗ੍ਰਿਹ ਵਿਖੇ ਹੋਇਆ। ਆਪ ਦੇ ਪਿਤਾ ਜੀ ਵੈਸ਼ਨਵ ਵਿਚਾਰਾਂ ਦੇ ਸਨ। ਅਧਿਆਤਮਿਕ ਮਾਰਗ 'ਤੇ ਤੁਰਨ ਅਤੇ ਪ੍ਰੇਮਾ-ਭਗਤੀ ਦੀ ਗੁੜ੍ਹਤੀ ਭਗਤ ਨਾਮਦੇਵ ਜੀ ਨੂੰ ਆਪਣੇ ਘਰ ਤੋਂ ਹੀ ਪ੍ਰਾਪਤ ਹੋਈ ਸੀ। ਵੱਡੇ ਹੋਣੇ 'ਤੇ ਆਪ ਜੀ ਨੇ ਵਿਸ਼ੋਭਾ ਖੇਚਰ ਨੂੰ ਗੁਰੂ ਧਾਰਨ ਕੀਤਾ ਤੇ ਕੁਝ ਸਮੇਂ ਪਿੱਛੋਂ ਆਪਣੇ ਇਕ ਸਾਥੀ ਗਿਆਨੇਸ਼ਵਰ ਨਾਲ ਤੀਰਥ ਯਾਤਰਾ ਕੀਤੀ। ਭਗਤ ਨਾਮਦੇਵ ਜੀ ਨੇ ਉੱਤਰੀ ਦੱਖਣੀ ਭਾਰਤ ਦੇ ਅਨੇਕ ਪਿੰਡਾਂ ਅਤੇ ਨਗਰਾਂ ਦਾ ਦੌਰਾ ਕੀਤਾ ਅਤੇ ਸੱਚੇ ਨਾਮ ਦਾ ਉਪਦੇਸ਼ ਦਿੰਦੇ ਰਹੇ। ਆਪ ਜਿਨ੍ਹਾਂ ਸਥਾਨਾਂ 'ਤੇ ਰੁਕਦੇ ਰਹੇ ਉਨ੍ਹਾਂ ਵਿੱਚੋਂ ਪ੍ਰਸਿੱਧ ਹਨ— ਮਥੁਰਾ, ਬ੍ਰਿੰਦਾਬਨ, ਗੋਕੁਲ, ਕਾਸ਼ੀ, ਗਯਾ, ਅਯੋਧਿਆ, ਜਗਨਨਾਥ ਪੁਰੀ, ਜੂਨਾਗੜ੍ਹ, ਹੈਦਰਾਬਾਦ, ਮਾਰਵਾੜ ਅਤੇ ਪੰਜਾਬ। ਮੰਨਿਆ ਜਾਂਦਾ ਹੈ ਕਿ ਆਪ ਜੀ ਨੇ ਆਪਣੇ ਜੀਵਨ ਦੇ ਆਖਰੀ ਕਈ ਸਾਲ ਪੰਜਾਬ ਵਿਚ ਹੀ ਬਿਤਾਏ ਸਨ। ਪੰਜਾਬ ਵਿਚ ਪ੍ਰੇਮਾ-ਭਗਤੀ ਦਾ ਸੰਦੇਸ਼ ਪਹੁੰਚਾਉਣ ਵਾਲੇ ਆਪ ਪਹਿਲੇ ਸੰਤ ਕਵੀ ਸਨ। ਆਪ ਜੀ ਦਾ

**3C/38, 2nd Floor, New Rohtak Road, Karol Bagh, New Delhi-5*

ਦੇਹਾਂਤ ਪਿੰਡ ਘੁਮਾਣ, ਜ਼ਿਲ੍ਹਾ ਗੁਰਦਾਸਪੁਰ ਵਿਚ ੧੩੫੦ ਈ. ਵਿਚ ਹੋਇਆ। ਉਦੋਂ ਦੇਸ਼ ਉੱਪਰ ਮੁਹੰਮਦ ਤੁਗਲਕ ਦਾ ਰਾਜ ਸੀ। ਆਪ ਜੀ ਦੀ ਸਥਾਨ 'ਤੇ ਹਰ ਸਾਲ ਬੜਾ ਭਾਰੀ ਮੇਲਾ ਲੱਗਦਾ ਹੈ ਜਿਸ ਵਿਚ ਦੇਸ਼-ਵਿਦੇਸ਼ ਤੋਂ ਆਏ ਸ਼ਰਧਾਲੂ ਭਾਗ ਲੈਂਦੇ ਹਨ।

ਸੰਸਾਰਕ ਤੌਰ 'ਤੇ ਆਪ ਬਹੁਤੇ ਪੜ੍ਹੇ-ਲਿਖੇ ਨਹੀਂ ਸਨ ਪਰ ਆਪ ਜੀ ਦੀ ਬਾਣੀ ਤੋਂ ਆਪਣੇ ਬਹੁਪੱਖੀ ਗਿਆਨ, ਵਿਦਵਤਾ ਅਤੇ ਦਾਰਸ਼ਨਿਕ ਸੂਝ ਦਾ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਕਰਮ-ਕਾਂਡ ਵਿਚ ਉਲਝੀ ਹਿੰਦੂ ਜਾਤੀ ਅਤੇ ਰਾਜਸੀ ਸ਼ਕਤੀ ਦੇ ਹੰਕਾਰ ਅਤੇ ਕੱਟੜਵਾਦ ਦਾ ਸ਼ਿਕਾਰ ਹੋਏ ਮੁਸਲਿਮ ਭਾਈਚਾਰੇ ਦੇ ਸੰਬੰਧ ਵਿਚ ਆਪ ਆਪਣੀ ਬਾਣੀ ਵਿਚ ਲਿਖਦੇ ਹਨ ਕਿ ਇਕ (ਧਿਰ) ਪੂਰੀ ਤਰ੍ਹਾਂ ਅੰਧ-ਵਿਸ਼ਵਾਸ ਅਤੇ ਕਰਮ-ਕਾਡਾਂ ਵਿਚ ਡੁੱਬ ਕੇ ਅੰਨ੍ਹੀ ਹੋ ਚੁੱਕੀ ਹੈ ਅਤੇ ਦੂਜੀ ਧਿਰ ਉਸੇ ਰਾਹ 'ਤੇ ਤੁਰਦੀ ਇੱਕ ਅੱਖ ਗੁਆ ਚੁੱਕੀ ਹੈ। ਇਕ ਪੂਰੀ ਤਰ੍ਹਾਂ ਪਤਨ ਦੀ ਖਾਈ ਵਿਚ ਗਰਕ ਹੋ ਚੁੱਕਾ ਹੈ ਤੇ ਦੂਜਾ ਵੀ ਉਸੇ ਰਾਹ 'ਤੇ ਹੈ। ਇਸੇ ਸ਼ਬਦ ਵਿਚ ਭਗਤ ਨਾਮਦੇਵ ਜੀ ਆਪਣੇ ਬਾਰੇ ਲਿਖਦੇ ਹਨ ਕਿ— 'ਨਾਮਦੇਵ ਉਸ ਦੀ ਸੇਵਾ ਕਰਦਾ ਹੈ ਜੋ ਨਾ ਮੰਦਰ ਵਿਚ ਹੈ ਤੇ ਨਾ ਹੀ ਮਸੀਤ ਵਿਚ।' ਆਪ ਜੀ ਦਾ ਵਿਚਾਰ ਹੈ ਕਿ ਜਿਹੜਾ ਬੰਦਾ ਮੰਦਿਰ-ਮਸਜਿਦ ਦੇ ਝਗੜਿਆਂ, ਉਨ੍ਹਾਂ ਦੀਆਂ ਸੀਮਾਵਾਂ, ਉਨ੍ਹਾਂ ਵਿਚ ਰਚੇ ਜਾ ਰਹੇ ਕਰਮ-ਕਾਂਡ ਤੋਂ ਮੁਕਤ ਹੋ ਕੇ 'ਸੱਚ' ਨੂੰ ਲੱਭਣ ਦਾ ਯਤਨ ਕਰ ਰਿਹਾ ਹੈ, ਅਸਲ ਗਿਆਨੀ ਅਤੇ ਸਿਆਣਾ ਉਹੀ ਹੈ। ਆਪ ਜੀ ਦਾ ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ :

*ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥*
*ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥*
*ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੫)*

ਭਗਤ ਨਾਮਦੇਵ ਜੀ ਦੀ ਬਾਣੀ ਵਿਚ ਕਈ ਥਾਂ 'ਤੇ ਸਰਗੁਣ ਭਗਤੀ ਅਤੇ ਬੀਠਲੁ ਦੀ ਉਪਾਸਨਾ ਵਰਗੇ ਸੰਕੇਤ ਮਿਲਦੇ ਹਨ, ਪਰ ਹੌਲੀ-ਹੌਲੀ ਇਹੀ ਬੀਠਲ, ਨਿਰੰਕਾਰ ਪ੍ਰਭੂ, ਅਥਵਾ ਹਰੀ ਦਾ ਰੂਪ ਹੋ ਨਿੱਬੜਦਾ ਹੈ। ਇਸ ਤੱਥ ਵੱਲ ਇਸ਼ਾਰਾ ਕਰਦਿਆਂ ਹਿੰਦੀ ਅਤੇ ਪੰਜਾਬੀ ਦਾ ਇਕ ਵਿਦਵਾਨ ਲਿਖਦਾ ਹੈ ਕਿ ਭਗਤ ਨਾਮਦੇਵ ਜੀ ਦੀ ਦ੍ਰਿਸ਼ਟੀ ਦਾ ਵਿਕਾਸ ਸਹਿਜੇ-ਸਹਿਜੇ ਹੁੰਦਾ ਹੈ। ਸਰਗੁਣਤਾ ਤੋਂ ਨਿਰਗੁਣਤਾ, ਸਕਾਰਤਾ ਤੋਂ ਨਿਰਾਕਾਰਤਾ ਵੱਲ, ਬਹੁ-ਦੇਵ ਪੂਜਾ ਤੋਂ ਇੱਕ ਪਰਮਾਤਮਾ ਦੀ ਭਗਤੀ ਵੱਲ ਉਹ ਵੱਧਦੇ ਚਲੇ ਜਾਂਦੇ ਹਨ।

ਭਗਤ ਨਾਮਦੇਵ ਜੀ ਦੀ ਬਾਣੀ ਸੀਮਿਤ ਨੁਕਤਿਆਂ ਨੂੰ ਅਸੀਮਤਾ ਵੀ ਪ੍ਰਦਾਨ ਕਰਦੀ ਦਿਖਾਈ ਦਿੰਦੀ ਹੈ। ਉਨ੍ਹਾਂ ਨੇ ਸ੍ਰਿਸ਼ਟੀ ਰਚਨਾ, ਮਾਇਆ, ਆਵਾਗਮਨ ਅਤੇ ਮੁਕਤੀ ਬਾਰੇ ਸੰਖੇਪ ਪਰ ਬੜੇ ਭਾਵਪੂਰਿਤ ਵਿਚਾਰ ਪ੍ਰਗਟ ਕੀਤੇ ਹਨ। ਆਪ ਜੀ ਨੇ ਆਪਣੀ ਬਾਣੀ ਵਿਚ ਗੁਰੂ ਦੀ ਲੋੜ, ਨਾਮ-ਸਿਮਰਨ ਅਤੇ ਸਦਾਚਾਰਕ ਜੀਵਨ 'ਤੇ ਬਲ ਦਿੱਤਾ ਹੈ। ਭਗਤ ਨਾਮਦੇਵ ਜੀ ਰਸਮੀਂ ਅਤੇ ਕਰਮ-ਕਾਂਡੀ ਭਗਤੀ ਦੇ ਵਿਰੁੱਧ

ਸਨ। ਆਪਦਾ ਗੋਬਿੰਦ 'ਨਾਰਾਇਣ' ਅਤੇ 'ਬੀਠਲ' ਹਰ ਥਾਂ ਤੇ ਰਮਿਆ ਅਤੇ ਪ੍ਰਕਾਸ਼ਮਾਨ ਹੈ। ਆਪ ਜੀ ਦੀ ਬਾਣੀ ਵਿਚ ਇਕ ਅਨੋਖਾ ਆਸ਼ਾਵਾਦ ਦਿਖਾਈ ਦਿੰਦਾ ਹੈ। ਇਹ ਬਾਣੀ ਭਗਤੀ-ਰਸ ਦਾ ਖ਼ਜ਼ਾਨਾ ਹੈ, ਸ਼ਬਦ ਅਤੇ ਸੁਰਤਿ ਦਾ ਵਿਸਮਾਦੀ ਸੰਜੋਗ ਹੈ, ਅਨੰਤ ਤੇ ਅਸੀਮ ਨਾਲ ਅਭੇਦ ਹੋਣ ਦੀ ਅਦੁੱਤੀ ਸਾਧਨਾ ਹੈ :

*ਮਨ ਕੀ ਬਿਰਥਾ ਮਨੁ ਹੀ ਜਾਨੈ ਕੈ ਬੂਝਲ ਆਗੈ ਕਹੀਐ ॥*
*ਅੰਤਰਜਾਮੀ ਰਾਮੁ ਰਵਾਂਈ ਮੈ ਡਰੁ ਕੈਸੇ ਚਹੀਐ ॥੧॥*
*ਬੇਧੀਅਲੇ ਗੋਪਾਲ ਗੋੁਸਾਈ ॥ ਮੇਰਾ ਪ੍ਰਭੁ ਰਵਿਆ ਸਰਬੇ ਠਾਈ ॥੧॥ਰਹਾਉ॥*
*ਮਾਨੈ ਹਾਟੁ ਮਾਨੈ ਪਾਟੁ ਮਾਨੈ ਹੈ ਪਾਸਾਰੀ ॥*
*ਮਾਨੈ ਬਾਸੈ ਨਾਨਾ ਭੇਦੀ ਭਰਮਤੁ ਹੈ ਸੰਸਾਰੀ ॥੨॥*
*ਗੁਰ ਕੈ ਸਬਦਿ ਏਹੁ ਮਨੁ ਰਾਤਾ ਦੁਬਿਧਾ ਸਹਜਿ ਸਮਾਣੀ ॥*
*ਸਭੋ ਹੁਕਮੁ ਹੁਕਮੁ ਹੈ ਆਪੇ ਨਿਰਭਉ ਸਮਤੁ ਬੀਚਾਰੀ ॥੩॥*
*ਜੋ ਜਨ ਜਾਨਿ ਭਜਹਿ ਪੁਰਖੋਤਮੁ ਤਾ ਚੀ ਅਬਿਗਤੁ ਬਾਣੀ ॥*
*ਨਾਮਾ ਕਹੈ ਜਗਜੀਵਨੁ ਪਾਇਆ ਹਿਰਦੈ ਅਲਖ ਬਿਡਾਣੀ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੦)*

ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਦੱਸ ਰਹੇ ਹਨ ਕਿ ਮਨ ਦੀ ਬਿਰਥਾ (ਅਥਵਾ ਮਨ ਦਾ ਹਾਲ) ਆਪਣਾ ਮਨ ਹੀ ਜਾਣਦਾ ਹੈ ਜਾਂ (ਅੰਤਰਜਾਮੀ ਪ੍ਰਭੂ ਹੀ ਜਾਣਦਾ ਹੈ)। ਸੋ ਜੇ ਆਖਣਾ ਹੋਵੇ ਤਾਂ ਉਸ ਜਾਣਨਹਾਰ (ਅੰਤਰਜਾਮੀ) ਨੂੰ ਹੀ ਆਖਣਾ ਚਾਹੀਦਾ ਹੈ। (ਕਿਉਂਕਿ) ਮੈਂ ਉਸ ਅੰਤਰਜਾਮੀ ਵਿਆਪਕ ਪ੍ਰਭੂ ਨੂੰ ਜਪਦਾ ਹਾਂ। ਇਸ ਲਈ ਮੈਨੂੰ ਹੁਣ ਕੋਈ ਡਰ ਨਹੀਂ ਰਿਹਾ। ਮੇਰਾ ਮਨ (ਉਸ) ਗੋਪਾਲ, ਗੁਸਾਈਂ (ਦੇ ਪਿਆਰ) ਨਾਲ ਵਿੰਨ੍ਹਿਆਂ ਪਿਆ ਹੈ। ਉਹ ਪ੍ਰਭੂ ਹਰ ਥਾਂ ਰਵ ਰਿਹਾ ਹੈ। (ਉਸ ਅੰਤਰਜਾਮੀ ਦੀ) ਮਨ ਵਿਚ ਹੀ ਹੱਟੀ ਹੈ (ਹਾਟੁ) ਹੈ, ਮਨ ਵਿਚ ਹੀ ਉਸ ਦਾ ਸ਼ਹਿਰ ਹੈ ਅਤੇ ਮਨ ਵਿਚ ਹੀ ਉਸ ਦਾ ਸਾਰਾ ਪਸਾਰਾ ਹੈ। ਉਹ ਅਨੇਕ ਰੰਗਾਂ ਤੇ ਰੂਪਾਂ ਵਾਂਗ ਪ੍ਰਭੂ ਮਨ ਵਿਚ ਹੀ ਵੱਸਦਾ ਹੈ, ਪਰ ਸੰਸਾਰੀ ਲੋਕ ਬਾਹਰ ਭਟਕਦੇ ਫਿਰਦੇ ਹਨ। ਜਦੋਂ ਮਨੁੱਖ ਦਾ ਮਨ ਗੁਰੂ ਦੇ ਸ਼ਬਦ ਵਿਚ ਰੰਗਿਆ ਜਾਂਦਾ ਹੈ ਤਾਂ ਮਨ 'ਚੋਂ ਦ੍ਵੈਤ ਭਾਵਨਾ ਦੂਰ ਹੋ ਜਾਂਦੀ ਹੈ ਤੇ ਉਹ ਸਮਦਰਸ਼ੀ ਹੋ ਜਾਂਦਾ ਹੈ। ਉਸ ਨੂੰ ਹਰ ਪਾਸੇ ਉਸ ਦਾ ਹੁਕਮ ਹੀ ਵਰਤਦਾ ਦਿੱਸਦਾ ਹੈ, ਪ੍ਰਭੂ ਆਪ ਹੀ ਹੁਕਮ ਚਲਾ ਰਿਹਾ ਜਾਪਦਾ ਹੈ। ਜੋ ਮਨੁੱਖ ਉੱਤਮ ਪੁਰਖ ਪਰਮਾਤਮਾ ਨੂੰ (ਇਉਂ ਸਰਬ-ਵਿਆਪਕ) ਜਾਣ ਕੇ ਸਿਮਰਦੇ ਹਨ ਉਨ੍ਹਾਂ ਦੀ ਬਾਣੀ ਅਟੱਲ ਹੁੰਦੀ ਹੈ। (ਅਰਥਾਤ ਬਾਣੀ ਹੀ ਪ੍ਰਭੂ ਦਾ ਨਾਮ ਬਣ ਜਾਂਦੀ ਹੈ)। ਉਹ ਹਰ ਵੇਲੇ ਪ੍ਰਭੂ ਦੀ ਸਿਫ਼ਤ ਸਲਾਹ ਵਿਚ ਲੱਗੇ ਰਹਿੰਦੇ ਹਨ। ਭਗਤ ਨਾਮਦੇਵ ਜੀ ਫੁਰਮਾਉਂਦੇ ਹਨ ਕਿ ਮੈਂ ਜਗਤ ਦੇ ਜੀਵਨ ਆਧਾਰ, ਅਚਰਜ ਰੂਪ, ਅਲਖ ਪ੍ਰਭੂ ਨੂੰ ਹਿਰਦੇ ਵਿਚ ਹੀ ਪਾਇਆ ਹੈ। ਪ੍ਰਭੂ ਦੇ ਨਾਮ ਅਤੇ ਸਿਮਰਨ ਦੀ ਬਰਕਤ ਨਾਲ ਸਰਬ-ਵਿਆਪਕ ਪਰਮਾਤਮਾ ਹਿਰਦੇ ਵਿਚ ਹੀ ਲੱਭ ਪੈਂਦਾ ਹੈ। ■

# ਭਗਤ ਨਾਮਦੇਵ ਜੀ ਦਾ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਉੱਪਰ ਪ੍ਰਭਾਵ

*-ਡਾ. ਧਰਮ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ, ਗੁਰੂ-ਘਰ ਦੇ ਨਿਕਟਵਰਤੀ ਗੁਰਸਿੱਖ, ਭੱਟ ਸਾਹਿਬਾਨ ਅਤੇ ਪੰਦਰ੍ਹਾਂ ਭਗਤ ਸਾਹਿਬਾਨ ਦੀ ਬਾਣੀ ਦਰਜ ਹੈ। ਇੱਥੇ ਅਸੀਂ ਕੇਵਲ ਭਗਤ ਨਾਮਦੇਵ ਜੀ ਦੀ ਸ਼ਖ਼ਸੀਅਤ ਅਤੇ ਬਾਣੀ ਦੇ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਉੱਪਰ ਪ੍ਰਭਾਵ ਦੀ ਗੱਲ ਹੀ ਕਰਨੀ ਚਾਹਾਂਗੇ। ਭਗਤ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੬੧ ਸ਼ਬਦ ਦਰਜ ਹਨ।

ਭਗਤ ਨਾਮਦੇਵ ਜੀ ਦਾ ਜਨਮ ੧੨੭੦ ਈ. ਵਿਚ ਮਹਾਰਾਸ਼ਟਰ ਪ੍ਰਾਂਤ ਦੇ ਜ਼ਿਲ੍ਹਾ ਸਿਤਾਰਾ ਦੇ ਇਕ ਪਿੰਡ ਨਰਸੀ-ਬਾਮਣੀ ਵਿਚ ਹੋਇਆ ਅਤੇ ਉਹ ੮੦ ਸਾਲ ਦੀ ਉਮਰ ਭੋਗ ਕੇ ੧੩੫੦ ਈ. ਵਿਚ ਸੁਰਗਵਾਸ ਹੋਏ। ਇਸ ਲਿਹਾਜ਼ ਨਾਲ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਨਾਲੋਂ ਤਕਰੀਬਨ ਦੋ ਸਦੀਆਂ ਪਹਿਲਾਂ ਹੋਏ। ਉਹ ਆਪਣੇ ਮੂਲ ਸਥਾਨ ਤੋਂ ਚੱਲ ਕੇ ਪ੍ਰਚਾਰ ਦੌਰਿਆਂ ਵਿਚ ਕਈ ਥਾਈਂ ਭ੍ਰਮਣ ਕਰਦੇ ਹੋਏ ਉਮਰ ਦੇ ਆਖਰੀ ਹਿੱਸੇ ਵਿਚ ਪਿੰਡ ਘੁਮਾਣ (ਜ਼ਿਲ੍ਹਾ ਗੁਰਦਾਸਪੁਰ) ਆ ਬਿਰਾਜੇ ਅਤੇ ਇੱਥੇ ਹੀ ਉਹ ਬ੍ਰਹਮਲੀਨ ਹੋਏ। ਭਗਤ ਨਾਮਦੇਵ ਜੀ ਦੀ ਜੀਵਨ-ਕਥਾ ਬੜੀ ਵਚਿੱਤਰ ਅਤੇ ਰੁਮਾਂਚਕਾਰੀ ਹੈ ਜਿਨ੍ਹਾਂ ਵਿੱਚੋਂ ਕੁਝ ਹਵਾਲੇ ਉਨ੍ਹਾਂ ਦੀ ਆਪਣੀ ਬਾਣੀ ਵਿਚ ਹੀ ਮਿਲਦੇ ਹਨ। ਅਸੀਂ ਉਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਕੇਵਲ ਦੋ ਕਥਾਵਾਂ— ਮੁਹੰਮਦ ਤੁਗਲਕ ਦੀ ਕਚਹਿਰੀ ਵਿਚ ਮੋਈ ਗਾਂ ਨੂੰ ਜਿਊਂਦਿਆਂ ਕਰਨ ਅਤੇ ਦੁਆਰਕਾ ਵਿਖੇ ਕਿਸੇ ਘੋੜਸਵਾਰ ਮੁਗ਼ਲ ਮਨਸਬਦਾਰ ਦਾ ਮਿਲਣਾ ਅਤੇ ਉਸ ਦੀ ਸੱਜਰੀ ਸੂਈ ਘੋੜੀ ਦੀ ਵਛੇਰੀ ਨੂੰ ਚੁੱਕ ਕੇ ਨਾਲ ਤੁਰਨਾ (ਵੇਖੋ ਇਹ ਘਟਨਾਵਾਂ ਤਿਲੰਗ ਅਤੇ ਰਾਗ ਭੈਰਉ ਵਿਚ ਆਏ ਭਗਤ ਨਾਮਦੇਵ ਜੀ ਦੇ ਸ਼ਬਦ) ਇਹ ਘਟਨਾਵਾਂ ਜਿੱਥੇ ਸ਼ਰਧਾਵਾਨਾਂ ਨੂੰ ਭਗਤ ਜੀ ਦੀ ਆਤਮਿਕ ਉੱਚਤਾ ਦਾ ਬੋਧ ਕਰਾਉਂਦੀਆਂ ਹਨ, ਉੱਥੇ ਸੋਚਵਾਨ ਲੋਕਾਂ ਲਈ ਇਨ੍ਹਾਂ ਦੇ ਗਹਿਰੇ ਅਰਥ ਹਨ। ਡਾ. ਪ੍ਰਭਾਕਰ ਮਾਦਵੇ ਨੇ ਇਨ੍ਹਾਂ ਦੋਵਾਂ ਦੀ ਬੜੀ ਸੁੰਦਰ ਵਿਆਖਿਆ ਕੀਤੀ ਹੈ। ਇਸ ਦੇ ਕਹਿਣ ਦਾ ਮਤਲਬ ਇਹ ਹੈ ਕਿ ਮੋਈ ਗਊ ਅਸਲ ਵਿਚ ਉਹ ਮਹਾਨ ਅਧਿਆਤਮਿਕ ਦਰਸ਼ਨ ਸੀ ਜਿਸ ਨੂੰ ਮੁਗ਼ਲ ਹਮਲਾਵਰਾਂ ਨੇ ਜ਼ਿਬਹ ਕਰ ਕੇ ਮੁਰਦਾ ਬਣਾ ਧਰਿਆ ਸੀ ਪਰ ਭਗਤ ਨਾਮਦੇਵ ਜੀ ਨੇ ਉਸ ਵਿਚ ਇਕ ਨਵੀਂ ਜਾਨ ਭੂਕੀ। ਸਤ ਘੜੀਆਂ ਦਾ ਸੰਕਟ ਅਸਲ ਵਿਚ ਸਤ ਸਦੀਆਂ ਦਾ ਇਸਲਾਮੀ ਆਕ੍ਰਮਣਕਾਰੀ ਪ੍ਰਭਾਵ ਸੀ। ਨਾਮੇ ਦੀ ਮਾਈ ਦਾ ਰੁਦਨ ਕਿਸੇ ਸੰਸਾਰਿਕ ਮਾਤਾ ਦੀ ਰੁਦਨ ਨਹੀਂ ਸੀ, ਇਹ ਤਾਂ ਹਿੰਦੂ

**ਸਾਬਕਾ ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ। ਮੋ. +੯੧੯੮੮੮੯-੩੯੮੦੮*

ਸੰਸਕ੍ਰਿਤੀ ਸੀ ਜੋ ਜਬਰ ਦੇ ਭਾਰ ਹੇਠ ਦੱਬੀ ਰੋ ਰਹੀ ਸੀ। ਦੂਜੀ ਘਟਨਾ ਘੋੜੀ ਵਾਲੀ ਹੈ। ਘੋੜੀ ਇੱਥੇ ਸ਼ਕਤੀ ਦੀ ਪ੍ਰਤੀਕ ਹੈ। ਜਿਸ ਉੱਪਰ ਮੁਗ਼ਲ ਨੇ ਸਵਾਰੀ ਕੀਤੀ ਹੋਈ ਹੈ। ਇਸ ਦਾ ਸਿੱਧਾ ਅਰਥ ਮੁਗ਼ਲ ਸ਼ਕਤੀ ਹੈ। ਵਛੇਰੀ ਅਲਪੱਗਤਾ ਦੀ ਸੂਚਕ ਹੈ। ਜਿਸ ਵਛੇਰੀ ਨੂੰ ਭਗਤ ਨਾਮਦੇਵ ਜੀ ਨੂੰ ਆਪਣੇ ਮੋਢਿਆਂ ਉੱਪਰ ਲੱਦਣਾ ਪਿਆ, ਉਹ ਮੁਸਲਮਾਨਾਂ ਦੀ ਸ਼ਕਤੀ ਹੀ ਤਾਂ ਸੀ। ਇਸ ਤੋਂ ਅੱਡ 'ਦੂਾਰਿਕਾ ਨਗਰੀ ਕਾਹੇ ਕੇ ਮੰਗੋਲ' ਦਾ ਭਾਵ ਇਹ ਹੈ ਕਿ ਹਿੰਦੁਸਤਾਨ ਤਾਂ ਹਿੰਦੁਸਤਾਨੀਆਂ ਦਾ ਹੈ, ਇਹ ਮੁਗ਼ਲ ਭਾਵ ਵਿਦੇਸ਼ੀ ਕਿੱਥੋਂ ਆ ਗਏ? ਕਹਿਣ ਦੀ ਲੋੜ ਨਹੀਂ ਕਿ ਭਗਤ ਨਾਮਦੇਵ ਜੀ ਮੁਸਲਮਾਨਾਂ ਦੇ ਹਿੰਦੁਸਤਾਨ ਉੱਪਰ ਕਬਜ਼ੇ ਉੱਪਰ ਮਨ ਹੀ ਮਨ ਵਿਚ ਰੋਸ ਰੱਖਦੇ ਸਨ।

ਆਪਣੇ ਅਧਿਆਤਮਿਕ ਦਰਸ਼ਨ ਅਤੇ ਜੀਵਨ-ਜਾਚ ਦੇ ਪ੍ਰਚਾਰ-ਪ੍ਰਸਾਰ ਹਿੱਤ ਭਗਤ ਨਾਮਦੇਵ ਜੀ ਨੇ ਪੰਜਾਬੀ ਦੇ ਪ੍ਰਭਾਵ ਵਾਲੀ ਬਾਣੀ ਲਿਖੀ ਅਤੇ ਉੱਤਰੀ ਭਾਰਤ ਵਿਚ ਭਗਤੀ ਕਾਵਿ, ਵਿਸ਼ੇਸ਼ ਕਰਕੇ ਨਿਰਗੁਣ ਕਾਵਿ ਦਾ ਮੁੱਢ ਬੰਨ੍ਹਿਆ। ਹਿੰਦੀ ਦੇ ਕੁਝ ਅਕਾਦਮਿਕ ਹਲਕਿਆਂ ਵਿਚ ਇਹ ਗ਼ਲਤ ਧਾਰਨਾ ਪਾਈ ਜਾਂਦੀ ਹੈ ਕਿ ਉੱਤਰੀ ਭਾਰਤ ਵਿਚ ਭਗਤੀ ਕਾਵਿ ਦਾ ਮੁੱਢ ਭਗਤ ਰਾਮਾਨੰਦ ਜੀ ਨੇ ਬੰਨ੍ਹਿਆ। ਇਸ ਦੇ ਖੰਡਨ ਵਿਚ ਪਹਿਲੀ ਦਲੀਲ ਇਹ ਹੈ ਕਿ ਭਗਤ ਰਾਮਾਨੰਦ ਜੀ ਦਾ ਕਾਰਜ-ਖੇਤਰ ਬਹੁਤਾ ਕਰਕੇ ਬਨਾਰਸ ਦੇ ਆਸ-ਪਾਸ ਹੀ ਰਿਹਾ, ਉਹ ਕਦੇ ਵੀ ਉੱਤਰੀ ਭਾਰਤ ਦੇ ਬਾਕੀ ਹਿੱਸੇ ਵਿਚ ਨਹੀਂ ਆਏ। ਦੂਜੀ ਗੱਲ ਇਹ ਕਿ ਉਨ੍ਹਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਇੰਨੀ ਥੋੜ੍ਹੀ (ਕੇਵਲ ਇੱਕ ਸ਼ਬਦ) ਹੈ ਜਿਸ ਤੋਂ ਨਿਸ਼ਚਿਤ ਭਾਂਤ ਦੇ ਸਿੱਟੇ ਨਹੀਂ ਕੱਢੇ ਜਾ ਸਕਦੇ। ਇਨ੍ਹਾਂ ਤੋਂ ਬਿਨਾਂ ਭਗਤ ਰਾਮਾਨੰਦ ਜੀ ਦਾ ਉੱਤਰੀ ਭਾਰਤ ਵਿਚ ਕਿਸੇ ਵੀ ਤਰ੍ਹਾਂ ਦਾ ਕੋਈ ਸਾਹਿਤਕ, ਭਾਸ਼ਾਈ ਅਤੇ ਸੱਭਿਆਚਾਰਕ ਪ੍ਰਭਾਵ ਵੇਖਣ ਨੂੰ ਨਹੀਂ ਮਿਲਦਾ। ਇਸ ਦੇ ਉਲਟ ਭਗਤ ਨਾਮਦੇਵ ਜੀ ਦਾ ਕਾਰਜ-ਖੇਤਰ ਕਾਫੀ ਦੇਰ ਪੰਜਾਬ ਹੀ ਰਿਹਾ, ਉਨ੍ਹਾਂ ਦੀ ਬਾਣੀ ਵੀ ਭਗਤ ਰਾਮਾਨੰਦ ਜੀ ਨਾਲੋਂ ਬਹੁਤ ਜ਼ਿਆਦਾ ਹੈ ਅਤੇ ਸਭ ਤੋਂ ਵੱਧ ਉਨ੍ਹਾਂ ਦਾ ਪੰਜਾਬ ਦੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਉੱਪਰ ਵਿਆਪਕ ਪ੍ਰਭਾਵ ਵੀ ਪਿਆ। ਇਸ ਲਈ ਨਿਸ਼ਚਿਤ ਤੌਰ 'ਤੇ ਉੱਤਰੀ ਭਾਰਤ ਵਿਚ ਭਗਤੀ ਕਾਵਿ ਦਾ ਮੁੱਢ ਸਾਨੂੰ ਭਗਤ ਨਾਮਦੇਵ ਜੀ ਤੋਂ ਹੀ ਬੱਝਾ ਸਵੀਕਾਰ ਕਰਨਾ ਪਵੇਗਾ।

ਪੰਜਾਬੀ ਭਗਤੀ ਕਾਵਿ ਦੇ ਸੰਕਲਪਾਂ ਨੂੰ ਨਿਸ਼ਚਿਤ ਕਰਨ ਅਤੇ ਭਾਸ਼ਾ ਨੂੰ ਛਿੱਲਣ ਤ੍ਰਾਸ਼ਣ ਵਿਚ ਭਗਤ ਨਾਮਦੇਵ ਜੀ ਦੀ ਭੂਮਿਕਾ ਇਕ ਮੋਢੀ ਦੀ ਹੈ, ਕਿਉਂਕਿ ਇਸ ਵਿਚਲੀ ਬਹੁਤ ਸ਼ਬਦਾਵਲੀ ਪਿਛਲੇਰੇ ਬਾਣੀਕਾਰਾਂ ਦੁਆਰਾ ਵਰਤੀ ਗਈ ਮਿਲਦੀ ਹੈ। ਇਉਂ ਜਾਪਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ (ਪ੍ਰਚਾਰ ਫੇਰੀਆਂ) ਵਿਚ ਭਗਤੀ ਲਹਿਰ ਦੇ ਨਾਮਵਰ ਮਹਾਂਪੁਰਖਾਂ ਦੀ ਬਾਣੀ ਇਕੱਤਰ ਕਰਦੇ ਸਮੇਂ ਭਗਤ ਨਾਮਦੇਵ ਜੀ ਦੀ ਬਾਣੀ ਵੀ ਸੰਭਾਲ ਕੇ ਬਾਕੀ ਬਾਣੀ ਨਾਲ ਮਗਰਲੇ ਗੁਰੂ ਸਾਹਿਬਾਨ ਤਕ ਪਹੁੰਚਾਈ। ਭੈਰਉ ਰਾਗ ਵਿਚ ਭਗਤ ਨਾਮਦੇਵ ਜੀ ਦੇ ਇੱਕ ਸ਼ਬਦ ਦੀ ਸ੍ਰੀ ਗੁਰੂ ਅਮਰਦਾਸ ਜੀ ਦੇ ਇਕ ਸ਼ਬਦ ਨਾਲ ਕੀਤੀ ਤੁਲਨਾ ਤੋਂ ਸਾਡੀ ਉਪਰੋਕਤ

ਧਾਰਨਾ ਸਪੱਸ਼ਟ ਹੋ ਜਾਂਦੀ ਹੈ। ਭਗਤ ਨਾਮਦੇਵ ਜੀ ਦੇ ਸ਼ਬਦ ਦੀਆਂ ਪੰਕਤੀਆਂ ਹਨ:

*ਮੈ ਬਉਰੀ ਮੇਰਾ ਰਾਮੁ ਭਤਾਰੁ ॥*
*ਰਚਿ ਰਚਿ ਤਾ ਕਉ ਕਰਉ ਸਿੰਗਾਰੁ ॥*
*ਭਲੇ ਨਿੰਦਉ ਭਲੇ ਨਿੰਦਉ ਭਲੇ ਨਿੰਦਉ ਲੋਗੁ ॥*
*ਤਨੁ ਮਨੁ ਰਾਮ ਪਿਆਰੇ ਜੋਗੁ ॥੧॥ ਰਹਾਉ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੪)*

ਸ੍ਰੀ ਗੁਰੂ ਅਮਰਦਾਸ ਜੀ ਦਾ ਇਕ ਸ਼ਬਦ ਹੈ :

*ਮੈ ਕਾਮਣਿ ਮੇਰਾ ਕੰਤੁ ਕਰਤਾਰੁ ॥*
*ਜੇਹਾ ਕਰਾਏ ਤੇਹਾ ਕਰੀ ਸੀਗਾਰੁ ॥੧॥*
*ਜਾਂ ਤਿਸੁ ਭਾਵੈ ਤਾਂ ਕਰੇ ਭੋਗੁ ॥*
*ਤਨੁ ਮਨੁ ਸਾਚੇ ਸਾਹਿਬ ਜੋਗੁ ॥੧॥ ਰਹਾਉ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੨੮)*

ਭਗਤ ਨਾਮਦੇਵ ਜੀ ਦੀ ਬਾਣੀ ਦੇ ਭਾਸ਼ਾਈ ਪ੍ਰਭਾਵ ਦਾ ਦਾਇਰਾ ਤਾਂ ਬਹੁਤ ਵਿਆਪਕ ਹੈ, ਪਰ ਅਸੀਂ ਆਪਣੀ ਗੱਲ ਕੇਵਲ ਇਕ ਸ਼ਬਦ 'ਬੀਠੁਲ' ਤਕ ਹੀ ਸੀਮਿਤ ਰੱਖਣਾ ਚਾਹੁੰਦੇ ਹਾਂ। 'ਵਿਠੁਲ' ਮਰਾਠੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਪੰਜਾਬੀ 'ਬੀਠੁਲ' ਹੈ। ਭਗਤ ਨਾਮਦੇਵ ਜੀ ਨੇ ਇਸ ਸ਼ਬਦ ਦੀ ਵਾਰ-ਵਾਰ ਵਰਤੋਂ ਪਰਮਾਤਮਾ ਦੇ ਇਕ ਸੂਚਕ ਜਾਂ ਚਿਹਨਿਕ ਵਜੋਂ ਕੀਤੀ ਹੈ। ਭਗਤ ਨਾਮਦੇਵ ਜੀ ਤੋਂ ਬਾਅਦ ਇਸ ਸ਼ਬਦ ਦੀ ਵਰਤੋਂ ਇਨ੍ਹਾਂ ਹੀ ਅਰਥਾਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚੋਂ ਕੁਝ ਪੰਕਤੀਆਂ ਵੇਖੋ :

*-ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੨੪)*

*-ਪੀਤ ਪੀਤੰਬਰ ਤ੍ਰਿਭਵਣ ਧਣੀ ॥ ਜਗੰਨਾਥੁ ਗੋਪਾਲੁ ਮੁਖਿ ਭਣੀ ॥*
*ਸਾਰਿੰਗਧਰ ਭਗਵਾਨ ਬੀਠੁਲਾ ਮੈ ਗਣਤ ਨ ਆਵੈ ਸਰਬੰਗਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੮੨)*

ਭਗਤ ਨਾਮਦੇਵ ਜੀ ਬਾਰੇ ਇਕ ਗੱਲ ਵਿਸ਼ੇਸ਼ ਤੌਰ 'ਤੇ ਨੋਟ ਕਰਨ ਵਾਲੀ ਹੈ ਕਿ ਜਦੋਂ ਉਹ ਘੁਮਾਣ ਆ ਕੇ ਵੱਸ ਗਏ ਤਾਂ ਉਹ ਪੰਜਾਬੀਅਤ ਦਾ ਹੀ ਅੰਗ ਬਣ ਗਏ। ਦੂਜੇ ਸ਼ਬਦਾਂ ਵਿਚ ਉਨ੍ਹਾਂ ਦਾ ਪੰਜਾਬੀਕਰਣ ਹੋ ਗਿਆ। ਪੰਜਾਬ ਦੀ ਧਰਤੀ ਉੱਪਰ ਬਾਹਰੋਂ ਹੋਰ ਵੀ ਸੰਤ-ਭਗਤ ਆਏ, ਪਰ ਉਹ ਇੱਥੋਂ ਦੇ ਸੱਭਿਆਚਾਰ ਵਿਚ ਰਚੇ-ਵੱਸੇ ਨਹੀਂ। ਉਨ੍ਹਾਂ ਦਾ ਠਹਿਰਾਓ ਥੋੜ੍ਹ-ਚਿਰਾ ਹੋਣ ਕਰਕੇ ਉਹ ਸਥਾਨਕ ਰਵਾਇਤਾਂ ਦਾ ਭਾਗ ਨਾ ਬਣ ਸਕੇ, ਪਰ ਭਗਤ ਨਾਮਦੇਵ ਜੀ ਪੰਜਾਬੀ ਸੱਭਿਆਚਾਰ ਵਿਚ ਰਚ-ਮਿਚ ਜਾਣ ਕਰਕੇ ਇੱਥੋਂ ਦੇ ਇਕ ਨਾਇਕ ਵਜੋਂ ਵੀ ਸਥਾਪਿਤ ਹੋ ਗਏ। ਇਹੋ ਕਾਰਨ ਹੈ ਕਿ ਉਨ੍ਹਾਂ ਦੀ ਸ਼ਖ਼ਸੀ ਅਜ਼ਮਤ ਅਤੇ ਗੁਰਮਤਿ, ਵਿਚਾਰਧਾਰਾਈ ਵਡਿਆਈ ਸੰਬੰਧੀ ਉਨ੍ਹਾਂ ਦੇ ਪਿੱਛਲਕਾਲੀ

ਲੇਖਕਾਂ ਨੇ ਕਈ ਭਾਵਪੂਰਤ ਕਥਨ ਕੀਤੇ ਹਨ। ਇਨ੍ਹਾਂ ਟਿੱਪਣੀਕਾਰਾਂ ਵਿਚ ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ, ਭੱਟ ਕਲਸਹਾਰ ਜੀ ਅਤੇ ਭਾਈ ਗੁਰਦਾਸ ਜੀ ਜਿਹੇ ਮਹਾਂਪੁਰਸ਼ ਸ਼ਾਮਲ ਹਨ। ਭਗਤ ਕਬੀਰ ਜੀ ਦੀਆਂ ਹੇਠ ਲਿਖੀਆਂ ਪੰਕਤੀਆਂ ਵਿਚ ਭਗਤ ਨਾਮਦੇਵ ਜੀ ਦੇ ਨਾਮ ਜਪਣ ਅਤੇ ਕਿਰਤ ਕਰਨ ਦੇ ਸਿਧਾਂਤਾਂ ਦੇ ਸਮਲਵੈ ਦੀ ਪੁਸ਼ਟੀ ਹੁੰਦੀ ਹੈ :

*ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥*
*ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥*
*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੫)*

ਭਗਤ ਰਵਿਦਾਸ ਜੀ ਦੀਆਂ ਹੇਠ ਲਿਖੀਆਂ ਪੰਕਤੀਆਂ ਵਿਚ ਉਸ ਵਿਅੰਗ ਉੱਪਰ ਵਿਅੰਗ ਕੱਸਿਆ ਗਿਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਭਗਤ ਨਾਮਦੇਵ ਜੀ ਨੂੰ ਭਾਵੇਂ ਲੋਕ ਛੀਪਾ ਕਹਿ ਕੇ ਬੁਲਾਉਣ, ਅਸਲ ਵਿਚ ਉਸ ਦੀ ਅਧਿਆਤਮਿਕ ਕਮਾਈ ਕਰ ਕੇ ਉਸ ਦੀ ਮਹਿਮਾ ਸਤਾਂ ਦੀਪਾਂ ਵਿਚ ਹੈ :

*ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ ਤਾਸ ਕੀ ਜਾਤਿ ਆਛੋਪ ਛੀਪਾ॥*
*ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ ਨਾਮ ਕੀ ਨਾਮਨਾ ਸਪਤ ਦੀਪਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੩)*

ਸ੍ਰੀ ਗੁਰੂ ਰਾਮਦਾਸ ਜੀ ਦੇ ਨਜ਼ਦੀਕ ਭਗਤ ਨਾਮਦੇਵ ਜੀ ਇਕ ਪਹੁੰਚੇ ਹੋਏ ਭਗਤ ਹਨ। ਪਰਮਾਤਮਾ ਦੀ ਦਰਗਾਹ ਵਿਚ ਵਿਅਕਤੀ ਦੀ ਪੁੱਛ-ਪ੍ਰਤੀਤ ਉਸ ਦੇ ਗੁਣਾਂ ਅਤੇ ਸੁਕਰਮਾਂ ਕਰਕੇ ਹੈ, ਲੋਕਾਂ ਦੀਆਂ ਬਣਾਈਆਂ ਹੋਈਆਂ ਝੂਠੀਆਂ ਮਾਨਤਾਵਾਂ ਕਰਕੇ ਨਹੀਂ। ਹੋਰ ਵਿਆਖਿਆ ਕਰਦਿਆਂ ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਪਰਮਾਤਮਾ ਨੇ ਖੱਤਰੀਆਂ, ਬ੍ਰਾਹਮਣਾਂ ਅਤੇ ਹੋਰਨਾਂ ਹੰਕਾਰੀਆਂ ਨੂੰ ਤਿਆਗ ਕੇ ਭਗਤ ਨਾਮਦੇਵ ਜੀ ਨੂੰ ਮੂੰਹ ਲਾਇਆ :

*ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ ॥*
*ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੩੩)*

ਭਾਈ ਗੁਰਦਾਸ ਜੀ ਗੁਰਬਾਣੀ ਦੇ ਨਾ ਕੇਵਲ ਇਕ ਪ੍ਰਮਾਣਿਕ ਵਿਆਖਿਆਕਾਰ ਹਨ, ਸਗੋਂ ਇਕ ਇਤਿਹਾਸਕਾਰ ਵੀ ਹਨ। ਉਨ੍ਹਾਂ ਦੀਆਂ ਵਾਰਾਂ ਵਿਚ ਇਤਿਹਾਸਿਕ ਤੱਥ ਨਹੀਂ, ਪਰ ਇਤਿਹਾਸ ਦਾ ਜੋ ਵਿਆਪਕ ਪ੍ਰਭਾਵ ਪਿਆ ਉਹ ਉਸ ਦੀ ਗੁਆਹੀ ਜ਼ਰੂਰ ਭਰਦੀਆਂ ਹਨ। ਇਨ੍ਹਾਂ ਵਾਰਾਂ ਵਿੱਚੋਂ ਪਹਿਲੀ, ਦਸਵੀਂ ਅਤੇ ਗਿਆਰ੍ਹਵੀਂ ਵਾਰ ਖਾਸ ਕਰਕੇ ਮੁੱਲਵਾਨ ਹਨ। ਦਸਵੀਂ ਵਾਰ ਪ੍ਰਤਿਸ਼ਠਿਤ ਪੌਰਾਣਿਕ ਅਤੇ ਇਤਿਹਾਸਿਕ ਭਗਤਾਂ ਬਾਰੇ ਹੈ। ਇਸ ਵਿਚ ਹੋਰਨਾਂ ਭਗਤ ਸਾਹਿਬਾਨ ਦੇ ਨਾਲ-ਨਾਲ ਭਗਤ ਨਾਮਦੇਵ

ਜੀ ਦੀ ਚਰਚਾ ਵੀ ਹੈ। ਇੱਥੇ ਇਕ ਦਿਲਚਸਪ ਗੱਲ ਇਹ ਹੈ ਕਿ ਜਿੱਥੇ ਬਾਕੀ ਭਗਤ ਸਾਹਿਬਾਨ ਬਾਰੇ ਵਾਰ ਵਿਚ ਇਕ-ਇਕ ਪਉੜੀ ਹੈ, ਉੱਥੇ ਭਗਤ ਨਾਮਦੇਵ ਜੀ ਬਾਰੇ ਦੋ ਪਉੜੀਆਂ ਹਨ। ਇਹ ਚਰਚਾ ਭਗਤ ਨਾਮਦੇਵ ਜੀ ਦੀ ਗੁਰਮਤਿ ਕਾਵਿ ਪਰੰਪਰਾ ਅਤੇ ਗੁਰਮਤਿ ਸੱਭਿਆਚਾਰ ਵਿਚ ਪ੍ਰਤਿਸ਼ਠਾ ਨੂੰ ਸਥਾਪਿਤ ਕਰਦੀ ਹੈ। ਦਸਵੀਂ ਵਾਰ ਦੀ ਗਿਆਰ੍ਹਵੀਂ ਪਉੜੀ ਵਿਚ ਭਗਤ ਨਾਮਦੇਵ ਜੀ ਦੇ ਬਚਪਨ ਦੀ ਇਕ ਸਾਖੀ ਵੱਲ ਇਸ਼ਾਰਾ ਹੈ ਜੋ ਜਿੱਥੇ ਉਨ੍ਹਾਂ ਦੇ ਪਰਮਾਤਮਾ ਉੱਪਰ ਅਟੁੱਟ ਅਤੇ ਅਡਿੱਗ ਵਿਸ਼ਵਾਸ ਦੀ ਗੁਆਹੀ ਦਿੰਦੀ ਹੈ, ਨਾਲ ਹੀ ਨਾਲ ਬਾਲਕ ਨਾਮਦੇਵ ਜੀ ਦੇ ਬਾਲ ਹੱਠ ਦਾ ਵੀ ਪ੍ਰਗਟਾਵਾ ਕਰਦੀ ਹੈ। ਸਾਖੀ ਅਨੁਸਾਰ ਇਕ ਦਿਨ ਭਗਤ ਨਾਮਦੇਵ ਜੀ ਦੇ ਪਿਤਾ ਨੂੰ ਕਿੱਧਰੇ ਕੰਮ ਕਰਕੇ ਬਾਹਰ ਜਾਣਾ ਪੈ ਗਿਆ ਅਤੇ ਉਸ ਨੇ ਠਾਕਰ ਦੀ ਪੂਜਾ-ਅਰਚਨਾ ਅਤੇ ਦੁੱਧ ਪਿਆਉਣ ਦਾ ਕੰਮ ਬਾਲ ਨਾਮਦੇਵ ਜੀ ਦੇ ਸਪੁਰਦ ਕਰ ਦਿੱਤਾ। ਨਾਮਦੇਵ ਜੀ ਦੇ ਪਿਤਾ ਤਾਂ ਹੋ ਸਕਦਾ ਹੈ ਠਾਕਰ ਨੂੰ ਦੁੱਧ ਪਿਆਉਣ ਦਾ ਕੰਮ ਅਨੁਸ਼ਠਾਨ ਵੱਸ ਹੀ ਕਰਦੇ ਹੋਣ, ਪਰ ਸਾਖੀ ਅਨੁਸਾਰ ਬਾਲ ਨਾਮਦੇਵ ਜੀ ਦੇ ਬਾਲ ਹੱਠ ਅੱਗੇ ਝੁਕਦਿਆਂ ਪਰਮਾਤਮਾ ਨੇ ਸਾਖਿਆਤ ਦਰਸ਼ਨ ਦੇ ਕੇ ਉਨ੍ਹਾਂ ਹੱਥੋਂ ਦੁੱਧ ਪੀਤਾ। ਇਸੇ ਪਉੜੀ ਵਿਚ ਭਗਤ ਨਾਮਦੇਵ ਜੀ ਦੇ ਜੀਵਨ ਨਾਲ ਜੁੜੀਆਂ ਕੁਝ ਹੋਰ ਘਟਨਾਵਾਂ ਵੱਲ ਇਸ਼ਾਰਾ ਵੀ ਹੈ :

*ਕੰਮ ਕਿਤੈ ਪਿਉ ਚਲਿਆ ਨਾਮਦੇਉ ਨੋ ਆਖਿ ਸਿਧਾਇਆ।*
*ਠਾਕੁਰ ਦੀ ਸੇਵਾ ਕਰੀ ਦੁਧੁ ਪੀਆਵਣ ਕਹਿ ਸਮਝਾਇਆ।*
*ਨਾਮਦੇਉ ਇਸਨਾਨੁ ਕਰਿ ਕਪਲ ਗਾਇ ਦੁਹਿ ਕੈ ਲੈ ਆਇਆ।*
*ਠਾਕੁਰ ਕੋ ਨ੍ਹਾਵਾਲਿ ਕੈ ਚਰਣੋਦਕੁ ਲੈ ਤਿਲਕੁ ਚੜਾਇਆ।*
*ਹਥਿ ਜੋੜਿ ਬਿਨਤੀ ਕਰੈ ਦੁਧੁ ਪੀਅਹੁ ਜੀ ਗੋਬਿੰਦ ਰਾਇਆ।*
*ਨਿਹਚਉ ਕਰਿ ਆਰਾਧਿਆ ਹੋਇ ਦਇਆਲੁ ਦਰਸੁ ਦਿਖਲਾਇਆ।*

*(ਵਾਰ ੧੦:੧੧)*

ਇਸੇ ਵਾਰ ਦੀ ਬਾਰ੍ਹਵੀਂ ਪਉੜੀ ਵੀ ਭਗਤ ਨਾਮਦੇਵ ਦੇ ਪਰਥਾਇ ਹੈ, ਭਾਈ ਗੁਰਦਾਸ ਜੀ ਦੀ ਹੀ ਇਕ ਹੋਰ ਵਾਰ ਵਿਚ ਭਗਤ ਨਾਮਦੇਵ ਦੀ ਅਖੌਤੀ ਹੀਨੜੀ ਜਾਤ ਪਰ ਭਗਤੀ ਭਾਵ ਕਰਕੇ ਸ੍ਰੇਸ਼ਟ ਹੋਣ ਦੀ ਕਥਾ ਦੁਹਰਾਈ ਗਈ ਹੈ। ਇਕ ਵਾਰੀ ਅਖੌਤੀ ਸਵਰਣ ਜਾਤੀ ਦੇ ਲੋਕਾਂ ਨੇ ਪ੍ਰਭੂ ਜੱਸ ਕਰਦੇ ਭਗਤ ਨਾਮਦੇਵ ਜੀ ਨੂੰ ਦੇਹੁਰੇ ਵਿੱਚੋਂ ਉਠਾ ਕੇ ਬਾਹਰ ਕੱਢ ਦਿੱਤਾ। ਭਗਤ ਜੀ ਨੇ ਦੇਹੁਰੇ ਦੇ ਪਿਛਵਾੜੇ ਬੈਠ ਕੇ ਪ੍ਰਭੂ ਜੱਸ ਕਰਨਾ ਸ਼ੁਰੂ ਕਰ ਦਿੱਤਾ। ਭਗਤ ਜੀ ਦੀ ਲਗਨ, ਸਮਰਪਣ ਅਤੇ ਪ੍ਰਭੂ-ਭਗਤੀ ਦੇਖ ਕੇ ਪ੍ਰਭੂ ਨੇ ਦੇਹੁਰੇ ਦਾ ਮੂੰਹ ਪਿਛਵਾੜੇ ਵੱਲ ਕਰ ਦਿੱਤਾ। ਭਾਈ ਗੁਰਦਾਸ ਜੀ ਦਾ ਕਹਿਣਾ ਹੈ ਕਿ ਨੀਚ ਸਮਝੇ ਜਾਣ ਵਾਲੇ ਭਗਤ ਨਾਮਦੇਵ ਜੀ ਨੇ ਆਪਣੀ ਅਧਿਆਤਮਿਕ ਸਾਧਨਾ ਨਾਲ ਇਹੋ ਜਿਹੀ ਉੱਤਮ ਪਦਵੀ ਪ੍ਰਾਪਤ ਕਰ ਲਈ ਕਿ ਚਾਰੇ ਵਰਨ ਉਨ੍ਹਾਂ ਦੇ ਚਰਨੀਂ ਆਣ ਡਿੱਗੇ :

*ਨਾਮਾ ਛੀਂਬਾ ਆਖੀਐ ਗੁਰਮੁਖਿ ਭਾਇ ਭਗਤਿ ਲਿਵ ਲਾਈ।*
*ਖਤ੍ਰੀ ਬ੍ਰਾਹਮਣ ਦੇਹੁਰੈ ਉਤਮ ਜਾਤਿ ਕਰਨਿ ਵਡਿਆਈ।*

*ਨਾਮਾ ਪਕੜਿ ਉਠਾਲਿਆ ਬਹਿ ਪਛਵਾੜੈ ਹਰਿ ਗੁਣ ਗਾਈ।*
*ਭਗਤ ਵਛਲੁ ਅਖਾਇਦਾ ਫੇਰਿ ਦੇਹੁਰਾ ਪੈਜਿ ਰਖਾਈ।*
*ਦਰਗਹ ਮਾਣੁ ਨਿਮਾਣਿਆ ਸਾਧਸੰਗਤਿ ਸਤਿਗੁਰ ਸਰਣਾਈ।*
*ਉਤਮੁ ਪਦਵੀ ਨੀਚ ਜਾਤਿ ਚਾਰੇ ਵਰਣ ਪਏ ਪਗਿ ਆਈ। (ਵਾਰ ੨੫:੪)*

ਅਠਾਰ੍ਹਵੀਂ ਸਦੀ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਪਰਚੀ ਇਕ ਸਾਹਿਤਕ ਵੰਨਗੀ) ਪ੍ਰਧਾਨ ਸਾਹਿਤ ਦੀ ਸਦੀ ਹੈ, ਕਿਉਂਕਿ ਇਸ ਸਦੀ ਵਿਚ ਵੱਖ-ਵੱਖ ਸਿੱਖ ਸੰਪਰਦਾਵਾਂ ਦੇ ਸਾਧੂ-ਮਹਾਤਮਾਵਾਂ ਨੇ ਇਸ ਵਿਚ ਭਰਪੂਰ ਯੋਗਦਾਨ ਪਾਇਆ। ਜੰਡਿਆਲਾ ਗੁਰੂ (ਅੰਮ੍ਰਿਤਸਰ) ਦੇ ਨਿਰੰਜਨੀਏ ਸੰਪਰਦਾ ਦੇ ਇਕ ਆਗੂ, ਬਾਬਾ ਹੰਦਾਲ ਬਾਰੇ ਉਸ ਦੇ ਪੁੱਤਰ ਬਿਧੀ ਚੰਦ ਨੇ 'ਪਰਚੀ ਹੰਦਾਲ ਕੀ' ਲਿਖੀ ਹੈ ਜਿਸ ਦੇ ਅਠਾਰ੍ਹਵੇਂ ਅਧਿਆਇ ਵਿਚ 'ਪਰਚੀ ਭਗਤ ਨਾਮਦੇਵ' ਹੈ। ਭਗਤ ਨਾਮਦੇਵ ਜੀ ਦੀ ਇਸ ਪਰਚੀ ਵਿਚ ਕੁਝ ਪ੍ਰਚਲਿਤ ਸਾਖੀਆਂ ਤੋਂ ਇਲਾਵਾ ਕੁਝ ਵੱਖਰੀਆਂ ਸਾਖੀਆਂ ਵੀ ਹਨ।

'ਹਰਿ ਜਸ ਕੀ ਪੋਥੀ' ਕ੍ਰਿਤ ਭਾਈ ਦਰਬਾਰੀ ਇਕ ਵੱਡ-ਅਕਾਰੀ ਗ੍ਰੰਥ ਹੈ ਜਿਸ ਦਾ ਇਕ ਭਾਗ 'ਪਰਚੀਆਂ ਭਗਤਾਂ ਕੀਆਂ' ਹੈ। ਇਸ ਵਿਚ ਮੱਧਕਾਲੀ ਸੋਚ ਅਨੁਸਾਰ ਪ੍ਰਤਿਸ਼ਠਤ ਭਗਤਾਂ ਦੇ ਜੀਵਨ-ਬਿਰਤਾਂਤ ਦਰਜ ਹਨ। ਇਨ੍ਹਾਂ ਵਿਚ ਇਕ 'ਪਰਚੀ ਭਗਤ ਨਾਮਦੇਵ' ਹੈ। ਪਟਿਆਲੇ ਦੇ ਇਕ ਉਦਾਸੀ ਸੰਤ ਬਾਵਾ ਰਾਮਦਾਸ ਨੇ ਵੀ ਇਕ ਵੱਡ-ਅਕਾਰੀ ਗ੍ਰੰਥ 'ਬਿਰਦ ਪ੍ਰਤਾਪ' ਦੀ ਰਚਨਾ ਕੀਤੀ ਹੈ ਜਿਸ ਦੇ ਇਕ ਭਾਗ ਭਗਤਮਾਲਾ ਵਿਚ ਇਕ ਪਰਚੀ ਭਗਤ ਨਾਮਦੇਵ ਜੀ ਬਾਰੇ ਹੈ। ਭਗਤਮਾਲਾ ਵਿਚ ੧੨੧ ਭਗਤਾਂ ਦਾ ਜ਼ਿਕਰ ਹੈ ਪਰ ਇਨ੍ਹਾਂ ਵਿੱਚੋਂ ਸਭ ਤੋਂ ਵੱਡੀ ਪਰਚੀ ਭਗਤ ਨਾਮਦੇਵ ਜੀ ਬਾਰੇ ਹੈ ਜੋ ੨੯੫ ਮਾਝਾਂ ਵਿਚ ਕਾਨੀ-ਬੱਧ ਕੀਤੀ ਗਈ ਹੈ। ਇਸ ਪਰਚੀ ਦੇ ੧੩ ਪ੍ਰਕਰਣ ਜਾਂ ਅਧਿਆਇ ਹਨ।

ਪੰਜਾਬੀ ਲੋਕ-ਮਾਨਸਿਕਤਾ ਨੇ ਵੀ ਭਗਤ ਨਾਮਦੇਵ ਜੀ ਦੀ ਅਧਿਆਤਮਿਕ ਸਾਧਨਾ ਦੀ ਪ੍ਰਵਾਨਗੀ ਵਜੋਂ ਕੁਝ ਟੋਟਕੇ ਜਿਹੇ ਜੋੜੇ ਹਨ ਜੋ ਪੰਜਾਬੀ ਲੋਕ ਗੀਤਾਂ ਦੇ ਕਈ ਸੰਕਲਨਾਂ ਵਿਚ ਦਰਜ ਹਨ। ਇਕ ਦੋ ਮਿਸਾਲਾਂ ਇਸ ਤਰ੍ਹਾਂ ਹਨ:

*ਨਾਮਦੇਵ ਦੀ ਬਣਾਈ ਛਪਰੀ, ਧੰਨੇ ਦੀਆਂ ਗਊਆਂ ਚਾਰੀਆਂ।*

----

*ਨਾਮਦੇਵ ਤੋਂ ਗੁਆਂਢਣ ਪੁੱਛਦੀ, ਕੀਹਤੋਂ ਤੈਂ ਬਣਾਈ ਛਪਰੀ।*

ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਭਗਤ ਨਾਮਦੇਵ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣ ਨਾਲ ਉਸ ਨੂੰ ਗੁਰਮਤਿ ਕਾਵਿ ਪਰੰਪਰਾ ਅਤੇ ਸਿੱਖ ਸੱਭਿਆਚਾਰ ਵਿਚ ਸਤਿਕਾਰਿਆ ਗਿਆ। ਪੰਜਾਬੀਕਰਣ ਹੋਣ ਨਾਲ ਉਨ੍ਹਾਂ ਦਾ ਪੰਜਾਬੀ ਜਨ-ਜੀਵਨ ਵਿਚ ਇਕ ਥਾਂ ਬਣ ਗਿਆ। ਭਗਤ ਜੀ ਦਾ ਪੰਜਾਬੀ ਸਾਹਿਤਕ ਅਤੇ ਸੱਭਿਆਚਾਰਕ ਪ੍ਰਭਾਵ ਨਾ-ਕੇਵਲ ਹਰ ਸਦੀ ਵਿਚ ਜਾਰੀ ਹੈ, ਸਗੋਂ ਇਹ ਅਮਿੱਟ ਵੀ ਹੈ। ■

# ਭਗਤ ਨਾਮਦੇਵ ਜੀ ਤੇ ਉਨ੍ਹਾਂ ਦੀ ਵਿਚਾਰਧਾਰਾ

*-ਬਿਕਰਮਜੀਤ ਸਿੰਘ ਜੀਤ**

ਮੁਢਲਾ ਜੀਵਨ : ਭਗਤ ਨਾਮਦੇਵ ਜੀ ਅਕਾਲ ਪੁਰਖ ਪਰਮਾਤਮਾ ਦੇ ਪਰਮ-ਭਗਤ ਤੇ ਉਪਾਸਕ ਸਨ। ਆਪ ਜੀ ਦਾ ਜਨਮ ਪਿੰਡ ਨਰਸੀ ਬਾਮਨੀ ਜ਼ਿਲ੍ਹਾ ਸਿਤਾਰਾ (ਮਹਾਰਾਸ਼ਟਰ) ਵਿਖੇ ਹੋਇਆ। ਇਹ ਪਿੰਡ ਕ੍ਰਿਸ਼ਨਾ ਨਦੀ ਦੇ ਕਿਨਾਰੇ 'ਤੇ ਵੱਸੇ ਇਕ ਵੱਡੇ ਸ਼ਹਿਰ ਕਰਹਟ ਦੇ ਨੇੜੇ ਸੀ। ਆਪ ਜੀ ਦੇ ਪਿਤਾ ਦਾ ਨਾਮ ਦਾਮ ਸ਼ੇਟੀ (ਦਾਮ ਸੇਠ) ਅਤੇ ਮਾਤਾ ਦਾ ਨਾਮ ਗੋਨਾਬਾਈ ਸੀ। ਇਸ ਤੋਂ ਇਲਾਵਾ ਆਪ ਜੀ ਦੀ ਇਕ ਭੈਣ ਵੀ ਸੀ। ਆਪ ਜੀ ਦੇ ਪਿਤਾ ਕੱਪੜੇ ਸਿਊਣ ਅਤੇ ਰੰਗਣ ਦਾ ਕੰਮ ਕਰਦੇ ਸਨ। ਆਪ ਜੀ ਦੇ ਜਨਮ ਸਬੰਧੀ ਵੱਖ-ਵੱਖ ਵਿਦਵਾਨਾਂ ਦੇ ਕਈ ਮਤ ਪ੍ਰਚਲਿਤ ਹਨ ਪਰ ਮੁੱਖ ਤੌਰ 'ਤੇ ਆਪ ਜੀ ਦਾ ਜਨਮ ੧੨੭੦ ਈ. ਵਿਚ ਹੋਇਆ ਮੰਨਿਆ ਜਾਂਦਾ ਹੈ।

ਲੱਗਭਗ ਪੰਜ ਕੁ ਵਰ੍ਹਿਆਂ ਦੀ ਉਮਰ ਵਿਚ ਆਪ ਜੀ ਨੂੰ ਸੰਸਾਰਿਕ/ਅੱਖਰੀ ਗਿਆਨ ਦਿਵਾਉਣ ਲਈ ਪਾਠਸ਼ਾਲਾ ਵਿਚ ਭੇਜਿਆ ਗਿਆ। ਇਸ ਉਪਰੰਤ ਕੁਝ ਸਮੇਂ ਪਿੱਛੋਂ ਆਪ ਜੀ ਦਾ ਵਿਆਹ ਗੋਬਿੰਦ ਸ਼ੇਟੀ ਦੀ ਪੁੱਤਰੀ ਰਾਜਾਬਾਈ ਨਾਲ ਸਥਾਨਕ ਪਰੰਪਰਾਵਾਂ ਅਨੁਸਾਰ ਕਰ ਦਿੱਤਾ ਗਿਆ। ਸਮਾਂ ਬੀਤਦਾ ਗਿਆ ਆਪ ਜੀ ਦੇ ਘਰ ਚਾਰ ਪੁੱਤਰਾਂ ਨੇ ਜਨਮ ਲਿਆ, ਜਿਨ੍ਹਾਂ ਦਾ ਨਾਮ— ਨਾਰਾਇਣ, ਮਹਾਂਦੇਵ, ਗੋਵਿੰਦ ਅਤੇ ਵਿੱਠਲ ਰੱਖਿਆ ਗਿਆ। ਪੁੱਤਰਾਂ ਤੋਂ ਇਲਾਵਾ ਆਪ ਜੀ ਦੇ ਘਰ ਇਕ ਧੀ ਨੇ ਵੀ ਜਨਮ ਲਿਆ ਸੀ। ਨਾਮਦੇਵ ਜੀ ਦੇ ਪਿਤਾ ਚਾਹੁੰਦੇ ਸਨ ਕਿ ਆਪ ਪਿਤਾ-ਪੁਰਖੀ ਕਿੱਤਾ ਅਪਣਾਅ ਕੇ ਆਪਣੇ ਪਰਵਾਰ ਦਾ ਨਿਰਬਾਹ ਕਰਨ, ਪਰੰਤੂ ਆਪ ਜੀ ਦਾ ਮਨ ਘਰੇਲੂ ਕੰਮਾਂ ਵਿਚ ਨਾ ਲੱਗਦਾ। ਆਪ ਦਾ ਮਨ ਸਦਾ ਸਾਧੂ-ਸੰਤਾਂ ਦੀ ਸੰਗਤ ਮਾਣਨ ਵਿਚ ਹੀ ਲੱਗਦਾ।

ਗੁਰੂ ਧਾਰਨ ਕਰਨਾ : ਇਤਿਹਾਸਿਕ ਸ੍ਰੋਤਾਂ ਅਨੁਸਾਰ ਭਗਤ ਨਾਮਦੇਵ ਜੀ ਨੇ ਵਿਸ਼ੋਭਾ ਖੇਚਰ ਨਾਮ ਦੇ ਇਕ ਮਹਾਂ ਪੁਰਸ਼ ਨੂੰ ਆਪਣਾ ਗੁਰੂ ਧਾਰਨ ਕਰ ਲਿਆ। ਉਨ੍ਹਾਂ ਦਿਨਾਂ ਵਿਚ ਮਹਾਰਾਸ਼ਟਰ ਪ੍ਰਾਂਤ ਵਿਚ ਵਾਰਕਰੀ ਸੰਪ੍ਰਦਾਇ ਦਾ ਪ੍ਰਚਾਰ ਜ਼ੋਰਾਂ 'ਤੇ ਸੀ। ਭਗਤ ਨਾਮਦੇਵ ਜੀ ਦਾ ਸੰਬੰਧ ਵੀ ਇਸ ਵਾਰਕਰੀ ਸੰਪ੍ਰਦਾਇ ਨਾਲ ਮੰਨਿਆ ਜਾਂਦਾ ਹੈ। ਵਾਰਕਰੀ ਸੰਪ੍ਰਦਾਇ ਦੱਖਣ ਵਿਚ ਪੰਡਰਪੁਰ ਦੇ ਨੇੜੇ-ਤੇੜੇ ੧੩ਵੀਂ ਸਦੀ ਦੇ ਅੱਧ ਵਿਚ ਪ੍ਰਚਲਿਤ ਹੋਈ ਸੀ। . . . ਭਗਤ ਨਾਮਦੇਵ ਜੀ ਦਾ ਵਾਰਕਰੀ ਸੰਪ੍ਰਦਾਇ ਦੇ ਸੰਸਥਾਪਕਾਂ ਵਿਚਲੇ ਗਿਆਨੇਸ਼ਵਰ ਨਾਲ ਬੜਾ ਨਿੱਘਾ ਸੰਬੰਧ ਸੀ। ਭਗਤ ਨਾਮਦੇਵ ਜੀ ਗਿਆਨੇਸ਼ਵਰ ਨਾਲ ਤੀਰਥ ਯਾਤਰਾਵਾਂ 'ਤੇ ਵੀ ਗਏ। ਭਗਤ ਨਾਮਦੇਵ ਅਤੇ

**#੨੯੪੬/੭, ਬਜ਼ਾਰ ਲੁਹਾਰਾਂ, ਚੌਕ ਲਛਮਣਸਰ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. +੯੧੯੭੨੭੮-੦੦੩੭੨*

ਗਿਆਨੇਸ਼ਵਰ ਦੀਆਂ ਆਪਸ ਵਿਚ ਗਿਆਨ ਚਰਚਾਵਾਂ ਵੀ ਹੁੰਦੀਆਂ। ਕੁਝ ਸਮੇਂ ਬਾਅਦ ਗਿਆਨੇਸ਼ਵਰ ਦਾ ਦਿਹਾਂਤ ਹੋ ਗਿਆ, ਜਿਸ ਕਾਰਨ ਭਗਤ ਜੀ ਦਾ ਮਨ ਕਾਫੀ ਉਚਾਟ ਹੋ ਗਿਆ ਅਤੇ ਉਨ੍ਹਾਂ ਨੇ ਮਹਾਰਾਸ਼ਟਰ ਛੱਡ ਦਿੱਤਾ।

ਪੰਜਾਬ ਨਿਵਾਸ : ਮਹਾਰਾਸ਼ਟਰ ਛੱਡਣ ਤੋਂ ਬਾਅਦ ਭਗਤ ਨਾਮਦੇਵ ਜੀ ਉੱਤਰ ਭਾਰਤ ਵੱਲ ਵੱਖ-ਵੱਖ ਸਥਾਨਾਂ ਤੋਂ ਹੁੰਦੇ ਹੋਏ ਪੰਜਾਬ ਆ ਗਏ। ਇੱਥੇ ਭੂਤਵਿੰਡ ਰਾਮਪੁਰ (ਤਹਿਸੀਲ ਖਡੂਰ ਸਾਹਿਬ, ਜ਼ਿਲ੍ਹਾ ਤਰਨਤਾਰਨ) ਨਾਮੀ ਸਥਾਨ 'ਤੇ ਗਏ, ਭੂਤਵਿੰਡ ਤੋਂ ਮਰੜ੍ਹੀ ਕਲਾਂ (ਮਜੀਠਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ) ਪਹੁੰਚੇ। ਮਰੜ੍ਹੀ ਕਲਾਂ ਤੋਂ ਚੱਲ ਕੇ ਭੱਟੀਵਾਲ ਪਿੰਡ (ਇਹ ਪਿੰਡ ਤਹਿਸੀਲ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਘੁਮਾਣ ਦੇ ਨਜ਼ਦੀਕ ਸਥਿਤ ਹੈ) ਵਿਚ ਆਏ। ਭੱਟੀਵਾਲ ਵਿਖੇ ਆਪ ਜੀ ਨੇ ਪਾਣੀ ਦਾ ਇਕ ਤਾਲ ਵੀ ਖੁਦਵਾਇਆ ਜੋ ਕਿ 'ਨਾਮੇਆਣਾ' ਕਰਕੇ ਪ੍ਰਸਿੱਧ ਹੋਇਆ। ਭੱਟੀਵਾਲ ਦੇ ਲਾਗੇ ਆਪ ਨੇ ਏਕਾਂਤ ਸਥਾਨ 'ਤੇ ਤਪ ਕਰਨਾ ਸ਼ੁਰੂ ਕਰ ਦਿੱਤਾ। ਬਾਅਦ ਵਿਚ ਇਹ ਜਗ੍ਹਾ ਅਬਾਦ ਕਰਵਾ ਕੇ ਇੱਥੇ ਪਿੰਡ ਵਸਾ ਦਿੱਤਾ, ਜਿਸ ਦਾ ਨਾਮ ਘੁਮਾਣ ਪਿਆ। ਇੱਥੇ ਆਪ ਜੀ ਨੇ ਤਕਰੀਬਨ ੧੮ ਸਾਲ ਭਗਤੀ ਕੀਤੀ ਅਤੇ ਪਰਮਾਤਮਾ ਦੇ ਸੱਚੇ ਨਾਮ ਦਾ ਪ੍ਰਚਾਰ ਕੀਤਾ। ਆਪ ਜੀ ਵੱਲੋਂ ਪਰਮਾਤਮਾ ਦੀ ਉਸਤਤ ਦੇ ਰੂਪ ਵਿਚ ਕਾਫੀ ਬਾਣੀ ਮਿਲਦੀ ਹੈ। ਭਗਤ ਨਾਮਦੇਵ ਜੀ ਨੇ ਮਰਾਠੀ ਤੋਂ ਇਲਾਵਾ ਹਿੰਦੀ ਵਿਚ ਵੀ ਕਾਵਿ-ਰਚਨਾ ਕੀਤੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ : ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਵੇਲੇ ਜਿਹੜੇ ਪੰਦਰਾਂ ਭਗਤ ਸਾਹਿਬਾਨ ਦੀ ਬਾਣੀ ਨੂੰ ਦਰਜ ਕੀਤਾ ਹੈ ਉਨ੍ਹਾਂ ਵਿਚ ਭਗਤ ਨਾਮਦੇਵ ਜੀ ਵੀ ਹਨ। ਗੁਰੂ ਸਾਹਿਬ ਨੇ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਭਗਤ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਦੇ ੬੧ ਸ਼ਬਦ ਸ਼ਾਮਿਲ ਹਨ। ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੱਖ-ਵੱਖ ਰਾਗਾਂ— ਰਾਗ ਗਾਉੜੀ, ਆਸਾ, ਗੂਜਰੀ, ਸੋਰਠਿ, ਧਨਾਸਰੀ, ਟੋਡੀ, ਤਿਲੰਗ, ਬਿਲਾਵਲ, ਗੋਂਡ, ਰਾਮਕਲੀ, ਮਾਲੀ ਗਾਉੜਾ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ ਤੇ ਪ੍ਰਭਾਤੀ ਵਿਚ ਦਰਜ ਹਨ।

ਵਿਚਾਰਧਾਰਾ : ਉਂਞ ਤਾਂ ਭਗਤ ਜੀ ਦੀ ਵਿਚਾਰਧਾਰਾ ਦੀ ਸੀਮਾ ਕੋਈ ਇੰਨੀ ਕੁ ਨਹੀਂ ਕਿ ਉਸ ਨੂੰ ਕੋਈ ਦੋ-ਚਾਰ ਸਫਿਆਂ ਵਿਚ ਬੰਨ੍ਹਿਆਂ ਜਾ ਸਕੇ ਬਲਕਿ ਇਹ ਤਾਂ ਬਹੁਤ ਵਿਸ਼ਾਲ ਹੈ। ਇੱਥੇ ਕੇਵਲ ਕੁਝ ਪੰਕਤੀਆਂ ਦੇ ਹਵਾਲੇ ਦੇ ਕੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਕੇਵਲ ਸਮਝਣ ਦੀ ਕੋਸ਼ਿਸ਼ ਕੀਤੀ ਹੈ।

ਭਗਤ ਨਾਮਦੇਵ ਜੀ ਨੇ ਆਪਣੇ ਸਾਰੇ ਜੀਵਨ ਵਿਚ ਹਰ ਮਨੁੱਖ ਨੂੰ ਚਾਹੇ ਰਾਜਾ ਹੋਵੇ ਜਾਂ ਪਰਜਾ ਉਸ ਨੂੰ ਸੱਚ ਦੇ ਰਾਹ 'ਤੇ ਚੱਲ ਕੇ ਪਰਮਾਤਮਾ ਦੀ ਭਗਤੀ ਦਾ ਉਪਦੇਸ਼

ਦਿੱਤਾ। ਭਗਤ ਨਾਮਦੇਵ ਜੀ ਨੇ ਤੁਗਲਕ ਵੰਸ਼ ਦੇ ਗਿਆਸ-ਉ-ਦੀਨ ਤੁਗਲਕ ਅਤੇ ਮੁਹੰਮਦ-ਬਿਨ-ਤੁਗਲਕ ਦੇ ਸ਼ਾਸਨ-ਕਾਲ ਨੂੰ ਬੜੀ ਚੰਗੀ ਤਰ੍ਹਾਂ ਦੇਖਿਆ। ਸਮਾਜਿਕ-ਧਾਰਮਿਕ ਅਧੋਗਤੀ ਦੇ ਕਾਲ ਅੰਦਰ ਜਦੋਂ ਇਕ ਧਰਮ ਦੇ ਪੈਰੋਕਾਰ ਦੂਜੇ ਧਰਮ ਦੇ ਪੈਰੋਕਾਰ ਨੂੰ ਬਰਦਾਸ਼ਤ ਨਹੀਂ ਕਰਦੇ ਤਾਂ ਸਮਾਜਿਕ-ਧਾਰਮਿਕ ਅਸੰਤੁਲਨ ਦਾ ਮਹੌਲ ਪੈਦਾ ਹੁੰਦਾ ਹੈ। ਇਸ ਦੇ ਨਾਲ ਹੀ ਸੱਤਾ-ਧਾਰੀ ਦੇ ਧਰਮ ਦਾ ਬੋਲਬਾਲਾ ਹੋਣਾ ਸ਼ੁਰੂ ਹੋ ਜਾਂਦਾ ਹੈ ਤੇ ਉਹ ਆਪਣੀ ਸੱਤਾ ਦੀ ਤਾਕਤ ਨਾਲ ਦੂਜਿਆਂ ਦੇ ਧਰਮ ਨੂੰ ਖ਼ਤਮ ਕਰਨ ਦਾ ਯਤਨ ਵੀ ਕਰਦਾ ਹੈ। ਭਾਰਤਵਰਸ਼ ਦੇ ਸ਼ਾਸਨ-ਕਾਲ ਦਾ ਇਹ ਉਹ ਸਮਾਂ ਸੀ ਜਦੋਂ ਇਹ ਮੁਸਲਿਮ ਸ਼ਾਸਕ ਦੂਜੇ ਧਰਮਾਂ ਦੇ ਲੋਕਾਂ 'ਤੇ ਅਕਹਿ ਤੇ ਅਸਹਿ ਜ਼ੁਲਮ ਢਾਹ ਰਹੇ ਸਨ। ਜਾਬਰ-ਸ਼ਾਸਕ ਹਿੰਦੂ ਧਰਮ ਦੇ ਪੈਰੋਕਾਰਾਂ 'ਤੇ ਬੁੱਤ-ਪ੍ਰਸਤੀ ਦਾ ਦੋਸ਼ ਲਗਾ ਕੇ ਉਨ੍ਹਾਂ ਦੀਆਂ ਬੇਟੀਆਂ ਨੂੰ ਚੁੱਕ ਕੇ ਲੈ ਜਾਂਦੇ ਸਨ। ਉਧਰ ਦੂਜੇ ਪਾਸੇ ਸਮਾਜ ਵਿਚ ਬ੍ਰਾਹਮਣ ਪੰਡਿਤਾਂ ਵੱਲੋਂ ਅਖੌਤੀ ਨਿਮਨ ਜਾਤੀਆਂ ਨਾਲ ਬਹੁਤ ਭੇਦਭਾਵ ਕੀਤੇ ਜਾਂਦੇ ਸਨ। ਭਗਤ ਨਾਮਦੇਵ ਜੀ ਨੇ ਇਸ ਸਾਰੇ ਸਮੇਂ ਨੂੰ ਦੇਖਿਆ। ਇਹ ਸਮਾਂ ਸਮਾਜਿਕ ਨਾ-ਬਰਾਬਰੀ, ਰਾਜਨੀਤਿਕ ਅਤੇ ਧਾਰਮਿਕ ਅਸਥਿਰਤਾ ਦੀ ਭਾਵਨਾ ਵਾਲਾ ਸੀ। ਊਚ-ਨੀਚ ਦੇ ਭੇਦ-ਭਾਵ ਕਾਰਨ ਬ੍ਰਾਹਮਣ ਲੋਕ ਸ਼ਰਧਾ ਦੇ ਪ੍ਰਤੀ ਆਪਣੀ ਕੱਟੜਤਾ ਦਿਖਾ ਰਹੇ ਸਨ ਅਤੇ ਮੂਰਤੀਆਂ ਦੀ ਪੂਜਾ ਕਰਦੇ ਸਨ। ਉਧਰ ਦੂਜੇ ਪਾਸੇ ਸ਼ਾਸਕ ਆਪਣੇ ਧਰਮ ਦੇ ਪ੍ਰਸਾਰ ਲਈ ਹਿੰਦੂਆਂ ਨੂੰ ਤੰਗ-ਪਰੇਸ਼ਾਨ ਕਰ ਰਹੇ ਸਨ। ਆਪ ਜੀ ਨੇ ਦੋਹਾਂ ਧਿਰਾਂ ਨੂੰ ਧਰਮ ਪ੍ਰਤੀ ਇਸ ਵਤੀਰੇ ਕਾਰਨ ਸੰਬੋਧਨ ਹੁੰਦੇ ਹੋਏ ਆਖਿਆ ਕਿ ਧਰਮ ਨਾ ਤਾਂ ਕੱਟੜਤਾ ਵਿਚ ਹੈ ਤੇ ਨਾ ਹੀ ਪਰਮਾਤਮਾ ਕੇਵਲ ਮੂਰਤੀਆਂ ਵਿਚ ਹੈ। ਅਸਲ ਵਿਚ ਤਾਂ ਗੱਲ ਗਿਆਨ ਦੀ ਹੈ, ਜਿਸ ਮਨੁੱਖ ਨੂੰ ਗਿਆਨ ਦਾ ਅਹਿਸਾਸ ਹੋ ਜਾਵੇ ਉਸ ਨੂੰ ਪਰਮਾਤਮਾ ਸਭ ਪਾਸੇ ਰਮਿਆ ਹੋਇਆ ਹਰ ਥਾਂ ਨਜ਼ਰ ਆਵੇਗਾ। ਇਸ ਕਰਕੇ ਭਗਤ ਜੀ ਅਨੁਸਾਰ ਕੇਵਲ ਇੱਕ ਅਕਾਲ ਪੁਰਖ ਦੀ ਅਰਾਧਨਾ ਕਰਨੀ ਚਾਹੀਦੀ ਹੈ । ਭਗਤ ਜੀ ਨੇ ਕੇਵਲ ਗਿਆਨ ਦੇ ਧਾਰਨੀ ਪੁਰਖ ਦੀ ਹੀ ਪ੍ਰੋੜਤਾ ਕੀਤੀ ਹੈ:

*ਹਿੰਦੂ ਅੰਨ੍ਹਾ ਤੁਰਕੂ ਕਾਣਾ ॥*
*ਦੁਹਾਂ ਤੇ ਗਿਆਨੀ ਸਿਆਣਾ ॥*
*ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥*
*ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੫)*

ਇਸ ਸਥਿਤੀ ਨੂੰ ਵੇਖਦਿਆਂ ਹੋਇਆਂ ਭਗਤ ਨਾਮਦੇਵ ਜੀ ਨੇ ਸਮਾਜ ਦੀ ਧਾਰਮਿਕ ਦਸ਼ਾ ਬਿਆਨਦੇ ਹੋਏ ਸਮਝਾਉਣ ਦਾ ਯਤਨ ਕੀਤਾ ਕਿ ਜੇਕਰ ਇਕ ਪੱਥਰ ਮੰਦਰ ਵਿਚ ਹੋਣ ਕਰਕੇ ਭਗਵਾਨ ਮੰਨਿਆ ਜਾਂਦਾ ਹੈ ਤਾਂ ਦੂਜਾ ਉਸੇ ਤਰ੍ਹਾਂ ਪੈਰਾਂ ਵਿਚ ਰੁਲਣ ਵਾਲਾ ਰਸਤੇ ਵਿਚ ਪਿਆ ਪੱਥਰ ਕੀ ਹੈ? ਅਸਲ ਵਿਚ ਉਨ੍ਹਾਂ ਨੇ ਉਸ ਅਸਲ

ਪਰਮ-ਪਿਤਾ ਪਰਮਾਤਮਾ ਭਗਵਾਨ ਦਾ ਰਸਤਾ ਦਿਖਾਇਆ ਹੈ। ਉਨ੍ਹਾਂ ਦੀ ਬਾਣੀ ਅਨੁਸਾਰ :

*ਏਕੈ ਪਾਥਰ ਕੀਜੈ ਭਾਉ ॥ ਦੂਜੈ ਪਾਥਰ ਧਰੀਐ ਪਾਉ ॥*
*ਜੇ ਓਹੁ ਦੇਉ ਤ ਓਹੁ ਭੀ ਦੇਵਾ ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੫)*

ਪਰਮਾਤਮਾ ਦਾ ਸਰੂਪ ਚਿਤ੍ਰਣ ਕਰਨ ਵੇਲੇ ਭਗਤ ਨਾਮਦੇਵ ਜੀ ਨੇ ਫੁਰਮਾਇਆ ਹੈ ਕਿ ਪਰਮਾਤਮਾ ਨੂੰ ਪੂਰਨ ਰੂਪ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ ਭਾਵ ਕਿ ਉਸ ਦੀ ਮਹਿਮਾ ਅਕੱਥ ਹੈ, ਉਸ ਦਾ ਵਰਣਨ ਅਕਹਿ ਹੈ :

*ਹਰਿ ਕੀ ਮਹਿਮਾ ਕਿਛੁ ਕਥਨੁ ਨ ਜਾਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੪)*

ਭਗਤ ਨਾਮਦੇਵ ਜੀ ਅਨੁਸਾਰ ਅਕਾਲ ਪੁਰਖ ਪਰਮਾਤਮਾ ਸ੍ਰਿਸ਼ਟੀ ਦਾ ਕਰਤਾ ਅਤੇ ਹਰ ਥਾਂ 'ਤੇ ਸੁਭਾਇਮਾਨ ਭਾਵ ਘਟ-ਘਟ ਦਾ ਵਾਸੀ ਹੈ। ਭਗਤ ਜੀ ਫੁਰਮਾਉਂਦੇ ਹਨ :

*ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੫)*

ਪੰਡਰਪੁਰ ਦੇ ਮੰਦਰ ਵਿਚ ਇਕ 'ਬੀਠਲ' ਸ਼ਬਦ (Word) ਬਹੁਤ ਪ੍ਰਚਲਿਤ ਸੀ ਜੋ ਕਿ ਇੱਥੇ ਸਥਾਪਿਤ ਬੀਠਲ ਮੂਰਤੀ ਤੋਂ ਹੋਇਆ। ਬੀਠਲ ਕ੍ਰਿਸ਼ਨ ਜੀ ਦੇ ਪ੍ਰਤੀਕ ਮੰਨੇ ਜਾਂਦੇ ਸਨ, ਕਿਉਂਕਿ ਭਗਤ ਨਾਮਦੇਵ ਜੀ ਵਾਰਕਰੀ ਸੰਪਰਦਾਇ ਨਾਲ ਸੰਬੰਧਿਤ ਸਨ ਇਸ ਲਈ 'ਬੀਠਲ' ਆਪ ਜੀ ਦੇ ਨਿੱਤਨੇਮ ਵਿਚ ਭਗਵਾਨ ਦੇ ਪ੍ਰਤੀਕ ਵਜੋਂ ਸਮਾਅ ਚੁੱਕੇ ਸਨ, ਪਰੰਤੂ ਭਗਤ ਨਾਮਦੇਵ ਜੀ ਦੇ ਬੀਠਲ ਮੰਦਰ ਦੀ ਚਾਰਦੀਵਾਰੀ ਤੋਂ ਮੁਕਤ ਸਨ ਅਤੇ ਭਗਤ ਨਾਮਦੇਵ ਜੀ ਆਪਣੇ ਬੀਠਲ (ਪਰਮਾਤਮਾ) ਨੂੰ ਸਭ ਜਗ੍ਹਾ ਅਨੁਭਵ ਕਰਦੇ ਸਨ। ਆਪ ਜੀ ਨੇ ਫੁਰਮਾਇਆ ਕਿ :

*ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ ॥*
*ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੬)*

ਭਗਤ ਨਾਮਦੇਵ ਜੀ ਪਰਮਾਤਮਾ ਪ੍ਰਤੀ ਵਿਸ਼ਵਾਸ ਤੇ ਦ੍ਰਿੜ੍ਹਤਾ ਵਿਚ ਬਹੁਤ ਪੱਕੇ ਸਨ। ਉਹ ਹਰ ਵੇਲੇ ਹੀ "ਬੀਠਲ ਬੀਠਲ" ਕਰਦੇ ਰਹਿੰਦੇ। ਉਸ ਸਮੇਂ ਦੇ ਕਾਜ਼ੀਆਂ ਤੇ ਮੌਲਵੀਆਂ ਨੂੰ ਇਹ ਗੱਲ ਚੁੱਭਦੀ ਸੀ। ਉਹ ਆਮ ਲੋਕਾਂ ਵਿਚ ਭਗਤ ਜੀ ਦੇ ਵਧ ਰਹੇ ਪ੍ਰਤਾਪ ਨੂੰ ਬਰਦਾਸ਼ਤ ਨਾ ਕਰ ਸਕੇ ਤੇ ਸਮੇਂ ਦੇ ਕੱਟੜ ਮੁਸਲਮਾਨ ਬਾਦਸ਼ਾਹ ਮੁਹੰਮਦ-ਬਿਨ-ਤੁਗਲਕ ਨੂੰ ਆਪ ਜੀ ਵਿਰੁੱਧ ਭੜਕਾਅ ਕੇ ਆਪ ਨੂੰ ਫੜਵਾ ਦਿੱਤਾ। ਬਾਦਸ਼ਾਹ ਨੇ ਭਗਤ ਜੀ ਨੂੰ ਕਿਹਾ ਕਿ, ਜੇ ਕੋਈ ਤੇਰਾ ਬੀਠਲ ਹੈ ਤਾਂ ਉਹ ਮੋਈ ਗਊ ਨੂੰ ਜ਼ਿੰਦਾ ਕਰ ਕੇ ਦਿਖਾਵੇ। ਨਹੀਂ ਤਾਂ ਤੈਨੂੰ ਤੇ ਤੇਰੇ ਬੀਠਲ ਨੂੰ ਝੂਠਾ ਸਮਝਿਆ

ਜਾਵੇਗਾ ਤੇ ਤੈਨੂੰ ਕਤਲ ਕਰ ਦਿੱਤਾ ਜਾਵੇਗਾ। ਇਸ ਦਾ ਜ਼ਿਕਰ ਆਪ ਜੀ ਦੀ ਬਾਣੀ ਵਿਚ ਇੰਝ ਆਉਂਦਾ ਹੈ :

*ਬਿਸਮਿਲਿ ਗਊ ਦੇਹੁ ਜੀਵਾਇ ॥*
*ਨਾਤਰੁ ਗਰਦਨਿ ਮਾਰਉ ਠਾਂਇ ॥੨॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੫)*

ਇਹ ਗੱਲ ਸੁਣ ਕੇ ਭਗਤ ਜੀ ਖੌਫਜ਼ਦਾ ਨਹੀਂ ਹੋਏ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਜੇਕਰ ਕਰਾਮਾਤ ਜਾਂ ਕੌਤਕ-ਦਰਸ਼ਨ ਭਗਤ ਨਾਮਦੇਵ ਜੀ ਦੀ ਸਾਧਨਾ ਦੀ ਮੁੱਖ ਵਿਸ਼ੇਸ਼ਤਾ ਹੁੰਦੀ ਤਾਂ ਆਪ ਜ਼ਰੂਰ ਬਾਦਸ਼ਾਹ ਨਾਲ ਇਸ ਗੱਲ ਦਾ ਦਾਅਵਾ ਕਰਦੇ ਅਤੇ ਬਿਸਮਿਲ ਕੀਤੀ ਗਊ ਨੂੰ ਜ਼ਿੰਦਾ ਕਰਦੇ। ਪਰ ਆਪ ਜੀ ਨੇ ਤਾਂ ਕਰਾਮਾਤ ਨੂੰ ਬਿਲਕੁਲ ਹੀ ਕਬੂਲ ਨਹੀਂ ਕੀਤਾ ਅਤੇ ਪਰਮਾਤਮਾ ਦੀ ਹੀ ਸਰਬ-ਸ਼ਕਤੀਮਾਨਤਾ ਵਿਚ ਵਿਸ਼ਵਾਸ ਪਰਗਟ ਕਰਦੇ ਹੋਏ ਬਾਦਸ਼ਾਹ ਨੂੰ ਇੰਝ ਉੱਤਰ ਦਿੱਤਾ :

*ਬਾਦਿਸਾਹ ਐਸੀ ਕਿਉ ਹੋਇ ॥*
*ਬਿਸਮਿਲਿ ਕੀਆ ਨ ਜੀਵੈ ਕੋਇ ॥੩॥*
*ਮੇਰਾ ਕੀਆ ਕਛੂ ਨ ਹੋਇ ॥*
*ਕਰਿ ਹੈ ਰਾਮੁ ਹੋਇ ਹੈ ਸੋਇ ॥੪॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੫)*

ਇਹ ਸਭ ਕੁਝ ਦੇਖ ਕੇ ਉੱਥੇ ਮੌਜੂਦ ਲੋਕਾਈ ਨੇ ਭਗਤ ਨਾਮਦੇਵ ਜੀ ਨੂੰ ਛੱਡਣ ਲਈ ਹਾਕਮਾਂ ਦੇ ਅੱਗੇ ਬੜੇ ਤਰਲੇ ਮਾਰੇ ਪਰ ਬਾਦਸ਼ਾਹ ਨਾ ਮੰਨਿਆ। ਲੋਕਾਂ ਨੇ ਭਗਤ ਜੀ ਨੂੰ ਜਾਨ ਬਖਸ਼ਾਉਣ ਲਈ ਰਾਮ ਨਾਮ ਛੱਡ ਕੇ ਮੁਸਲਮਾਨ ਬਣਨਾ ਕਬੂਲ ਕਰਨ ਦੀ ਬੜੀ ਸਲਾਹ ਦਿੱਤੀ, ਪਰ ਭਗਤ ਜੀ ਅਡੋਲ ਚਿੱਤ ਖੜ੍ਹੇ ਰਹੇ ਤੇ ਬਾਦਸ਼ਾਹ ਕੋਲੋਂ ਨਾ ਡਰਦੇ ਹੋਏ ਆਪਣਾ ਧਰਮ ਨਾ ਛੱਡਿਆ ਅਤੇ ਆਪਣੇ ਪਰਮਾਤਮਾ ਦਾ ਸਿਮਰਨ ਕਰਨਾ ਜਾਰੀ ਰੱਖਿਆ। ਪਰਮਾਤਮਾ ਵਿਚ ਭਗਤ ਨਾਮਦੇਵ ਜੀ ਦਾ ਬੜਾ ਅਟੁੱਟ ਵਿਸ਼ਵਾਸ ਸੀ ਜਿਸ ਕਾਰਨ ਭਗਤ ਜੀ ਦੀ ਪਰਮਾਤਮਾ ਨੇ ਲਾਜ ਰੱਖੀ ਤੇ ਬਾਦਸ਼ਾਹ ਨੂੰ ਸ਼ਰਮਿੰਦਾ ਹੋਣਾ ਪਿਆ।

ਭਗਤ ਨਾਮਦੇਵ ਜੀ ਨੇ ਰਾਜੇ ਨੂੰ ਕ੍ਰੋਧੀ ਨਾ ਹੋਣ ਅਤੇ ਹੰਕਾਰ ਨਾ ਕਰਨ ਦਾ ਉਪਦੇਸ਼ ਦਿੱਤਾ ਹੈ, ਕਿਉਂਕਿ ਹੰਕਾਰਿਆ ਰਾਜਾ ਕਦੇ ਵੀ ਪਰਜਾ ਦੀ ਭਲਾਈ ਨਹੀਂ ਕਰ ਸਕਦਾ। ਆਪ ਨੇ ਰਾਜੇ ਨੂੰ ਗ਼ਰੀਬ, ਲਤਾੜੇ ਤੇ ਪੱਛੜੇ ਲੋਕਾਂ ਉੱਤੇ ਜ਼ੁਲਮ ਕਰਨ ਵਾਲੇ ਵਿਅਕਤੀਆਂ ਨੂੰ ਸਿੱਧੇ ਰਾਹ ਪਾਉਣ ਦਾ ਉਪਦੇਸ਼ ਦਿੱਤਾ ਹੈ। ਭਗਤ ਜੀ ਨੇ ਰਾਜੇ ਨੂੰ ਕਿਹਾ ਹੈ ਕਿ ਉਹ ਸੱਚ ਦਾ ਧਾਰਨੀ ਹੋਵੇ, ਜ਼ੁਲਮ ਨਾ ਕਰੇ, ਰਿਸ਼ਵਤ ਨਾ ਲਵੇ। ਭਗਤ ਜੀ ਦੁਆਰਾ ਰਾਜੇ ਨੂੰ ਅਧਿਆਤਮਿਕ ਪੱਖ ਤੋਂ ਦਿੱਤੀਆਂ ਇਹ ਸਲਾਹਾਂ ਆਪਣੇ ਆਪ ਵਿਚ ਇਕ ਸਮਾਜਿਕ ਕ੍ਰਾਂਤੀ ਦਾ ਪ੍ਰਤੀਕ ਹਨ।

ਭਗਤ ਨਾਮਦੇਵ ਜੀ ਨੇ ਪਰਮਾਤਮਾ ਦੀ ਉਸਤਤ ਕਰਦੇ ਹੋਏ ਫੁਰਮਾਇਆ ਹੈ ਕਿ ਉਹ ਬਖਸ਼ਣਹਾਰ, ਦਿਆਲੂ, ਪੂਜਣਯੋਗ, ਬੇਪਰਵਾਹ ਅਤੇ ਹਰ ਥਾਂ ਹਾਜ਼ਰ-

ਨਾਜ਼ਰ ਹੈ :

*ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥*
*ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ ॥੧॥ ਰਹਾਉ ॥*
*ਕਰੀਮਾਂ ਰਹੀਮਾਂ ਅਲਾਹ ਤੂ ਗਨੀ ॥*
*ਹਾਜਰਾ ਹਜੂਰਿ ਦਰਿ ਪੇਸਿ ਤੂੰ ਮਨੀ ॥੧॥*
*ਦਰੀਆਉ ਤੂ ਦਿਹੰਦ ਤੂ ਬਿਸੀਆਰ ਤੂ ਧਨੀ ॥*
*ਦੇਹਿ ਲੇਹਿ ਏਕੁ ਤੂੰ ਦਿਗਰ ਕੋ ਨਹੀ ॥੨॥*
*ਤੂੰ ਦਾਨਾਂ ਤੂੰ ਬੀਨਾਂ ਮੈ ਬੀਚਾਰੁ ਕਿਆ ਕਰੀ ॥*
*ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੭)*

ਅੰਤਿਮ ਸਮਾਂ : ਆਪ ਜੀ ਦੇ ਅਕਾਲ ਚਲਾਣੇ, ਸਮੇਂ ਤੇ ਸਥਾਨ ਪ੍ਰਤੀ ਵੱਖ-ਵੱਖ ਵਿਦਵਾਨਾਂ ਦੇ ਵੱਖ-ਵੱਖ ਮੱਤ ਹਨ ਪਰੰਤੂ ਆਪ ਜੀ ਦੇ ਅਕਾਲ ਚਲਾਣੇ ਦਾ ਸਮਾਂ ੧੩੫੦ ਈ. ਨੂੰ ਘੁਮਾਣ (ਜ਼ਿਲ੍ਹਾ ਗੁਰਦਾਸਪੁਰ, ਪੰਜਾਬ) ਵਿਖੇ ਮੰਨਿਆ ਜਾਂਦਾ ਹੈ। ਭਾਰਤ ਸਰਕਾਰ ਵੱਲੋਂ ਜਾਰੀ ਕੀਤੀ ਇਕ ਡਾਕ ਟਿਕਟ 'ਤੇ ਵੀ ਆਪ ਜੀ ਦੇ ਅਕਾਲ ਚਲਾਣੇ ਦਾ ਸਮਾਂ ੧੩੫੦ ਛਪਿਆ ਹੋਇਆ ਹੈ।

ਘੁਮਾਣ ਵਿਖੇ ਆਪ ਜੀ ਦਾ ਅਸਥਾਨ : ਆਪ ਜੀ ਨੇ ਘੁਮਾਣ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਆਪਣੇ ਜੀਵਨ ਦੇ ਅੰਤਲੇ ਲੱਗਭਗ ਅਠਾਰ੍ਹਾਂ ਦੇ ਕਰੀਬ, ਸਾਲ ਗੁਜ਼ਾਰੇ। ਆਪ ਜੀ ਦੀ ਯਾਦ ਵਿਚ ਘੁਮਾਣ ਵਿਖੇ ਇਕ ਬਹੁਤ ਹੀ ਸੁੰਦਰ ਯਾਦਗਾਰ ਦੇ ਰੂਪ ਵਿਚ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ। ਜਿੱਥੇ ਆਪ ਜੀ ਦੀ ਯਾਦ ਵਿਚ ਸਲਾਨਾ ਸਮਾਗਮ ਕੀਤੇ ਜਾਂਦੇ ਹਨ।

ਸਹਾਇਕ ਸ੍ਰੋਤ :


੧. *ਸ਼ਬਦਾਰਥ,* ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੋਥੀ ਪਹਿਲੀ, ਪ੍ਰਕਾਸ਼ਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜੂਨ ੧੯੯੬.

੨. *ਮਹਾਨ ਕੋਸ਼ :* ਭਾਈ ਕਾਨ੍ਹ ਸਿੰਘ ਨਾਭਾ, ਭਾਸ਼ਾ ਵਿਭਾਗ, ਪੰਜਾਬ

੩. *ਸਿੱਖ ਪੰਥ ਵਿਸ਼ਵ-ਕੋਸ਼,* ਰਤਨ ਸਿੰਘ ਜੱਗੀ, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, ੨੦੦੫

੪. *ਆਦਿ ਗ੍ਰੰਥ ਵਿਚ ਸੰਕਲਿਤ ਭਗਤ ਬਾਣੀ ਵਿਚ ਨੈਤਿਕਤਾ ਦਾ ਸੰਕਲਪ,* ਡਾ. ਮਦਨ ਗੋਪਾਲ ਆਚਾਰੀਆ, ਭਾਸ਼ਾ ਵਿਭਾਗ, ਪੰਜਾਬ, ੨੦੦੧

੫. *ਸੇ ਭਗਤ ਸਤਿਗੁਰ ਮਨਿ ਭਾਏ,* ਸੰਪਾ: ਰੂਪ ਸਿੰਘ, ਪ੍ਰਕਾਸ਼ਕ: ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅਕਤੂਬਰ, ੨੦੦੯

੬. *ਪੰਜਾਬ ਦੀ ਧਰਤੀ 'ਤੇ ਭਗਤ ਨਾਮਦੇਵ ਜੀ,* ਡਾ. ਹਰਪ੍ਰੀਤ ਕੌਰ, ਪ੍ਰਕਾਸ਼ਕ : ਲੇਖਿਕਾ ਖ਼ੁਦ; ਜਨਵਰੀ ੨੦੨੦


■

# ਭਗਤ ਨਾਮਦੇਵ ਜੀ ਦਾ ਜੀਵਨ
## ('ਨਵੀਨ ਜਨਮ ਸਾਖੀ ਭਗਤ ਨਾਮਦੇਵ ਜੀ' ਦੇ ਹਵਾਲੇ ਨਾਲ)

*-ਡਾ. ਹਰਪ੍ਰੀਤ ਕੌਰ**

ਭਗਤ ਨਾਮਦੇਵ ਜੀ ਨਾਲ ਸੰਬੰਧਿਤ ਖੋਜ ਕਰਦਿਆਂ ਹੁਣ ਤਕ ਛੇ ਜਨਮਸਾਖੀਆਂ ਪ੍ਰਾਪਤ ਹੋਈਆਂ ਹਨ ਜਿਨ੍ਹਾਂ ਵਿਚ ਬਾਵਾ ਪੂਰਨਦਾਸ ਰਚਿਤ 'ਜਨਮਸਾਖੀ ਸ੍ਰੀ ਸਵਾਮੀ ਨਾਮਦੇਵ ਜੀ', ਖਜਾਨ ਸਿੰਘ ਦੀ 'ਜਨਮਸਾਖੀ ਭਗਤ ਨਾਮਦੇਵ ਜੀ', ਪ੍ਰਤਾਪ ਸਿੰਘ ਦੁਆਰਾ ਲਿਖੀ 'ਅਸਲੀ ਜਨਮਸਾਖੀ ਬ੍ਰਹਮ ਗਿਆਨੀ ਭਗਤ ਨਾਮਦੇਵ ਜੀ', ਕਾਲਾ ਸਿੰਘ ਰਚਿਤ 'ਜਨਮਸਾਖੀ ਭਗਤ ਨਾਮਦੇਵ ਜੀ', ਮੋਹਨ ਸਿੰਘ (ਢਿੱਲੋਂ) ਦੀ 'ਜੀਵਨ ਸਾਖੀ ਭਗਤ ਨਾਮਦੇਵ ਜੀ' ਅਤੇ ਬਲਵੰਤ ਸਿੰਘ ਸਬਜ਼ਾ ਦੀ 'ਨਵੀਨ ਜਨਮ ਸਾਖੀ ਭਗਤ ਨਾਮਦੇਵ ਜੀ' ਦੇ ਨਾਂ ਆਉਂਦੇ ਹਨ। ਇਸ ਲੇਖ ਵਿਚ ਭਗਤ ਨਾਮਦੇਵ ਜੀ ਦੇ ਜੀਵਨ ਨੂੰ ਵਾਚਣ ਲਈ 'ਨਵੀਨ ਜਨਮਸਾਖੀ' ਨੂੰ ਆਧਾਰ ਬਣਾਇਆ ਗਿਆ ਹੈ।

'ਨਵੀਨ ਜਨਮ ਸਾਖੀ ਭਗਤ ਨਾਮਦੇਵ ਜੀ' ਸ. ਬਲਵੰਤ ਸਿੰਘ ਸਬਜ਼ਾ ਦੁਆਰਾ ਲਿਖੀ ਗਈ ਹੈ। ਲੇਖਕ ਦਾ ਜਨਮ ੧ ਜਨਵਰੀ, ੧੯੧੦ ਈ. ਨੂੰ ਸ. ਲੱਭਾ ਸਿੰਘ ਦੇ ਘਰ ਹੋਇਆ।# ਉਨ੍ਹਾਂ ਨੇ ਆਪਣੇ ਜੀਵਨ ਦਾ ਕਾਫੀ ਸਮਾਂ ਪਿੰਡ ਘੁਮਾਣ ਵਿਚ ਹੀ ਬਤੀਤ ਕੀਤਾ। ਬਾਰ੍ਹਵੀਂ ਦੀ ਪੜ੍ਹਾਈ ਕਰਨ ਤੋਂ ਬਾਅਦ ਗਿਆਨੀ ਕੀਤੀ। ਵਿਆਹ ਉਪਰੰਤ ਉਨ੍ਹਾਂ ਦੇ ਘਰ ਦੋ ਸਪੁੱਤਰਾਂ: ਸ. ਚਰਨਕੰਵਲਬੀਰ ਸਿੰਘ ਤੇ ਸ. ਸੁਰਿੰਦਰਪਾਲ ਸਿੰਘ ਅਤੇ ਦੋ ਸਪੁੱਤਰੀਆਂ: ਬੀਬੀ ਜੋਗਿੰਦਰ ਕੌਰ ਤੇ ਬੀਬੀ ਅੰਮ੍ਰਿਤ ਕੌਰ ਨੇ ਜਨਮ ਲਿਆ। ੧੯੪੭ ਈ. ਸਮੇਂ ਲੇਖਕ ਆਪਣੇ ਪਰਵਾਰ ਸਮੇਤ ਗੁਰਦਾਸਪੁਰ ਚਲਾ ਗਿਆ। ਗੁਰਦਾਸਪੁਰ ਵਿਚ ਹੀ ਉਹ ਹੈੱਡ ਪੋਸਟ ਆਫਿਸ ਵਿਚ ਪੋਸਟ ਮਾਸਟਰ ਦੀ ਨੌਕਰੀ ਕਰਦੇ ਸਨ। ਲੇਖਕ ਨੂੰ ਸਾਹਿਤ ਪੜ੍ਹਨ ਤੇ ਲਿਖਣ ਦਾ ਬਹੁਤ ਸ਼ੌਂਕ ਸੀ। ਭਗਤ ਨਾਮਦੇਵ ਜੀ ਨਾਲ ਸੰਬੰਧਿਤ ਕਈ ਲਿਖਤਾਂ ਉਨ੍ਹਾਂ ਨੇ ਸਾਹਿਤ ਦੀ ਝੋਲੀ ਪਾਈਆਂ। ਜਿਵੇਂ: 'ਸ਼੍ਰੋਮਣੀ ਭਗਤ ਨਾਮਦੇਵ' (ਸੰਪਾਦਿਤ), 'ਘੁਮਾਣ ਨਾਮਦੇਵ' ਆਦਿ। ਇਸ ਤੋਂ ਇਲਾਵਾ ਉਨ੍ਹਾਂ ਦੇ ਕਈ ਲੇਖ ਵੱਖ-ਵੱਖ ਰਸਾਲਿਆਂ ਵਿਚ ਛਪ ਚੁੱਕੇ ਹਨ। ਗੁਰੂ ਸਾਹਿਬਾਨ ਨਾਲ ਸੰਬੰਧਿਤ 'ਨੂਰੀ ਝਲਕਾਂ' ਨਾਂ ਦਾ ਕਾਵਿ ਰੂਪੀ

*#ਲੇਖਕ ਸੰਬੰਧੀ ਜਾਣਕਾਰੀ ਲੇਖਕ ਦੇ ਸਪੁੱਤਰ ਸ. ਚਰਨਕੰਵਲਬੀਰ ਸਿੰਘ ਨਾਲ ਫ਼ੋਨ 'ਤੇ ਸੰਪਰਕ ਰਾਹੀਂ ਇਕੱਤਰ ਕੀਤੀ ਗਈ।*

**ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ:੯੬੪੬੭-੮੫੯੯੮*

ਟ੍ਰੈਕਟ ਲਿਖਿਆ। ਸ੍ਰੀ ਨਾਮਦੇਵ ਦਰਬਾਰ ਕਮੇਟੀ ਘੁਮਾਣ ਤੋਂ ਛਪਦੇ ਮਾਸਿਕ ਮੈਗਜ਼ੀਨ 'ਸ੍ਰੀ ਨਾਮਦੇਵ ਦਰਬਾਰ ਘੁਮਾਣ' ਦਾ ਪਹਿਲਾ ਅੰਕ ਵੀ ਉਨ੍ਹਾਂ ੧੯੭੧ ਈ. ਵਿਚ ਆਪ ਕੱਢਿਆ। 'ਸ੍ਰੀ ਨਾਮਦੇਵ ਦਰਬਾਰ ਘੁਮਾਣ' ਮੈਗਜ਼ੀਨ ਦੇ ਉਹ ਬਾਨੀ ਸੰਪਾਦਕ ਸਨ। ਹੁਣ ਵੀ ਇਸ ਮੈਗਜ਼ੀਨ ਨੂੰ ਹਰ ਮਹੀਨੇ ਉਨ੍ਹਾਂ ਦੇ ਸਪੁੱਤਰ ਸ. ਚਰਨਕੰਵਲਬੀਰ ਸਿੰਘ ਹੀ ਸੰਪਾਦਿਤ ਕਰਦੇ ਹਨ। ਲੇਖਕ ਨੇ ਭਗਤ ਨਾਮਦੇਵ ਜੀ ਨਾਲ ਸੰਬੰਧਿਤ ਅਸਥਾਨਾਂ ਦੀ ਯਾਤਰਾ ਖ਼ੁਦ ਕੀਤੀ। ਜਿਸ ਸਮੇਂ ਦੌਰਾਨ ਲੇਖਕ ਨੇ ਜਨਮਸਾਖੀ ਨੂੰ ਲਿਖਤੀ ਰੂਪ ਦਿੱਤਾ। ਉਸ ਸਮੇਂ ਲੇਖਕ ਸਰੀਰਿਕ ਤੌਰ 'ਤੇ ਤੰਦਰੁਸਤ ਨਹੀਂ ਸੀ। ਇਸ ਸਮੇਂ ਦੌਰਾਨ ਉਨ੍ਹਾਂ ਨੇ ਘਰ ਵਿਚ ਇਕੱਤਰ ਕੀਤੀ ਜਾਣਕਾਰੀ ਨੂੰ ਲਿਖਤੀ ਰੂਪ ਦਿੱਤਾ। ਲੇਖਕ ਅਨੁਸਾਰ ਉਨ੍ਹਾਂ ਨੂੰ 'ਜਨਮ ਸਾਖੀ ਭਗਤ ਨਾਮਦੇਵ ਜੀ' ਲਿਖਣ ਦਾ ਉਤਸ਼ਾਹ ਗੁਰਦੁਆਰਾ ਦੇਹੁਰਾ ਸਾਹਿਬ ਘੁਮਾਣ ਤੋਂ ਮਿਲਿਆ। ਲੇਖਕ ਦੀ ਮੌਤ ੧੯੯੪ ਈ. ਨੂੰ ਹੋਈ।

'ਨਵੀਨ ਜਨਮ ਸਾਖੀ ਭਗਤ ਨਾਮਦੇਵ ਜੀ' ਸ੍ਰੀ ਨਾਮਦੇਵ ਦਰਬਾਰ ਕਮੇਟੀ (ਰਜਿ:) ਘੁਮਾਣ ਦੁਆਰਾ ਪਹਿਲੀ ਵਾਰ ਦਸੰਬਰ ੧੯੯੦ ਈ. ਵਿਚ ਪ੍ਰਕਾਸ਼ਿਤ ਕੀਤੀ ਗਈ। ੧੯੦ ਪੰਨਿਆਂ ਵਿਚ ਛਪੀ ਇਸ ਜਨਮਸਾਖੀ ਦੇ ੭੦ ਇੰਦਰਾਜ ਹਨ। ਹਰੇਕ ਸਾਖੀ ਦਾ ਸਿਰਲੇਖ ਦਿੱਤਾ ਹੋਇਆ ਹੈ, ਜਿਸ ਵਿਚ ਭਗਤ ਨਾਮਦੇਵ ਜੀ ਦਾ ਜੀਵਨ, ਯਾਤਰਾਵਾਂ ਅਤੇ ਸਾਖੀ ਨਾਲ ਭਗਤ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ੬੧ ਸ਼ਬਦਾਂ ਵਿੱਚੋਂ ਢੁਕਵਾਂ ਸ਼ਬਦ ਵੀ ਪ੍ਰਸੰਗ ਸਹਿਤ ਦਰਜ ਹੈ। ੬੧ ਸ਼ਬਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਦੇ ਨਾਲ ਹਰੇਕ ਸ਼ਬਦ ਦਾ ਰਾਗ ਵੀ ਅੰਕਿਤ ਕੀਤਾ ਗਿਆ ਹੈ।

ਇਸ ਜਨਮਸਾਖੀ ਵਿਚ ਭਗਤ ਨਾਮਦੇਵ ਜੀ ਦਾ ਜਨਮ ਸ੍ਰੀ ਨਰਹਰ ਸ਼ੇਟ ਦੇ ਸਪੁੱਤਰ ਦਾਮਸ਼ੇਟੀ (ਦਾਮ ਸੇਠ) ਅਤੇ ਨੂੰਹ ਗੋਨਾਬਾਈ ਦੇ ਘਰ ੧੨੭੦ ਈ. ਨੂੰ ਨਰਸੀ ਬਾਹਮਣੀ (ਨਰਸੀ-ਬਾਮਨੀ) ਮਹਾਰਾਸ਼ਟਰ ਵਿਖੇ ਹੋਣਾ ਦੱਸਿਆ ਹੈ। ਬਚਪਨ ਤੋਂ ਹੀ ਭਗਤ ਜੀ ਦਾ ਸੁਭਾਅ ਬਾਕੀ ਬਾਲਕਾਂ ਤੋਂ ਵੱਖਰਾ ਸੀ। ਪੰਜ ਸਾਲ ਦੀ ਉਮਰ ਵਿਚ ਪਿਤਾ ਦਾਮਸ਼ੇਟੀ ਜੀ (ਦਾਮ ਸੇਠ) ਨੇ ਉਨ੍ਹਾਂ ਨੂੰ ਪਾਠਸ਼ਾਲਾ ਵਿਚ ਪੜ੍ਹਨ ਲਈ ਭੇਜ ਦਿੱਤਾ। ਉਸਤਾਦ ਨੇ ਉਨ੍ਹਾਂ ਨੂੰ ਪੱਟੀ ਉੱਪਰ ਪੰਜ ਅੱਖਰ ਲਿਖ ਕੇ ਦਿੱਤੇ ਤਾਂ ਉਨ੍ਹਾਂ ਸਾਰੀ ਪੱਟੀ ਪਰਮਾਤਮਾ ਦਾ ਨਾਂ ਲਿਖ ਕੇ ਭਰ ਦਿੱਤੀ। ਉਸਤਾਦ ਦੇ ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਜੋ ਮੇਰੀ ਯਾਦ ਵਿਚ ਸੀ ਮੈਂ ਉਹੀ ਆਪਣੀ ਪੱਟੀ ਉੱਪਰ ਲਿਖਿਆ ਹੈ। ਇਸ ਤਰ੍ਹਾਂ ਦੀਆਂ ਕਈ ਸਾਖੀਆਂ ਭਗਤ ਨਾਮਦੇਵ ਜੀ ਦੇ ਬਚਪਨ ਨਾਲ ਜੁੜੀਆਂ ਹੋਈਆਂ ਹਨ।

ਭਗਤ ਨਾਮਦੇਵ ਜੀ ਦਾ ਵਿਆਹ ਪੁਰਵਾ ਨਗਰ ਦੇ ਗੋਬਿੰਦ ਸ਼ੇਟ (ਗੋਬਿੰਦ ਸ਼ੇਟੀ) ਸਦਵਰਤੇ ਦੀ ਸਪੁੱਤਰੀ ਰਾਜਾਬਾਈ ਨਾਲ ਹੋਇਆ। ਕੁਝ ਸਮੇਂ ਬਾਅਦ ਨਾਮਦੇਵ ਜੀ

ਪਰਵਾਰ ਸਮੇਤ ਨਰਸੀ ਬਾਹਮਣੀ ਤੋਂ ਪੰਡਰਪੁਰ ਚਲੇ ਗਏ। ਉਨ੍ਹਾਂ ਦੇ ਘਰ ਚਾਰ ਪੁੱਤਰ ਨਾਰਾਇਣ ਦਾਸ, ਮਹਾਂਦੇਵ, ਗੋਬਿੰਦ ਦਾਸ, ਵਿਠਲ ਦਾਸ ਅਤੇ ਇਕ ਪੁੱਤਰੀ ਲਿੰਬਾ ਬਾਈ ਨੇ ਜਨਮ ਲਿਆ। ਵੱਡੇ ਪੁੱਤਰ ਨਰਾਇਣ ਦਾ ਵਿਆਹ ਲਾਡਾਈ, ਮਹਾਂਦੇਵ ਦਾ ਗੋਡਾਈ, ਗੋਬਿੰਦ ਦਾਸ ਦਾ ਯੇਸਾ ਅਤੇ ਚੌਥੇ ਪੁੱਤਰ ਵਿਠਲ ਦਾਸ ਦਾ ਸਾਖਰਾਈ ਨਾਲ ਹੋਇਆ। ਇਸ ਤਰ੍ਹਾਂ ਉਨ੍ਹਾਂ ਦੇ ਚਾਰ ਪੁੱਤਰ ਅਤੇ ਚਾਰ ਨੂੰਹਾਂ ਸਨ।

ਜਨਮਸਾਖੀ ਅਨੁਸਾਰ ਉਨ੍ਹਾਂ ਨੇ ਵਿਸ਼ੋਭਾ ਖੇਚਰ ਤੋਂ ਗੁਰ ਉਪਦੇਸ਼ ਧਾਰਨ ਕੀਤਾ। ਭਗਤ ਨਾਮਦੇਵ ਜੀ ਦੀ ਭਗਤ ਤ੍ਰਿਲੋਚਨ ਜੀ ਨਾਲ ਹੱਥੀਂ ਕਿਰਤ ਕਰਦਿਆਂ ਪਰਮਾਤਮਾ ਵਿਚ ਚਿਤ ਜੋੜਨ ਵਾਲੀ ਸਾਖੀ ਵੀ ਦਰਜ ਹੈ। ਸਾਖੀ ਦੇ ਨਾਲ ਹੀ ਰਾਮਕਲੀ ਰਾਗ ਵਿਚ *ਮਨੁ ਰਾਮ ਨਾਮਾ ਬੇਧੀਅਲੇ॥ ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ॥* ਵਾਲਾ ਸ਼ਬਦ ਵੀ ਦਰਜ ਹੈ। 'ਨਵੀਨ ਜਨਸਮਾਖੀ' ਅਨੁਸਾਰ ਆਪਣੀਆਂ ਪਰਵਾਰਿਕ ਜ਼ਿੰਮੇਵਾਰੀਆਂ ਨੂੰ ਨੇਪਰੇ ਚੜ੍ਹਾ ਕੇ ਭਗਤ ਜੀ ਸੰਤ ਮੰਡਲੀ ਨਾਲ ਵੱਖ-ਵੱਖ ਅਸਥਾਨਾਂ ਦੀ ਯਾਤਰਾ ਲਈ ਤੁਰ ਪਏ। ਪਹਿਲੀ ਯਾਤਰਾ ਦਾ ਸਮਾਂ ਲੱਗਭਗ ਸਾਢੇ ਸੱਤ ਸਾਲ ਲਿਖਿਆ ਹੈ।

ਜਦੋਂ ਭਗਤ ਨਾਮਦੇਵ ਜੀ ਔਂਢਿਆ ਨਾਗ ਨਾਥ ਦੇ ਮੰਦਰ ਗਏ ਤਾਂ ਏਥੇ ਬ੍ਰਾਹਮਣ ਪੁਜਾਰੀਆਂ ਨੇ ਉਨ੍ਹਾਂ ਨਾਲ ਨੀਵੀਂ ਜਾਤ ਨਾਲ ਸੰਬੰਧਿਤ ਹੋਣ ਕਰਕੇ ਵਿਤਕਰਾ ਕੀਤਾ। ਇਸ ਪ੍ਰਥਾਇ ਭਗਤ ਨਾਮਦੇਵ ਜੀ ਨੇ *ਹਸਤ ਖੇਲਤ ਤੇਰੇ ਦੇਹੁਰੇ ਆਇਆ॥ ਭਗਤਿ ਕਰਤ ਨਾਮਾ ਪਕਰਿ ਉਠਾਇਆ॥* ਸ਼ਬਦ ਉਚਾਰਨ ਕੀਤਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਭਗਤ ਨਾਮਦੇਵ ਜੀ ਔਂਢਿਆ ਨਾਗ ਨਾਥ ਤੋਂ ਅਲੋਰਾ, ਭਵਨੇਸ਼ਵਰ, ਪ੍ਰਭਾਸ, ਮਾਰਵਾੜ ਆਦਿ ਥਾਂਵਾਂ ਤੋਂ ਹੁੰਦੇ ਹੋਏ ਬੀਕਾਨੇਰ ਤੇ ਕੇਲਾਦ ਨਗਰ ਪੁੱਜੇ। ਇਸ ਤਰ੍ਹਾਂ ਭਗਤ ਨਾਮਦੇਵ ਜੀ ਸੰਤ-ਮਹਾਤਮਾਵਾਂ ਨਾਲ ਯਾਤਰਾ ਕਰਦੇ ਹੋਏ ਪੰਡਰਪੁਰ ਵਾਪਸ ਪਹੁੰਚ ਗਏ। ਕੁਝ ਸਮੇਂ ਬਾਅਦ ਭਗਤ ਨਾਮਦੇਵ ਜੀ ਨੇ ਮਨੁੱਖਤਾ ਦੇ ਕਲਿਆਣ ਲਈ ਵੱਖ-ਵੱਖ ਅਸਥਾਨਾਂ ਦੀ ਯਾਤਰਾ ਕਰਨ ਦਾ ਦ੍ਰਿੜ੍ਹ ਫੈਸਲਾ ਲੈ ਲਿਆ। ਉਨ੍ਹਾਂ ਨੇ ਆਪਣੇ ਪਰਵਾਰ ਸਾਹਮਣੇ ਆਪਣੇ ਯਾਤਰਾ ਕਰਨ ਦੇ ਫੈਸਲੇ ਦਾ ਐਲਾਨ ਕਰ ਦਿੱਤਾ। ਸਭ ਨੇ ਉਨ੍ਹਾਂ ਨੂੰ ਪੰਡਰਪੁਰ ਤਿਆਗ ਕੇ ਕਿਸੇ ਹੋਰ ਥਾਂ ਜਾਣ ਤੋਂ ਮਨ੍ਹਾਂ ਕੀਤਾ। ਅੰਤ ਵਿਚ ਭਗਤ ਨਾਮਦੇਵ ਜੀ ਦੇ ਫੈਸਲੇ ਨੂੰ ਧਿਆਨ ਵਿਚ ਰੱਖਦੇ ਹੋਏ ਉਨ੍ਹਾਂ ਦੇ ਪਰਵਾਰ, ਨਿੱਜੀ ਪ੍ਰੇਮੀਆਂ ਆਦਿਕ ਨੇ ਭਗਤ ਜੀ ਨੂੰ ਉਨ੍ਹਾਂ ਦੇ ਪ੍ਰਚਾਰ ਦੌਰੇ ਲਈ ਵਿਦਾ ਕੀਤਾ।

ਭਗਤ ਜੀ ਨੇ ਆਪਣੀ ਇਸ ਯਾਤਰਾ ਦੌਰਾਨ ਦਵਾਰਕਾ ਵਿਖੇ ਪੰਡਿਤ ਪਰਸਰਾਮ ਨਾਲ ਵਾਰਤਾਲਾਪ ਕੀਤੀ। ਇਸ ਤੋਂ ਬਾਅਦ ਭਗਤ ਜੀ ਮਥਰਾ, ਗੋਕਲ ਨਗਰੀ, ਹਰਿਦੁਆਰ, ਜਵਾਲਾਪੁਰ ਤੋਂ ਹੁੰਦੇ ਹੋਏ ਪੰਜਾਬ ਪਹੁੰਚੇ। ਪੰਜਾਬ ਵਿਚ ਸਭ ਤੋਂ ਪਹਿਲਾਂ ਉਨ੍ਹਾਂ ਆਪਣਾ ਪੜਾਅ ਭੂਤਵਿੰਡ ਵਿਖੇ ਕੀਤਾ।

ਇਸ ਪਿੰਡ ਦਾ ਅਜੋਕਾ ਨਾਮ ਭੂਤਵਿੰਡ ਰਾਮਪੁਰ ਹੈ ਜੋ ਕਿ ਜ਼ਿਲ੍ਹਾ ਤਰਨ ਤਾਰਨ ਵਿਚ ਸਥਿਤ ਹੈ। ਇਸ ਅਸਥਾਨ 'ਤੇ ਠਹਿਰ ਕੇ ਭਗਤ ਨਾਮਦੇਵ ਜੀ ਨੇ ਪ੍ਰਚਾਰ ਅਤੇ ਭਗਤੀ ਸ਼ੁਰੂ ਕਰ ਦਿੱਤੀ। ਭਗਤ ਜੀ ਦੀ ਸੰਗਤ ਵਿਚ ਕਈ ਸ਼ਰਧਾਲੂ ਆਉਣ ਲੱਗ ਗਏ। ਇੱਥੇ ਹੀ ਮਾਤਾ ਅੜੋਲੀ ਜੋ ਕਿ ਇਕ ਵਿਧਵਾ ਇਸਤਰੀ ਸੀ, ਆਪਣੇ ਪੁੱਤਰ ਸਮੇਤ ਭਗਤ ਜੀ ਦੀ ਸੰਗਤ ਵਿਚ ਆਉਂਦੀ ਸੀ। ਜਦੋਂ ਉਸ ਦਾ ਬਿਮਾਰ ਪੁੱਤਰ ਠੀਕ ਹੋ ਗਿਆ ਤਾਂ ਭਗਤ ਜੀ ਨੇ ਉਸ ਦਾ ਨਾਂ ਬਹੁੜ ਦਾਸ ਰੱਖਿਆ। ਉਹ ਦੋਵੇਂ ਹੀ ਭਗਤ ਜੀ ਦੇ ਪੱਕੇ ਸੇਵਕ ਬਣ ਗਏ। ਮੌਜੂਦਾ ਸਮੇਂ ਵਿਚ ਇਸ ਪਿੰਡ ਦੇ ਬਾਹਰਵਾਰ ਭਗਤ ਨਾਮਦੇਵ ਜੀ ਦੀ ਯਾਦ ਵਿਚ ਸਥਾਪਿਤ ਗੁਰਦੁਆਰਾ ਸਾਹਿਬ ਦਾ ਨਾਂ ਗੁਰਦੁਆਰਾ ਈਸ਼ਵਰ ਦਰਬਾਰ (ਖੂਹ ਸਾਹਿਬ) ਹੈ। ਇਸ ਅਸਥਾਨ 'ਤੇ ਭਗਤ ਨਾਮਦੇਵ ਜੀ ਦੁਆਰਾ ਆਪਣੇ ਹੱਥੀਂ ਖੂਹ ਲਗਵਾਇਆ ਦੱਸਿਆ ਜਾਂਦਾ ਹੈ ਜੋ ਕਿ ਅੱਜ ਵੀ ਗੁਰਦੁਆਰਾ ਸਾਹਿਬ ਵਿਚ ਮੌਜੂਦ ਹੈ। (ਗੁਰਦੁਆਰਾ ਸਾਹਿਬ ਵਿੱਚੋਂ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਇਸ ਅਸਥਾਨ ਦੀ ਖੋਜ ਭਾਈ ਬਸਾਖਾ ਸਿੰਘ ਔਲਖ ਪਿੰਡ ਸ਼ੇਰਪੁਰ (ਥਾਨਾ) ਜ਼ਿਲ੍ਹਾ ਸੰਗਰੂਰ ਅਤੇ ਇਲਾਕਾ ਨਿਵਾਸੀਆਂ ਨੇ ਭਗਤ ਨਾਮਦੇਵ ਜੀ ਦੀ ਸਾਖੀ ਪੜ੍ਹ ਕੇ ਕੀਤੀ।) ਇੱਥੋਂ ਭਗਤ ਨਾਮਦੇਵ ਜੀ ਪ੍ਰਚਾਰ ਕਰਦੇ ਹੋਏ ਪਿੰਡ ਮਰੜੀ ਕਲ੍ਹਾਂ ਪਹੁੰਚੇ।

ਮਰੜੀ ਕਲ੍ਹਾਂ ਪਿੰਡ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਅਤੇ ਤਹਿਸੀਲ ਮਜੀਠਾ ਵਿਚ ਸਥਿਤ ਹੈ। ਇਸ ਪਿੰਡ ਵਿਚ ਭਗਤ ਨਾਮਦੇਵ ਜੀ ਦਾ ਦੋ ਤਿੰਨ ਵਾਰ ਆਉਣ ਦਾ ਜ਼ਿਕਰ ਮਿਲਦਾ ਹੈ। ਇਹ ਬਾਬਾ ਬਹੁੜ ਦਾਸ ਜੀ ਦਾ ਸਹੁਰਾ ਪਿੰਡ ਵੀ ਹੈ। ਪਿੰਡ ਵਿਚ ਭਗਤ ਨਾਮਦੇਵ ਜੀ ਨਾਲ ਸੰਬੰਧਿਤ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ ਜਿਸ ਦਾ ਨਾਂ ਗੁਰਦੁਆਰਾ ਸ਼੍ਰੋਮਣੀ ਭਗਤ ਨਾਮਦੇਵ ਜੀ ਹੈ। ਗੁਰਦੁਆਰਾ ਸਾਹਿਬ ਵਿਚ ਇਕ ਵਿਸ਼ਾਲ ਸਰੋਵਰ ਹੈ ਜਿਸ ਦੀ ਦੱਖਣੀ ਬਾਹੀ ਵਿਚ ਇਕ ਛੱਪੜੀ ਹੈ। ਮੌਜੂਦਾ ਸਮੇਂ ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ ਬਹੁਤ ਹੀ ਸੁੰਦਰ ਹੈ ।

ਭਗਤ ਨਾਮਦੇਵ ਜੀ ਮਰੜੀ ਕਲ੍ਹਾਂ ਤੋਂ ਹੁੰਦੇ ਹੋਏ ਪਿੰਡ ਭੱਟੀਵਾਲ ਪਹੁੰਚੇ। ਇਹ ਪਿੰਡ ਤਹਿਸੀਲ ਬਟਾਲਾ ਅਤੇ ਜ਼ਿਲ੍ਹਾ ਗੁਰਦਾਸਪੁਰ ਵਿਚ ਸਥਿਤ ਹੈ। ਭਗਤ ਜੀ ਨੇ ਇੱਥੇ ਇਕਾਂਤ ਅਸਥਾਨ 'ਤੇ ਆਪਣਾ ਟਿਕਾਣਾ ਕੀਤਾ। ਹੌਲੀ-ਹੌਲੀ ਭਗਤ ਜੀ ਦੀ ਮਹਿਮਾ ਸਾਰੇ ਇਲਾਕੇ ਵਿਚ ਫੈਲ ਗਈ ਤੇ ਸੰਗਤ ਭਗਤ ਜੀ ਦੇ ਦਰਸ਼ਨਾਂ ਨੂੰ ਆਉਣ ਲੱਗੀ। ਇੱਥੇ ਹੀ ਸੱਖੋਵਾਲ ਤੇ ਧਾਰੀਵਾਲ ਪਿੰਡਾਂ ਦੇ ਵਸਨੀਕ ਲੱਧਾ ਤੇ ਜੱਲੋ ਉਨ੍ਹਾਂ ਦੇ ਚੇਲੇ ਬਣੇ। ਪਿੰਡ ਭੱਟੀਵਾਲ ਵਿਚ ਭਗਤ ਨਾਮਦੇਵ ਜੀ ਨਾਲ ਸੰਬੰਧਿਤ ਤਿੰਨ ਗੁਰਦੁਆਰਾ ਸਾਹਿਬਾਨ ਹਨ: ਗੁਰਦੁਆਰਾ ਨਾਮੇਆਣਾ ਸਾਹਿਬ, ਗੁਰਦੁਆਰਾ ਖੂੰਡੀ ਸਾਹਿਬ, ਗੁਰਦੁਆਰਾ ਖੂਹ ਸਾਹਿਬ। ਗੁਰਦੁਆਰਾ ਨਾਮੇਆਣਾ ਸਾਹਿਬ ਪਿੰਡ ਦੇ ਬਾਹਰ ਵਾਲੇ ਪਾਸੇ ਸੁਸ਼ੋਭਿਤ ਹੈ। ਇਸ ਅਸਥਾਨ ਨੂੰ ਭਗਤ ਜੀ ਦਾ ਤਪ ਅਸਥਾਨ

ਮੰਨਿਆ ਜਾਂਦਾ ਹੈ। ਗੁਰਦੁਆਰਾ ਖੂੰਡੀ ਸਾਹਿਬ ਅਤੇ ਗੁਰਦੁਆਰਾ ਖੂਹ ਸਾਹਿਬ ਪਿੰਡ ਦੇ ਅੰਦਰ ਸਥਿਤ ਹਨ। ਇਨ੍ਹਾਂ ਅਸਥਾਨਾਂ ਪ੍ਰਥਾਇ ਵੀ ਭਗਤ ਨਾਮਦੇਵ ਜੀ ਨਾਲ ਸੰਬੰਧਤ ਸਾਖੀਆਂ ਮਿਲਦੀਆਂ ਹਨ।

ਘੁਮਾਣ ਤੋਂ ਦੋ-ਢਾਈ ਕਿਲੋਮੀਟਰ ਦੀ ਵਿੱਥ 'ਤੇ ਪਿੰਡ ਸੱਖੋਵਾਲ ਹੈ। ਇਸ ਪਿੰਡ ਦਾ ਇਕ ਵਪਾਰੀ ਖੱਤਰੀ ਭਾਈ ਲੱਧਾ ਸੀ। ਇਹ ਭਾਈ ਲੱਧਾ ਨੇੜਲੇ ਪਿੰਡਾਂ ਸ਼ੁਕਾਲਾ, ਧਾਰੀਵਾਲ, ਸੋਹੀਆਂ, ਭਰਥ ਆਦਿਕ ਆਲੇ-ਦੁਆਲੇ ਦੇ ਪਿੰਡਾਂ ਵਿਚ ਤੇਲ ਵੇਚਣ ਦਾ ਕੰਮ ਕਰਦਾ ਸੀ। ਉਨ੍ਹਾਂ ਦਿਨਾਂ ਵਿਚ ਭਗਤ ਨਾਮਦੇਵ ਜੀ ਪਿੰਡ ਭੱਟੀਵਾਲ ਵਿਖੇ ਖੂੰਡੀ ਸਾਹਿਬ ਅਸਥਾਨ 'ਤੇ ਠਹਿਰੇ ਹੋਏ ਸਨ। ਭਾਈ ਲੱਧਾ ਹਰ ਰੋਜ਼ ਭਗਤ ਨਾਮਦੇਵ ਜੀ ਦੇ ਦਰਸ਼ਨ ਕਰਨ ਉਪਰੰਤ ਸ਼ਾਮ ਦੇ ਸਮੇਂ ਦੀਵੇ ਵਿਚ ਤੇਲ ਪਾ ਕੇ ਲੰਘਦਾ ਸੀ। ਇਕ ਦਿਨ ਭਾਈ ਲੱਧਾ ਬਿਨਾਂ ਤੇਲ ਪਾਏ ਹੀ ਭਗਤ ਜੀ ਕੋਲੋਂ ਲੰਘ ਗਿਆ। ਭਗਤ ਜੀ ਨੇ ਭਾਈ ਲੱਧੇ ਨੂੰ ਆਵਾਜ਼ ਮਾਰ ਕੇ ਕਿਹਾ ਕਿ ਤੁਸੀਂ ਆਪਣਾ ਨੇਮ ਕਿਉਂ ਤੋੜ ਰਹੇ ਹੋ? ਭਾਈ ਲੱਧਾ ਨੇ ਕਿਹਾ ਕਿ ਅੱਜ ਸਾਰਾ ਤੇਲ ਵਿਕ ਗਿਆ ਹੈ। ਇਸ ਲਈ ਮੇਰੇ ਕੋਲ ਦੀਵੇ ਵਿਚ ਪਾਉਣ ਲਈ ਤੇਲ ਨਹੀਂ ਹੈ। ਭਾਈ ਲੱਧਾ ਦਾ ਜਵਾਬ ਸੁਣ ਕੇ ਭਗਤ ਨਾਮਦੇਵ ਜੀ ਨੇ ਭਾਈ ਲੱਧਾ ਨੂੰ ਆਪਣਾ ਤੇਲ ਵਾਲਾ ਕੁੱਪਾ ਚੰਗੀ ਤਰ੍ਹਾਂ ਦੇਖਣ ਲਈ ਕਿਹਾ। ਜਦੋਂ ਭਾਈ ਲੱਧੇ ਨੇ ਕੁੱਪਾ ਦੇਖਿਆ ਤਾਂ ਉਸ ਦੇ ਕੁੱਪੇ ਵਿਚ ਤੇਲ ਪਿਆ ਹੋਇਆ ਸੀ। ਇਸ ਤਰ੍ਹਾਂ ਭਾਈ ਲੱਧਾ ਜੀ ਭਗਤ ਨਾਮਦੇਵ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਪਰਮ ਸੇਵਕ ਬਣੇ। ਭਾਈ ਲੱਧਾ ਜੀ ਦੀ ਯਾਦ ਵਿਚ ਪਿੰਡ ਸੱਖੋਵਾਲ ਵਿਚ ਯਾਦਗਾਰੀ ਅਸਥਾਨ ਬਣਿਆ ਹੋਇਆ ਹੈ।

ਧਾਰੀਵਾਲ ਪਿੰਡ ਦੇ ਭਾਈ ਜੱਲੋ ਜੀ ਵੀ ਭਗਤ ਨਾਮਦੇਵ ਜੀ ਦੇ ਭਗਤ ਸਨ। ਇਹ ਪਿੰਡ ਭੱਟੀਵਾਲ ਤੋਂ ਕੁਝ ਹੀ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਭਾਈ ਜੱਲੋ ਪ੍ਰਥਾਇ ਵੀ ਨਵੀਨ ਜਨਮਸਾਖੀ ਵਿਚ ਸਾਖੀ ਅੰਕਿਤ ਹੈ। ਪਿੰਡ ਭੱਟੀਵਾਲ ਦੇ ਆਸ-ਪਾਸ ਦੇ ਇਲਾਕਿਆਂ ਵਿਚ ਪ੍ਰਚਾਰ ਕਰਦੇ ਹੋਏ ਭਗਤ ਨਾਮਦੇਵ ਜੀ ਕੁਝ ਦੂਰੀ 'ਤੇ ਸੰਘਣੇ ਜੰਗਲ ਰੂਪੀ ਇਕਾਂਤ ਥਾਂ ਉੱਪਰ ਜਾ ਬਿਰਾਜੇ ਜਿੱਥੇ ਮੌਜੂਦਾ ਸਮੇਂ ਪਿੰਡ ਘੁਮਾਣ ਵੱਸਿਆ ਹੈ। ਇਹ ਪਿੰਡ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ, ਤਹਿਸੀਲ ਬਟਾਲਾ ਤੇ ਬਲਾਕ ਸ੍ਰੀ ਹਰਿਗੋਬਿੰਦਪੁਰ ਵਿਚ ਸਥਿਤ ਹੈ। ਭਾਈ ਲੱਧਾ ਅਤੇ ਭਾਈ ਜੱਲੋ ਵੀ ਭਗਤ ਜੀ ਦੇ ਪਿੱਛੇ ਘੁਮਾਣ ਆ ਗਏ। ਕੁਝ ਸਮੇਂ ਬਾਅਦ ਭਗਤ ਜੀ ਦੇ ਆਉਣ ਦੀ ਖਬਰ ਹੋਰ ਪਾਸੇ ਵੀ ਫੈਲ ਗਈ। ਪੱਟੀ ਇਲਾਕੇ ਦਾ ਰਾਧਾ ਖੱਤਰੀ ਵੀ ਭਗਤ ਜੀ ਦੀ ਮਹਿਮਾ ਸੁਣ ਕੇ ਆਪਣੀ ਸਿਹਤਯਾਬੀ ਲਈ ਭਗਤ ਨਾਮਦੇਵ ਜੀ ਦੀ ਸੰਗਤ ਵਿਚ ਘੁਮਾਣ ਆਇਆ। ਇਸ ਤਰ੍ਹਾਂ ਪਿੰਡ ਘੁਮਾਣ ਵਿਚ ਭਗਤ ਨਾਮਦੇਵ ਜੀ ਦੀ ਸੰਗਤ ਵਿਚ ਕਈ ਸ਼ਰਧਾਲੂ ਆਉਣ ਲੱਗੇ।

ਘੁਮਾਣ ਵਿਚ ਆਇਆਂ ਭਗਤ ਨਾਮਦੇਵ ਜੀ ਨੂੰ ਅਜੇ ਕੁਝ ਸਮਾਂ ਹੀ ਹੋਇਆ

ਸੀ ਕਿ ਆਪ ਜੀ ਨੇ ਆਪਣੇ ਸੇਵਕ ਭਾਈ ਜੱਲੋ ਨੂੰ ਭੂਤਵਿੰਡ ਪਿੰਡ ਭੇਜ ਕੇ ਬਹੁੜ ਦਾਸ ਜੀ ਤੇ ਉਨ੍ਹਾਂ ਦੇ ਮਾਤਾ ਅੜੋਲੀ ਜੀ ਨੂੰ ਘੁਮਾਣ ਵਿਖੇ ਹੀ ਬੁਲਾ ਲਿਆ। ਦੋਵੇਂ ਹੀ ਭਗਤ ਜੀ ਦੇ ਦਰਸ਼ਨ ਕਰ ਕੇ ਨਿਹਾਲ ਹੋ ਗਏ। ਮਾਤਾ ਅੜੋਲੀ ਤੇ ਬਹੁੜ ਦਾਸ ਭਗਤ ਜੀ ਦੀ ਸੰਗਤ ਵਿਚ ਰਹਿਣ ਲੱਗ ਪਏ। ਭਗਤ ਨਾਮਦੇਵ ਜੀ ਦੇ ਦਰਸ਼ਨਾਂ ਲਈ ਰੋਜ਼ਾਨਾ ਹੀ ਆਉਂਦੀ ਸੰਗਤ ਦੀ ਮਾਤਾ ਅੜੋਲੀ ਸੇਵਾ ਕਰਦੀ ਸੀ। ਇਸੇ ਤਰ੍ਹਾਂ ਇਕ ਦਿਨ ਮਰੜੀ ਪਿੰਡ ਦੀ ਸੰਗਤ ਦਰਸ਼ਨਾਂ ਲਈ ਘੁਮਾਣ ਆਈ ਜਿਸ ਵਿਚ ਇਕ ਧਰਮਾ ਨਾਂ ਦਾ ਸ਼ਰਧਾਲੂ ਵੀ ਆਇਆ ਸੀ। ਉਸ ਨੂੰ ਆਪਣੀ ਲੜਕੀ ਲਈ ਭਗਤ ਨਾਮਦੇਵ ਜੀ ਦਾ ਸੇਵਕ ਬਹੁੜ ਦਾਸ ਪਸੰਦ ਆ ਗਿਆ। ਉਸ ਨੇ ਭਗਤ ਜੀ ਅੱਗੇ ਆਪਣੀ ਲੜਕੀ ਸੁਲੱਖਣੀ ਨਾਲ ਬਹੁੜ ਦਾਸ ਦੇ ਰਿਸ਼ਤੇ ਦੀ ਮੰਗ ਰੱਖੀ ਜਿਸ ਨੂੰ ਭਗਤ ਨਾਮਦੇਵ ਜੀ ਨੇ ਪ੍ਰਵਾਨ ਕਰ ਲਿਆ। ਵਿਆਹ ਦੇ ਮੁਕੱਰਰ ਦਿਨ 'ਤੇ ਬਰਾਤ ਪਿੰਡ ਮਰੜੀ ਪਹੁੰਚੀ। ਇਸ ਤਰ੍ਹਾਂ ਮਰੜੀ ਕਲ੍ਹਾਂ ਪਿੰਡ ਬਾਬਾ ਬਹੁੜ ਦਾਸ ਜੀ ਦਾ ਸਹੁਰਾ ਪਿੰਡ ਬਣਿਆ। ਵਿਆਹੁਣ ਤੋਂ ਬਾਅਦ ਬਰਾਤ ਪਿੰਡ ਘੁਮਾਣ ਵਾਪਸ ਆ ਗਈ। ਭਗਤ ਨਾਮਦੇਵ ਜੀ ਨੇ ਬਹੁੜ ਦਾਸ ਅਤੇ ਉਨ੍ਹਾਂ ਦੀ ਪਤਨੀ ਸੁਲੱਖਣੀ ਨੂੰ ਗ੍ਰਿਹਸਤ ਧਰਮ ਦੇ ਫ਼ਰਜ਼ ਸਮਝਾਏ।

'ਨਵੀਨ ਜਨਮਸਾਖੀ' ਅਨੁਸਾਰ ਭਗਤ ਨਾਮਦੇਵ ਜੀ ਦਾ ਪਰਲੋਕ ਗਮਨ ੧੩੫੦ ਈ. ਨੂੰ ਘੁਮਾਣ ਵਿਖੇ ਹੀ ਹੋਇਆ। ਇਸ ਤੋਂ ਬਾਅਦ ਬਾਬਾ ਬਹੁੜ ਦਾਸ ਜੀ ਘੁਮਾਣ ਵਿਖੇ ਹੀ ਠਹਿਰੇ ਤੇ ਪ੍ਰਚਾਰ ਕਰਦੇ ਰਹੇ। ਘੁਮਾਣ ਵਿਚ ਗੁਰਦੁਆਰਾ ਸ੍ਰੀ ਨਾਮਦੇਵ ਦਰਬਾਰ ਸਾਹਿਬ, ਗੁਰਦੁਆਰਾ ਸ੍ਰੀ ਤਪਿਆਣਾ ਸਾਹਿਬ ਅਤੇ ਗੁਰਦੁਆਰਾ ਭੰਡਾਰਾ ਸਾਹਿਬ ਭਗਤ ਨਾਮਦੇਵ ਜੀ ਨਾਲ ਸੰਬੰਧਿਤ ਹਨ।

ਇਸ ਜਨਮਸਾਖੀ ਦੇ ਅੰਤ ਵਿਚ ਭਗਤ ਨਾਮਦੇਵ ਜੀ ਦੀ ਬਾਣੀ, ਦਰਬਾਰ ਸਾਹਿਬ ਘੁਮਾਣ, ਬਾਬਾ ਬਹੁੜ ਦਾਸ ਜੀ ਦੀ ਜੀਵਨੀ, ਘੁਮਾਣ ਵਿਚ ਭਗਤ ਨਾਮਦੇਵ ਜੀ ਦੀ ਯਾਦ ਵਿਚ ਮਨਾਏ ਜਾਂਦੇ ਪੁਰਬ, ਵੱਖ-ਵੱਖ ਥਾਵਾਂ 'ਤੇ ਉਨ੍ਹਾਂ ਦੀ ਯਾਦ ਵਿਚ ਉਸਰੀਆਂ ਯਾਦਗਾਰਾਂ ਆਦਿ ਬਾਰੇ ਵੀ ਜਾਣਕਾਰੀ ਮਿਲਦੀ ਹੈ। ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ 'ਨਵੀਨ ਜਨਮ ਸਾਖੀ' ਸਾਨੂੰ ਭਗਤ ਨਾਮਦੇਵ ਜੀ ਦੇ ਜੀਵਨ ਅਤੇ ਯਾਤਰਾਵਾਂ ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਉਨ੍ਹਾਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੀ ਵਿਆਖਿਆ ਵੀ ਕਰਦੀ ਹੈ। ■

# ਭਗਤ ਨਾਮਦੇਵ ਜੀ ਦੀ ਬਾਣੀ ਵਿਚ 'ਬੀਠਲ' ਨਾਮ ਦੀ ਵਰਤੋਂ

*-ਸ. ਸੁਖਦੇਵ ਸਿੰਘ ਸ਼ਾਂਤ**

ਭਗਤ ਨਾਮਦੇਵ ਜੀ ਨੇ ਪਰਮਾਤਮਾ ਦੇ ਗੁਣ ਗਾਉਂਦਿਆਂ ਸੰਸਕ੍ਰਿਤ, ਪ੍ਰਾਕ੍ਰਿਤ, ਅਰਬੀ ਅਤੇ ਫ਼ਾਰਸੀ ਭਾਸ਼ਾਵਾਂ ਨਾਲ ਸੰਬੰਧਿਤ ਕਈ ਨਾਮ ਆਪਣੀ ਬਾਣੀ ਵਿਚ ਵਰਤੇ ਹਨ। ਇਉਂ ਆਪ ਜੀ ਨੇ ਇਹ ਨਾਮ ਵਰਤਦਿਆਂ ਹਿੰਦੂ ਸੰਸਕ੍ਰਿਤੀ ਅਤੇ ਇਸਲਾਮ ਵਿਚ ਵਰਤੇ ਜਾਂਦੇ ਨਾਮ ਬਿਨਾਂ ਕਿਸੇ ਵਿਤਕਰੇ ਦੇ ਸਰਬ-ਵਿਆਪਕ ਪਰਮਾਤਮਾ ਲਈ ਲਿਖ ਕੇ ਆਪਣੀ ਸੋਚ ਦੀ ਵਿਸ਼ਾਲਤਾ ਦਾ ਪ੍ਰਗਟਾਵਾ ਕੀਤਾ ਹੈ। ਆਪ ਜੀ ਦੀ ਬਾਣੀ ਵਿਚ ਮਰਾਠੀ ਭਾਸ਼ਾ ਨਾਲ ਸੰਬੰਧ ਰੱਖਦੇ ਦੋ ਨਾਮ 'ਬੀਠਲ' ਅਤੇ 'ਬੇਢੀ' ਬੜੇ ਪਿਆਰ ਸਹਿਤ ਵਰਤੇ ਗਏ ਹਨ। ਰਾਗ ਸੋਰਠਿ ਦੇ ਇੱਕ ਸ਼ਬਦ ਵਿਚ ਆਪ ਜੀ ਨੇ 'ਬੇਢੀ' ਨਾਮ ਵਰਤਿਆ ਹੈ ਜਦੋਂ ਕਿ 'ਬੀਠਲ' ਨਾਮ ਦੀ ਵਰਤੋਂ ਆਪ ਜੀ ਵੱਲੋਂ ਉਚਾਰੇ ਗਏ ਸ਼ਬਦਾਂ ਵਿਚ ਵਧੇਰੇ ਵਾਰ ਹੋਈ ਹੈ।

'ਬੀਠਲ' ਨਾਮ ਪਰਮਾਤਮਾ ਵਾਸਤੇ ਭਗਤ ਨਾਮਦੇਵ ਜੀ ਦੇ ਸਮਕਾਲੀ ਅਤੇ ਅਧਿਆਤਮਿਕ ਮਿੱਤਰ ਭਗਤ ਤ੍ਰਿਲੋਚਨ ਜੀ ਨੇ ਵੀ ਆਪਣੀ ਬਾਣੀ ਵਿਚ ਵਰਤਿਆ ਹੋਇਆ ਹੈ :

*ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ ॥*
*ਮਿਲੁ ਮੇਰੇ ਰਮਈਆ ਮੈ ਲੇਹਿ ਛਡਾਇ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨)*

ਇੱਕੋ ਸ਼ਬਦ ਵਿਚ 'ਬੀਠੁਲਾ' ਅਤੇ 'ਰਮਈਆ ਨਾਮ ਵਰਤੇ ਜਾਣ ਤੋਂ ਹੀ ਸਪੱਸ਼ਟ ਹੈ ਕਿ ਇਹ ਨਾਮ ਇੱਕੋ-ਇੱਕ ਸਰਬ-ਸਮਰੱਥ ਅਤੇ ਸਰਬ-ਵਿਆਪਕ ਪਰਮਾਤਮਾ ਲਈ ਹੀ ਵਰਤੇ ਗਏ ਹਨ।

ਭਗਤ ਕਬੀਰ ਜੀ ਵੀ ਆਪਣੀ ਬਾਣੀ ਵਿਚ ਪਰਮਾਤਮਾ ਨੂੰ 'ਬੀਠੁਲਾ' ਕਹਿ ਕੇ ਜੋਦੜੀ ਕਰਦੇ ਹਨ :

*ਕਿਉ ਛੂਟਉ ਕੈਸੇ ਤਰਉ ਭਵਜਲ ਨਿਧਿ ਭਾਰੀ ॥*
*ਰਾਖੁ ਰਾਖੁ ਮੇਰੇ ਬੀਠੁਲਾ ਜਨੁ ਸਰਨਿ ਤੁਮ੍ਹਾਰੀ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੫੫)*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਕਈ ਵਾਰ ਪਰਮਾਤਮਾ ਵਾਸਤੇ 'ਬੀਠਲ' ਨਾਮ ਬੜੇ ਪਿਆਰ ਨਾਲ ਵਰਤਿਆ ਹੋਇਆ ਹੈ :

*-ਐਸੋ ਪਰਚਉ ਪਾਇਓ ॥*

*#8562, Charlotte Court, Avon- 46123, Indiana (U.S.A.) Ph. 001-317-406-0002*

*ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿਗੁਰ ਮੁਝਹਿ ਬਤਾਇਓ ॥੧॥ ਰਹਾਉ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੦੫)*
*-ਸਭ ਦਿਨ ਕੇ ਸਮਰਥ ਪੰਥ ਬਿਠੁਲੇ ਹਉ ਬਲਿ ਬਲਿ ਜਾਉ ॥*
*ਗਾਵਨ ਭਾਵਨ ਸੰਤਨ ਤੋਰੈ ਚਰਨ ਉਵਾ ਕੈ ਪਾਉ ॥੧॥ ਰਹਾਉ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੬)*
*-ਭਇਓ ਕਿਰਪਾਲੁ ਸਰਬ ਕੋ ਠਾਕੁਰੁ ਸਗਰੋ ਦੂਖੁ ਮਿਟਾਇਓ ॥*
*ਕਹੁ ਨਾਨਕ ਹਉਮੈ ਭੀਤਿ ਗੁਰਿ ਖੋਈ ਤਉ ਦਇਆਰੁ ਬੀਠਲੋ ਪਾਇਓ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੨੪)*
*-ਨਾਮੁ ਨਰਹਰ ਨਿਧਾਨੁ ਜਿਨ ਕੈ ਰਸ ਭੋਗ ਏਕ ਨਰਾਇਣਾ ॥*
*ਰਸ ਰੂਪ ਰੰਗ ਅਨੰਤ ਬੀਠਲ ਸਾਸਿ ਸਾਸਿ ਧਿਆਇਣਾ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੫)*
*-ਭਗਤਨ ਕੀ ਟਹਲ ਕਮਾਵਤ ਗਾਵਤ ਦੁਖ ਕਾਟੇ ਤਾ ਕੇ ਜਨਮ ਮਰਨ ॥*
*ਜਾ ਕਉ ਭਇਓ ਕ੍ਰਿਪਾਲੁ ਬੀਠੁਲਾ ਤਿਨਿ ਹਰਿ ਹਰਿ ਅਜਰ ਜਰਨ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੦੬)*
*-ਜੀਵਤੁ ਰਾਮ ਕੇ ਗੁਣ ਗਾਇ ॥*
*ਕਰਹੁ ਕ੍ਰਿਪਾ ਗੋਪਾਲ ਬੀਠੁਲੇ ਬਿਸਰਿ ਨ ਕਬ ਹੀ ਜਾਇ ॥੧॥ ਰਹਾਉ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੨੩)*
*-ਪੀਤ ਪੀਤੰਬਰ ਤ੍ਰਿਭਵਣ ਧਣੀ ॥ ਜਗੰਨਾਥੁ ਗੋਪਾਲੁ ਮੁਖਿ ਭਣੀ ॥*
*ਸਾਰਿੰਗਧਰ ਭਗਵਾਨ ਬੀਠੁਲਾ ਮੈ ਗਣਤ ਨ ਆਵੈ ਸਰਬੰਗਾ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੮੨)*

'ਬੀਠਲ' ਨਾਮ ਨਾਲ ਜੁੜੇ ਵਿਸ਼ੇਸ਼ਣ 'ਦਇਆਲ', 'ਸਮਰਥ', 'ਕਿਰਪਾਲੁ', 'ਦਇਆਰੁ', 'ਅਨੰਤ' ਅਤੇ 'ਕ੍ਰਿਪਾਲੁ' ਸੁਭਾਵਿਕ ਤੌਰ 'ਤੇ ਹੀ ਸਪੱਸ਼ਟ ਕਰਦੇ ਹਨ ਕਿ ਗੱਲ ਕੇਵਲ ਅਤੇ ਕੇਵਲ ਇੱਕੋ-ਇੱਕ ਪਰਮਾਤਮਾ ਦੀ ਹੋ ਰਹੀ ਹੈ। 'ਮਾਰੂ ਸੋਲਹੇ ਮਹਲਾ ੫' ਵਿਚ ਗੁਰੂ ਜੀ ਨੇ ਪਰਮਾਤਮਾ ਦੇ ਅਣਗਿਣਤ ਕਿਰਤਮ ਨਾਮ ਹੋਣ ਦਾ ਜ਼ਿਕਰ ਕਰਦੇ ਹੋਏ ਕੁਝ ਵਧੇਰੇ ਪ੍ਰਚਲਿਤ ਨਾਮ ਲਿਖੇ ਹਨ। ਉਪਰੋਕਤ ਪਵਿੱਤਰ ਕਥਨਾਂ ਵਿਚ ਵੀ ਗੁਰੂ ਜੀ ਨੇ 'ਬੀਠਲ' ਨਾਮ ਤੋਂ ਇਲਾਵਾ ਪਰਮਾਤਮਾ ਵਾਸਤੇ ਠਾਕੁਰ, ਨਰਾਇਣਾ, ਰਾਮ, ਗੋਪਾਲ, ਪੀਤ ਪੀਤੰਬਰ, ਤ੍ਰਿਭਵਣ ਧਣੀ, ਜਗੰਨਾਥੁ, ਸਾਰਿੰਗਧਰ ਅਤੇ ਭਗਵਾਨ ਨਾਮ ਵੀ ਵਰਤੇ ਹੋਏ ਹਨ। ਇਸ ਤੋਂ ਵੀ ਸਪੱਸ਼ਟ ਹੋ ਜਾਂਦਾ ਹੈ ਕਿ 'ਬੀਠਲ' ਨਾਮ ਵੀ ਪਰਮਾਤਮਾ ਦੇ ਹੋਰ ਅਨੇਕ ਕਿਰਤਮ ਨਾਵਾਂ ਵਿੱਚੋਂ ਹੀ ਇੱਕ ਨਾਮ ਹੈ।

ਸ਼ਬਦ 'ਬੀਠਲ' ਮਰਾਠੀ ਭਾਸ਼ਾ ਦਾ ਸ਼ਬਦ ਹੈ ਅਤੇ ਇਹ 'ਬੀਠ' ਜਾਂ 'ਵੀਟ' ਸ਼ਬਦ ਤੋਂ ਬਣਿਆ ਹੈ। ਮਰਾਠੀ ਭਾਸ਼ਾ ਦੇ ਸ਼ਬਦ ਵੀਟ (ਵੀਠ) ਜਾਂ ਬੀਠ ਦਾ ਅਰਥ ਹੁੰਦਾ

ਹੈ 'ਇੱਟ'। ਮਰਾਠੀ ਭਾਸ਼ਾ ਵਿਚ ਮੂਲ ਸ਼ਬਦ ਹੈ 'ਵਿਟੁਲ' ਜਾਂ 'ਵਿਠੁਲ' ਰਲਵੀਂ-ਮਿਲਵੀਂ ਸਾਧ ਭਾਸ਼ਾ ਵਿਚ ਇਹ ਰੂਪ ਬਦਲ ਕੇ 'ਬੀਠੁਲ' ਬਣ ਗਿਆ ਹੈ ਇਸ ਬੀਠੁਲ ਨਾਮ ਨਾਲ ਇਕ ਪ੍ਰਚਲਿਤ ਕਥਾ ਵੀ ਪ੍ਰਸਿੱਧ ਹੈ। ਇਕ ਵਾਰ ਸ੍ਰੀ ਕ੍ਰਿਸ਼ਨ ਜੀ ਆਪਣੀ ਪਤਨੀ ਰੁਕਮਣੀ ਦੀ ਭਾਲ ਵਿਚ ਪੰਡਰਪੁਰ ਦੇ ਨੇੜੇ ਪਹੁੰਚੇ। ਉੱਥੇ ਇਕ ਰਿਸ਼ੀ ਪੁੰਡਲੀਕ ਆਪਣੇ ਮਾਤਾ-ਪਿਤਾ ਦੀ ਮਾਲਸ਼ ਦੀ ਸੇਵਾ ਵਿਚ ਮਗਨ ਸੀ। ਜਦੋਂ ਉਸ ਨੇ ਆਪਣੇ ਪਿਛਲੇ ਪਾਸੇ ਦੈਵੀ ਪ੍ਰਕਾਸ਼ ਦੀ ਝਲਕ ਦੇਖੀ ਤਾਂ ਉਸ ਨੇ ਆਪਣੇ ਕੋਲ ਪਈ ਇੱਕ ਇਟ ਵਗਾਹ ਕੇ ਪਿੱਛੇ ਨੂੰ ਸੁੱਟੀ। ਸ੍ਰੀ ਕ੍ਰਿਸ਼ਨ ਜੀ ਉਸ ਇੱਟ 'ਤੇ ਪੈਰ ਰੱਖ ਕੇ ਉੱਥੇ ਕਾਫ਼ੀ ਚਿਰ ਖੜੇ ਸੇਵਾ ਕਰਦੇ ਰਿਸ਼ੀ ਵੱਲ ਤੱਕਦੇ ਰਹੇ। ਇੱਟ ਜਾਂ ਬੀਠ ਦਾ ਸਹਾਰਾ ਲੈ ਕੇ ਸ੍ਰੀ ਕ੍ਰਿਸ਼ਨ ਜੀ ਦੇ ਖੜੇ ਰਹਿਣ ਕਰਕੇ ਉਨ੍ਹਾਂ ਦਾ ਨਾਂਅ 'ਬੀਠਲ' ਪੈ ਗਿਆ। ਭਗਤ ਨਾਮਦੇਵ ਜੀ ਨੇ ਆਪਣੀ ਬਾਣੀ ਵਿਚ ਇਸ 'ਬੀਠਲ' ਸ਼ਬਦ ਦੀ ਕਈ ਵਾਰ ਵਰਤੋਂ ਕੀਤੀ ਹੈ ਪਰ ਉੱਥੇ ਇਹ ਸ਼ਬਦ ਸਰਬ-ਵਿਆਪਕ ਅਤੇ ਸਰਬ-ਸਮਰੱਥ ਪਰਮਾਤਮਾ ਦਾ ਹੀ ਭਾਵ ਰੱਖਦਾ ਹੈ। ਇਸ 'ਬੀਠਲ' ਸ਼ਬਦ ਜਾਂ ਨਾਮ ਦੀ ਵਰਤੋਂ ਭਗਤ ਤ੍ਰਿਲੋਚਨ ਜੀ, ਭਗਤ ਕਬੀਰ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰੀ ਗਈ ਬਾਣੀ ਵਿਚ ਕੀਤੇ ਜਾਣ ਤੋਂ ਵੀ ਇਹ ਸੁਤੇ-ਸਿਧ ਸਾਬਤ ਹੋ ਜਾਂਦਾ ਹੈ ਕਿ ਗੁਰਬਾਣੀ ਵਿਚ 'ਬੀਠਲ' ਨਾਮ ਸ੍ਰੀ ਕ੍ਰਿਸ਼ਨ ਜੀ ਲਈ ਨਹੀਂ ਵਰਤਿਆ ਗਿਆ ਬਲਕਿ ਇਹ ਨਾਮ ਕੇਵਲ ਇੱਕੋ-ਇੱਕ ਪਰਮਾਤਮਾ ਦਾ ਹੀ ਅਰਥ ਰੱਖਦਾ ਹੈ।

ਭਗਤ ਨਾਮਦੇਵ ਜੀ ਨੇ ਰਾਗ ਆਸਾ ਦੇ ਆਪਣੇ ਇਕ ਸ਼ਬਦ ਵਿਚ 'ਬੀਠਲ' ਨਾਮ ਸੱਤ ਵਾਰ ਵਰਤਿਆ ਹੈ। ਇਹ ਪਵਿੱਤਰ ਸ਼ਬਦ ਇਸ ਪ੍ਰਕਾਰ ਹੈ :

*ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥*
*ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ॥੧॥*
*ਜਤ੍ਰ ਜਾਉ ਤਤ ਬੀਠਲੁ ਭੈਲਾ ॥ ਮਹਾ ਅਨੰਦ ਕਰੇ ਸਦ ਕੇਲਾ ॥੧॥ ਰਹਾਉ ॥*
*ਆਨੀਲੇ ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ ॥*
*ਪਹਿਲੇ ਬਾਸੁ ਲਈ ਹੈ ਭਵਰਹ ਬੀਠਲ ਭੈਲਾ ਕਾਇ ਕਰਉ ॥੨॥*
*ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ ॥*
*ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ ॥੩॥*
*ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ ॥*
*ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ ॥੪॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੫)*

ਇਸ ਸ਼ਬਦ ਵਿਚ ਭਗਤ ਨਾਮਦੇਵ ਜੀ ਆਰਤੀ ਜਾਂ ਹਵਨ ਦੀ ਸਮੱਗਰੀ ਬਾਰੇ ਇਕ ਠੋਸ ਤਰਕ ਪੇਸ਼ ਕਰਦੇ ਹਨ ਕਿ ਜਿਸ ਜਲ ਨਾਲ ਮੂਰਤੀ ਨੂੰ ਇਸ਼ਨਾਨ ਕਰਾਇਆ ਜਾਂਦਾ ਹੈ, ਉਹ ਜਲ ਤਾਂ ਉਸ ਵਿਚ ਰਹਿੰਦੇ ਜੀਵਾਂ ਨੇ ਪਹਿਲਾਂ ਹੀ ਜੂਠਾ ਕੀਤਾ ਹੋਇਆ

ਹੈ, ਫਿਰ ਇਹ ਮੂਰਤੀ ਨੂੰ ਸੁੱਚਾ ਕਰਨ ਲਈ ਕਾਹਦਾ ਇਸ਼ਨਾਨ ਹੋਇਆ? ਜਿਨ੍ਹਾਂ ਫੁੱਲਾਂ ਦੀ ਮਾਲਾ ਬਣਾ ਕੇ ਭਗਵਾਨ ਦੀ ਮੂਰਤੀ ਨੂੰ ਪੇਸ਼ ਕੀਤੀ ਜਾਂਦੀ ਹੈ, ਉਨ੍ਹਾਂ ਫੁੱਲਾਂ ਦੀ ਖੁਸ਼ਬੋ ਤਾਂ ਭੌਰੇ ਨੇ ਪਹਿਲਾਂ ਹੀ ਲੈ ਕੇ ਉਨ੍ਹਾਂ ਨੂੰ ਜੂਠਾ ਕਰ ਦਿੱਤਾ ਹੁੰਦਾ ਹੈ। ਜਿਸ ਦੁੱਧ ਦੀ ਖੀਰ ਬਣਾ ਕੇ ਠਾਕੁਰ (ਬੀਠਲ) ਦੀ ਮੂਰਤੀ ਨੂੰ ਭੋਗ ਲਵਾਇਆ ਜਾਂਦਾ ਹੈ, ਉਸ ਦੁੱਧ ਨੂੰ ਤਾਂ ਪਹਿਲਾਂ ਹੀ ਵੱਛੇ ਨੇ ਗਊ ਦੇ ਥਣਾਂ ਨੂੰ ਚੁੰਘ ਕੇ ਜੂਠਾ ਕਰ ਦਿੱਤਾ ਹੁੰਦਾ ਹੈ। ਇਸ ਤਰ੍ਹਾਂ ਕਰਮ-ਕਾਂਡ ਨੂੰ ਵਿਅਰਥ ਸਾਬਤ ਕਰਦੇ ਹੋਏ ਭਗਤ ਨਾਮਦੇਵ ਜੀ ਸਮਝਾਉਂਦੇ ਹਨ ਕਿ ਪਰਮਾਤਮਾ ਕਿਸੇ ਵਿਸ਼ੇਸ਼ ਮੂਰਤੀ ਦੇ ਵਿਚ ਹੀ ਸੀਮਤ ਨਹੀਂ, ਉਹ ਤਾਂ ਜਿੱਥੇ ਵੀ ਜਾਓ ਉੱਥੇ ਹੀ ਮੌਜੂਦ ਹੈ। ਸ਼ਬਦ ਦੇ ਰਹਾਉ ਦੀਆਂ ਪੰਕਤੀਆਂ ਵਿਚ— *ਜਤ੍ਰ ਜਾਉ ਤਤ ਬੀਠਲੁ ਭੈਲਾ* ਕਹਿ ਕੇ ਇਸ ਤੱਥ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ। ਈਭੈ (ਉੱਪਰ), ਊਭੈ (ਹੇਠਾਂ) ਅਤੇ ਥਾਨ ਥਨੰਤਰਿ (ਉੱਪਰ-ਹੇਠਾਂ ਦੇ ਵਿਚਕਾਰ ਭਾਵ ਹਰ ਥਾਂ) ਬੀਠਲ ਦੀ ਮੌਜੂਦਗੀ— *ਈਭੈ ਬੀਠਲੁ ਊਭੈ ਬੀਠਲੁ ਅਤੇ ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ* ਕਹਿ ਕੇ ਦਰਸਾਈ ਗਈ ਹੈ। ਅਜਿਹੇ ਠਾਕੁਰ ਜਾਂ ਬੀਠਲ ਨੂੰ ਇੱਕ ਮੂਰਤੀ ਤੱਕ ਹੀ ਕਿਵੇਂ ਸੀਮਤ ਕੀਤਾ ਜਾ ਸਕਦਾ ਹੈ?

ਭਗਤ ਨਾਮਦੇਵ ਜੀ ਗੋਂਡ ਰਾਗ ਦੇ ਇਕ ਸ਼ਬਦ ਵਿਚ ਸੰਸਾਰ-ਸਮੁੰਦਰ ਤੋਂ ਪਾਰ ਹੋਣ ਲਈ ਪਰਮਾਤਮਾ ਅੱਗੇ ਜੋਦੜੀ ਕਰਦੇ ਹੋਏ ਫੁਰਮਾਉਂਦੇ ਹਨ :

*ਮੋ ਕਉ ਤਾਰਿ ਲੇ ਰਾਮਾ ਤਾਰਿ ਲੇ ॥*
*ਮੈ ਅਜਾਨੁ ਜਨੁ ਤਰਿਬੇ ਨ ਜਾਨਉ ਬਾਪ ਬੀਠੁਲਾ ਬਾਹ ਦੇ ॥੧॥ ਰਹਾਉ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੩)*

ਇਸੇ ਤਰ੍ਹਾਂ ਦੀ ਬੇਨਤੀ ਰਾਗ ਬਸੰਤੁ ਵਿਚ ਵੀ ਆਪ ਜੀ ਕਰਦੇ ਹਨ :

*ਲੋਭ ਲਹਰਿ ਅਤਿ ਨੀਝਰ ਬਾਜੈ ॥ ਕਾਇਆ ਡੂਬੈ ਕੇਸਵਾ ॥੧॥*
*ਸੰਸਾਰੁ ਸਮੁੰਦੇ ਤਾਰਿ ਗੋੁਬਿੰਦੇ ॥ ਤਾਰਿ ਲੈ ਬਾਪ ਬੀਠੁਲਾ ॥੧॥ ਰਹਾਉ ॥*
*ਅਨਿਲ ਬੇੜਾ ਹਉ ਖੇਵਿ ਨ ਸਾਕਉ ॥ ਤੇਰਾ ਪਾਰੁ ਨ ਪਾਇਆ ਬੀਠੁਲਾ ॥੨॥*
*ਹੋਹੁ ਦਇਆਲੁ ਸਤਿਗੁਰੁ ਮੇਲਿ ਤੂ ਮੋ ਕਉ ॥ ਪਾਰਿ ਉਤਾਰੇ ਕੇਸਵਾ ॥੩॥*
*ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥ ਮੋ ਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥੪॥੨॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੯੬)*

ਇਸ ਸ਼ਬਦ ਵਿਚ ਪਰਮਾਤਮਾ ਵਾਸਤੇ 'ਬੀਠਲ' ਨਾਮ ਦੇ ਨਾਲ ਹੀ ਪਰਮਾਤਮਾ ਲਈ ਹੋਰ ਪ੍ਰਚਲਿਤ ਨਾਮ ਗੋਬਿੰਦ ਅਤੇ ਕੇਸਵਾ ਦੀ ਵੀ ਵਰਤੋਂ ਕੀਤੀ ਗਈ ਹੈ। ਉੱਪਰ ਦਰਸਾਏ ਗਏ ਰਾਗ ਗੋਂਡ ਦੇ ਸ਼ਬਦ ਵਿਚ ਆਏ ਪਵਿੱਤਰ ਕਥਨ ਵਿਚ ਵੀ ਰਾਮਾ ਅਤੇ ਬੀਠੁਲਾ ਸ਼ਬਦਾਂ ਦੀ ਵਰਤੋਂ ਹੋਈ ਹੈ। ਇਹ ਸਾਰੇ ਨਾਮ ਇੱਕੋ-ਇੱਕ ਪਰਮਾਤਮਾ ਲਈ ਵਰਤੇ ਗਏ ਹਨ ਨਾ ਕਿ ਕਹੇ ਜਾਂਦੇ ਅਵਤਾਰਾਂ— ਸ੍ਰੀ ਰਾਮਚੰਦ ਜੀ ਜਾਂ ਸ੍ਰੀ ਕ੍ਰਿਸ਼ਨ ਜੀ ਲਈ। ਇਹ ਅਵਤਾਰ ਤਾਂ ਉਸ ਸਰਬ-ਕਾਲੀ, ਸਰਬ-ਸਮਰੱਥ ਅਤੇ ਸਰਬ-ਵਿਆਪਕ

ਪਰਮਾਤਮਾ ਦੁਆਰਾ ਹੀ ਪੈਦਾ ਕੀਤੇ ਹੋਏ ਹਨ। ਰਾਗੁ ਬਿਲਾਵਲੁ ਗੋਂਡ ਦੇ ਸਿਰਲੇਖ ਹੇਠ ਦਰਜ ਸ਼ਬਦ ਵਿਚ ਭਗਤ ਨਾਮਦੇਵ ਜੀ ਨੇ ਗਾਇਤ੍ਰੀ, ਮਹਾਂਦੇਵ ਅਤੇ ਰਾਮਚੰਦਰ ਜੀ ਦੀ ਗੱਲ ਕਰਦੇ ਹੋਏ ਇਨ੍ਹਾਂ ਤੋਂ ਉੱਪਰ ਪਰਮਾਤਮਾ (ਬੀਠਲ) ਨੂੰ ਮੰਨਣ ਦੀ ਪ੍ਰੇਰਨਾ ਦਿੱਤੀ ਹੋਈ ਹੈ। ਜੇਕਰ ਭਗਤ ਨਾਮਦੇਵ ਜੀ ਆਪਣੀ ਸਾਰੀ ਬਾਣੀ ਵਿਚ ਪਰਮਾਤਮਾ ਦੇ ਵੱਖ-ਵੱਖ ਕਿਰਤਮ ਨਾਮ ਵਰਤਣ ਦੀ ਥਾਂ 'ਤੇ ਕੇਵਲ 'ਬੀਠਲ' ਨਾਮ ਦੀ ਹੀ ਵਰਤੋਂ ਕਰਦੇ ਤਾਂ ਸ਼ਾਇਦ ਇਹ ਮੰਨਿਆ ਜਾ ਸਕਦਾ ਸੀ ਕਿ ਉਹ ਸ੍ਰੀ ਕ੍ਰਿਸ਼ਨ ਜੀ ਨੂੰ ਹੀ ਸੰਬੋਧਿਤ ਹੋ ਰਹੇ ਹਨ ਪਰ ਭਗਤ ਨਾਮਦੇਵ ਜੀ ਨੇ ਆਪਣੀ ਬਾਣੀ ਵਿਚ ਬਹੁਤ ਸਾਰੇ ਪ੍ਰਚਲਿਤ ਨਾਮ (ਕਿਰਤਮ ਨਾਮ) ਪਰਮਾਤਮਾ ਲਈ ਵਰਤੇ ਹੋਏ ਹਨ ਜਿਵੇਂ : ਦੇਵਾ, ਰਾਮ, ਗੋਬਿੰਦ, ਪਾਰਬ੍ਰਹਮ, ਹਰਿ, ਮੁਰਾਰੀ, ਠਾਕੁਰ, ਰਾਮਈਆ, ਮਾਧਉ, ਸਿਆਮ, ਮੁਕੰਦ, ਅਸਪਤਿ, ਗਜਪਤਿ, ਨਰਹਿ ਨਰਿੰਦ, ਜਗਜੀਵਨ, ਨਾਰਾਇਨ, ਬ੍ਰਹਮ, ਕਵਲਾਪਤੀ, ਕੇਸਵ, ਪ੍ਰਭ, ਨਰਹਰੀ, ਸ੍ਰੀ ਰੰਗ, ਰਾਜਾ ਰਾਮ, ਪੀਤਾਂਬਰ, ਤ੍ਰਿਭਵਣ ਧਣੀ, ਭਗਵਾਨ, ਨਿਰੰਜਨ, ਰਾਮ ਰਾਇ, ਗੋਸਾਈ, ਪੁਰਖੋਤਮ, ਸੁਆਮੀ, ਧਨੀ, ਕਰੀਮਾ, ਰਹੀਮਾ, ਅਲਹ, ਗਨੀ, ਮਨੀ, ਹਾਜਰਾ ਹਜੂਰ, ਪਾਤਿਸਾਹ, ਮੀਰ, ਕਲੰਦਰ, ਦਾਨਾ, ਬੀਨਾ, ਬਖਸੰਦ, ਦਿਹੰਦ, ਬਿਸੀਆਰ, ਦਰੀਆਓ, ਧਨੀ ਅਤੇ ਖੁੰਦਕਾਰਾ।

ਕਾਨੜਾ ਰਾਗ ਵਿਚ ਦਰਜ ਸ਼ਬਦ ਵਿਚ ਪਰਮਾਤਮਾ ਦੀ ਹੋਂਦ ਦਾ ਅਹਿਸਾਸ ਕਰਨ ਲਈ ਭਗਤ ਨਾਮਦੇਵ ਜੀ ਨੇ ਦੋ ਪ੍ਰਮਾਣ ਦਿੱਤੇ ਹੋਏ ਹਨ। ਇੱਥੇ ਵੀ ਆਪ ਜੀ ਨੇ ਇੱਕੋ ਸ਼ਬਦ ਵਿਚ ਪਰਮਾਤਮਾ ਨੂੰ ਕੇਵਲ 'ਬੀਠੁਲ' ਵਜੋਂ ਨਹੀਂ ਲਿਖਿਆ ਸਗੋਂ ਪਹਿਲਾਂ *'ਐਸੋ ਰਾਮ ਰਾਇ ਅੰਤਰਜਾਮੀ'* ਕਰਕੇ ਬਿਆਨਿਆ ਹੈ। ਆਪ ਜੀ ਦਾ ਪਵਿੱਤਰ ਫੁਰਮਾਨ ਹੈ:

*ਐਸੋ ਰਾਮ ਰਾਇ ਅੰਤਰਜਾਮੀ ॥ ਜੈਸੇ ਦਰਪਨ ਮਾਹਿ ਬਦਨ ਪਰਵਾਨੀ ॥੧॥ਰਹਾਉ॥*
*ਬਸੈ ਘਟਾ ਘਟ ਲੀਪ ਨ ਛੀਪੈ ॥ ਬੰਧਨ ਮੁਕਤਾ ਜਾਤੁ ਨ ਦੀਸੈ ॥੧॥*
*ਪਾਨੀ ਮਾਹਿ ਦੇਖੁ ਮੁਖੁ ਜੈਸਾ ॥ ਨਾਮੇ ਕੋ ਸੁਆਮੀ ਬੀਠਲੁ ਐਸਾ ॥੨॥੧॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੧੮)*

ਭਾਵ ਜਿਵੇਂ ਸ਼ੀਸ਼ੇ ਵਿਚ ਆਪਣੇ ਸਰੀਰ ਦਾ ਅਕਸ ਵੇਖ ਲਈਦਾ ਹੈ ਅਤੇ ਜਿਵੇਂ ਪਾਣੀ ਵਿੱਚੋਂ ਆਪਣੇ ਮੂੰਹ ਦਾ ਅਕਸ ਦੇਖ ਸਕੀਦਾ ਹੈ, ਉਵੇਂ ਹੀ ਇਸ ਸ੍ਰਿਸ਼ਟੀ ਵਿਚ ਪਰਮਾਤਮਾ ਨੂੰ ਵਿਆਪਕ ਦੇਖ ਸਕਦੇ ਹਾਂ। ਅਸੀਂ ਆਪਣੀ ਕਾਇਆ ਅਤੇ ਆਪਣੇ ਹਿਰਦੇ ਵਿਚ ਵੀ ਪਰਮਾਤਮਾ ਨੂੰ ਸਮਾਇਆ ਹੋਇਆ ਦੇਖ ਸਕਦੇ ਹਾਂ।

ਪਰਮਾਤਮਾ ਦੇ ਪ੍ਰਤੱਖ ਦਰਸ਼ਨ ਹੋਣ ਦੀ ਗੱਲ ਵੀ ਭਗਤ ਨਾਮਦੇਵ ਜੀ ਨੇ ਆਪਣੀ ਬਾਣੀ ਵਿਚ ਦਰਸਾਈ ਹੋਈ ਹੈ। ਅਸਲ ਵਿਚ ਉਹ ਤਾਂ ਸਾਰੇ ਬ੍ਰਹਿਮੰਡ ਦੇ ਕਣ-ਕਣ ਵਿਚ ਪਰਮਾਤਮਾ ਨੂੰ ਦੇਖ ਰਹੇ ਹਨ। ਸਰਬ-ਵਿਆਪਕ ਪਰਮਾਤਮਾ ਨੂੰ ਉਹ ਹਰ ਥਾਂ ਅਤੇ ਹਰ ਜੀਵ ਵਿਚ ਦੇਖ ਸਕਣ ਵਾਲੇ ਬ੍ਰਹਮ-ਗਿਆਨ ਦੇ ਨੇਤਰਾਂ ਵਾਲੇ ਮਹਾਂਪੁਰਸ਼ ਹਨ। ਇਸੇ ਲਈ 'ਬੀਠਲ' ਨਾਮ ਦੀ ਪਰਮਾਤਮਾ ਲਈ ਵਰਤੋਂ ਕਰਦੇ

ਹੋਏ ਉਸ ਦੇ ਪ੍ਰਤੱਖ ਦਰਸ਼ਨਾਂ ਦਾ ਐਲਾਨ ਕਰਦੇ ਹਨ :

*ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ ਰਹਾਉ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੪)*

ਪਰਮਾਤਮਾ ਦੀ ਹੋਂਦ ਨੂੰ ਦੇਖਣ ਦੀ ਕੋਸ਼ਿਸ਼ ਬਹੁਤ ਲੋਕ ਕਰਦੇ ਹਨ ਪਰ ਉਹ ਕਿਸੇ ਵਿਸ਼ੇਸ਼ ਜਾਂ ਨਿਸ਼ਚਿਤ ਥਾਂ 'ਤੇ ਲੱਭਦਾ ਹੀ ਨਹੀਂ। ਰਾਗੁ ਗੂਜਰੀ ਦੇ ਇਕ ਸ਼ਬਦ ਵਿਚ ਭਗਤ ਨਾਮਦੇਵ ਜੀ ਇੱਕ ਹੋਰ ਪ੍ਰਮਾਣ ਦੇ ਕੇ ਇਸ ਗੱਲ ਨੂੰ ਸਮਝਾਉਂਦੇ ਹਨ ਅਤੇ ਇਸ ਸ਼ਬਦ ਵਿਚ ਵੀ ਪਰਮਾਤਮਾ ਵਾਸਤੇ ਆਪ ਜੀ ਰਮਈਆ ਅਤੇ ਬੀਠਲ ਦੋਵੇਂ ਨਾਮ ਹੀ ਵਰਤਦੇ ਹਨ। ਆਪ ਜੀ ਦਾ ਫੁਰਮਾਨ ਹੈ :

*ਜਿਉ ਆਕਾਸੈ ਘੜੂਅਲੋ ਮ੍ਰਿਗ ਤ੍ਰਿਸਨਾ ਭਰਿਆ ॥*
*ਨਾਮੇ ਚੇ ਸੁਆਮੀ ਬੀਠਲੋ ਜਿਨਿ ਤੀਨੈ ਜਰਿਆ ॥੩॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੫)*

ਭਾਵ ਜਿਵੇਂ ਖੁੱਲੀ ਥਾਂ (ਅਕਾਸ਼) ਰੂਪੀ ਘੜੇ ਵਿਚ ਦੂਰੋਂ ਜਲ ਪਿਆ ਦਿੱਸਦਾ ਹੈ ਪਰ ਜਿਉਂ-ਜਿਉਂ ਉਸ ਦੇ ਕੋਲ ਜਾਈਏ ਤਾਂ ਉਹ ਥਾਂ ਸਾਡੀ ਨਜ਼ਰ ਤੋਂ ਹੋਰ ਅੱਗੇ ਚਲੀ ਜਾਂਦੀ ਹੈ। ਇਹ ਮ੍ਰਿਗ ਤ੍ਰਿਸ਼ਨਾ ਦੀ ਨਿਆਈਂ ਹੈ। ਇਸੇ ਤਰ੍ਹਾਂ ਬੀਠਲ (ਪਰਮਾਤਮਾ) ਨੂੰ ਕਿਸੇ ਇੱਕ ਵਿਸ਼ੇਸ਼ ਥਾਂ 'ਤੇ ਨਹੀਂ ਲੱਭਿਆ ਜਾ ਸਕਦਾ ਕਿਉਂਕਿ ਉਹ ਤਾਂ ਹਰ ਥਾਂ 'ਤੇ ਹੀ ਮੌਜੂਦ ਹੈ। ਕਿਉਂਕਿ ਮਨੁੱਖ ਲਈ ਅੰਤਰਮੁਖੀ ਹੋ ਕੇ ਆਪਣੇ ਅੰਦਰੋਂ ਹੀ ਪਰਮਾਤਮਾ ਨੂੰ ਦੇਖਣਾ ਅਤੇ ਬਾਹਰ ਦਿੱਸਦੇ ਹਰੇਕ ਜੀਵ ਜਾਂ ਕਣ-ਕਣ ਵਿਚ ਪਰਮਾਤਮਾ ਨੂੰ ਦੇਖਣਾ ਬਹੁਤ ਕਠਿਨ ਮਾਰਗ ਹੈ, ਇਸੇ ਲਈ ਭਗਤ ਨਾਮਦੇਵ ਜੀ ਦੱਸਦੇ ਹਨ ਕਿ ਵਿਰਲੇ ਗੁਰਮੁਖ ਹੀ ਉਸ ਪਰਮਾਤਮਾ ਦਾ ਪ੍ਰਤੱਖ ਦਰਸ਼ਨ ਕਰ ਸਕਦੇ ਹਨ। ਅਨੇਕਾਂ ਸਾਧਨਾ ਕਰਨ ਵਾਲੇ ਸਿੱਧ ਅਤੇ ਰਿਸ਼ੀ-ਮੁਨੀ ਉਸ ਦੇ ਦਰਸ਼ਨਾਂ ਨੂੰ ਲੋਚਦੇ ਹਨ ਪਰ ਇਹ ਦਰਸ਼ਨ ਕਰਨ ਵਿਚ ਵਿਰਲੇ ਹੀ ਕਾਮਯਾਬ ਹੁੰਦੇ ਹਨ। ਸਾਰੇ ਬ੍ਰਹਿਮੰਡਾਂ ਦਾ ਮਾਲਕ ਬੀਠਲ (ਪਰਮਾਤਮਾ) ਭਗਤ ਨਾਮਦੇਵ ਜੀ ਦੇ ਮਨ ਵਿਚ ਵੱਸਿਆ ਹੋਇਆ ਹੈ। ਆਪ ਜੀ ਦਾ ਫੁਰਮਾਨ ਹੈ :

*ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ ਡੀਠੁਲਾ ॥*
*ਸਗਲ ਭਵਣ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ ॥੫॥੩॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੩)*

ਧਨਾਸਰੀ ਰਾਗ ਦੇ ਇਕ ਸ਼ਬਦ ਦੀਆਂ ਇਹ ਅੰਤਲੀਆਂ ਪੰਕਤੀਆਂ ਹਨ। ਪੰਜ ਪਦਿਆਂ ਵਾਲੇ ਇਸ ਸ਼ਬਦ ਵਿਚ ਪਰਮਾਤਮਾ ਲਈ ਇਕ ਵਾਰ 'ਬੀਠੁਲਾ' ਸ਼ਬਦ ਵਰਤਣ ਦੇ ਨਾਲ-ਨਾਲ ਭਗਤ ਨਾਮਦੇਵ ਜੀ ਨੇ ਪੰਜ ਵਾਰ 'ਰਾਮਈਆ' ਨਾਮ ਵੀ ਪਰਮਾਤਮਾ ਲਈ ਵਰਤਿਆ ਹੋਇਆ ਹੈ। ਇਸ ਤਰ੍ਹਾਂ ਆਪ ਜੀ ਦੀ ਦ੍ਰਿਸ਼ਟੀ ਵਿਚ 'ਰਾਮਈਆ' ਅਤੇ 'ਬੀਠੁਲ' ਇੱਕੋ-ਇੱਕ ਪਰਮਾਤਮਾ ਦੇ ਹੀ ਬੜੇ ਪਿਆਰੇ ਕਿਰਤਮ ਨਾਮ ਹਨ।

ਜਦੋਂ ਉੱਚ-ਜਾਤੀ ਦੇ ਲੋਕ ਭਗਤ ਨਾਮਦੇਵ ਜੀ ਨੂੰ ਪਰਮਾਤਮਾ ਦੀ ਭਗਤੀ

ਕਰਨ ਤੋਂ ਵਰਜਦੇ ਹਨ ਤਾਂ ਆਪ ਜੀ ਪਰਮਾਤਮਾ ਅੱਗੇ ਇਸ ਵਿਤਕਰੇ ਸੰਬੰਧੀ ਜ਼ਿਕਰ ਕਰਦੇ ਹੋਏ ਜੋਦੜੀ ਕਰਦੇ ਹਨ ਕਿ ਪਰਮਾਤਮਾ ਉਨ੍ਹਾਂ ਨੂੰ ਕਦੇ ਨਾ ਵਿਸਾਰੇ। ਅਖੌਤੀ ਉੱਚ-ਜਾਤੀ ਦੇ ਲੋਕ ਭਗਤ ਜੀ ਨੂੰ 'ਸੂਦੁ ਸੂਦੁ' ਕਰ ਕੇ ਪਰੇ ਧੱਕਦੇ ਹਨ ਤਾਂ ਆਪ ਜੀ ਪਰਮਾਤਮਾ ਤੋਂ ਜੀਵਨ-ਮੁਕਤੀ ਦੇ ਲਈ ਪ੍ਰਾਰਥਨਾ ਕਰਦੇ ਹੋਏ ਪਰਮਾਤਮਾ ਨੂੰ 'ਰਾਮਈਆ' ਅਤੇ 'ਬੀਠੁਲ' ਨਾਵਾਂ ਨਾਲ ਪੁਕਾਰਦੇ ਹੋਏ ਕਹਿੰਦੇ ਹਨ :

*ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ ॥ ਤੂ ਨ ਬਿਸਾਰੇ ਰਾਮਈਆ ॥੧॥ ਰਹਾਉ॥*
*ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ ॥*
*ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ ੧੨੯੨)*

ਮੁਸਲਮਾਨ ਹਾਕਮ ਭਗਤ ਨਾਮਦੇਵ ਜੀ ਨੂੰ 'ਰਾਮ' ਕਹਿਣ ਦੀ ਥਾਂ 'ਅੱਲਾ' ਕਹਿਣ ਲਈ ਜ਼ਬਰਦਸਤੀ ਹੁਕਮ ਕਰਦਾ ਹੈ ਤਾਂ ਇਹ ਜ਼ਬਰਦਸਤੀ ਰਾਮ-ਅੱਲ੍ਹਾ ਨੂੰ ਇੱਕ ਸਮਝਣ ਵਾਲੇ ਭਗਤ ਜੀ ਨੂੰ ਪ੍ਰਵਾਨ ਨਹੀਂ ਹੁੰਦੀ। ਸੁਲਤਾਨ ਜਦੋਂ ਭਗਤ ਜੀ ਨੂੰ ਇਸ ਪੱਖੋਂ ਵੰਗਾਰਦਾ ਹੈ ਤਾਂ ਇਹ ਧਮਕੀ ਦਿੰਦਿਆਂ ਉਸ ਦੇ ਮੂੰਹੋਂ ਵੀ 'ਹਰਿ', 'ਰਾਮ' ਅਤੇ 'ਬੀਠੁਲਾ' ਤਿੰਨ ਨਾਮ ਨਿਕਲਦੇ ਹਨ। ਭਗਤ ਨਾਮਦੇਵ ਜੀ ਨੇ ਸੁਲਤਾਨ ਦੀ ਇਸ ਵੰਗਾਰ ਨੂੰ ਇਉਂ ਕਲਮਬੰਦ ਕੀਤਾ ਹੋਇਆ ਹੈ :

*ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥ ਦੇਖਉ ਰਾਮ ਤੁਮ੍ਹਾਰੇ ਕਾਮਾ ॥੧॥*
*ਨਾਮਾ ਸੁਲਤਾਨੇ ਬਾਧਿਲਾ ॥ ਦੇਖਉ ਤੇਰਾ ਹਰਿ ਬੀਠੁਲਾ ॥੧॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੫)*

ਸ੍ਰਿਸ਼ਟੀ ਦੀ ਰਚਨਾ ਕਰਨ ਵਾਲਾ ਪਰਮਾਤਮਾ ਹੈ। ਉਹ ਇਸ ਸ੍ਰਿਸ਼ਟੀ ਦਾ ਕਰਤਾ ਹੈ। ਭਗਤ ਨਾਮਦੇਵ ਜੀ ਦੱਸਦੇ ਹਨ ਕਿ ਜਿਵੇਂ ਮਿੱਟੀ ਤੋਂ ਘੜਾ ਬਣਦਾ ਹੈ ਉਵੇਂ ਹੀ ਉਸ ਪਰਮਾਤਮਾ ਦੀ ਜੋਤ ਤੋਂ ਇਹ ਸ੍ਰਿਸ਼ਟੀ ਬਣਦੀ ਹੈ। ਇੱਥੇ ਵੀ ਆਪ ਜੀ ਉਸ ਪਰਮਾਤਮਾ ਨੂੰ 'ਕਰਤਾ ਬੀਠੁਲੁ ਦੇਉ' ਆਖਦੇ ਹਨ :

*ਜਿਉ ਪ੍ਰਗਾਸਿਆ ਮਾਟੀ ਕੁੰਭੇਉ ॥*
*ਆਪ ਹੀ ਕਰਤਾ ਬੀਠੁਲੁ ਦੇਉ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ ੧੩੫੧)*

ਭਗਤ ਨਾਮਦੇਵ ਜੀ ਨੂੰ 'ਬੀਠਲ' ਨਾਮ ਬਹੁਤ ਹੀ ਪਿਆਰਾ ਹੈ। ਇਸੇ ਲਈ ਉਹ ਇਸ ਨਾਮ ਦੇ ਨਾਲ ਚਾਰ ਵਾਰ 'ਬਾਪ' ਸ਼ਬਦ ਜੋੜਦੇ ਹਨ। ਸੱਚਮੁਚ ਹੀ ਭਗਤਾਂ ਵਾਸਤੇ ਪਰਮਾਤਮਾ ਮਾਤਾ-ਪਿਤਾ ਹੀ ਹੈ। ਕੇਵਲ ਮਾਤਾ-ਪਿਤਾ ਹੀ ਨਹੀਂ, ਸਗੋਂ ਸਭ ਕੁਝ ਉਨ੍ਹਾਂ ਲਈ ਪਰਮਾਤਮਾ ਹੀ ਹੈ। ਆਪ ਜੀ ਬੜੇ ਲਾਡ-ਪਿਆਰ ਨਾਲ ਪਰਮਾਤਮਾ ਨੂੰ ਸੰਬੋਧਨ ਕਰਦੇ ਹਨ :

*ਮੇਰੋ ਬਾਪੁ ਮਾਧਉ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ ॥੧॥ ਰਹਾਉ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੮੮)* ■

# ਭਗਤ ਨਾਮਦੇਵ ਜੀ : ਜੀਵਨ ਤੇ ਵਿਚਾਰਧਾਰਾ

*-ਸ. ਬਲਵਿੰਦਰ ਸਿੰਘ 'ਗੰਭੀਰ'**

ਮਾਨਵਤਾ ਦੇ ਸੱਚੇ ਦਰਦੀ, ਸ਼ਾਂਤ-ਚਿੱਤ, ਸੰਜਮੀ ਜੀਵਨ ਦੇ ਮੁਜੱਸਮੇ, ਸਹਿਜ ਨੂੰ ਪ੍ਰਾਪਤ ਅਤੇ ਸਮੁੱਚੀ ਲੋਕਾਈ ਦੇ ਭਲੇ ਦਾ ਹੋਕਾ ਦੇਣ ਵਾਲੇ ਭਗਤ ਨਾਮਦੇਵ ਜੀ ਦਾ ਜਨਮ ਮਹਾਰਾਸ਼ਟਰ ਪ੍ਰਾਂਤ ਦੇ ਪਿੰਡ ਨਰਸੀ-ਬਾਮਨੀ ਵਿਖੇ ਪਿਤਾ ਦਾਮਸ਼ੇਟੀ ਦੇ ਘਰ ਮਾਤਾ ਗੋਨਾਬਾਈ ਦੀ ਕੁੱਖੋਂ ਹੋਇਆ। ਇਹ ਪਿੰਡ ਹਜ਼ੂਰ ਸਾਹਿਬ ਤੋਂ ਕੋਈ ਦਸ ਕਿਲੋਮੀਟਰ ਦੂਰ ਅਤੇ ਹਿੰਗੋਲੀ ਤੋਂ ਸੋਲਾਂ ਕਿਲੋਮੀਟਰ ਦੀ ਵਿੱਥ 'ਤੇ ਹੈ। ਆਪ ਦੇ ਪਿਤਾ ਕੱਪੜੇ ਸਿਊਣ ਅਤੇ ਰੰਗਣ ਦਾ ਕੰਮ ਕਰਦੇ ਸਨ। ਜਦੋਂ ਆਪ ਥੋੜ੍ਹੇ ਵੱਡੇ ਹੋਏ ਆਪ ਜੀ ਦੀ ਸ਼ਾਦੀ ਗੋਬਿੰਦ ਸ਼ੇਟੀ ਜੀ (ਗੋਬਿੰਦ ਸੇਠ) ਦੀ ਬੇਟੀ ਰਾਜਾਬਾਈ ਨਾਲ ਕਰ ਦਿੱਤੀ ਗਈ। ਆਪ ਜੀ ਦੇ ਘਰ ਚਾਰ ਪੁੱਤਰ (ਨਾਰਾਇਣ, ਮਹਾਂਦੇਵ, ਗੋਵਿੰਦ, ਵਿਠਲ) ਅਤੇ ਇਕ ਧੀ (ਲਿੰਬਾ ਬਾਈ) ਪੈਦਾ ਹੋਏ।

ਆਪ ਜੀ ਦੇ ਪਿਤਾ ਧਾਰਮਿਕ ਰੁਚੀਆਂ ਵਾਲੇ ਸਨ। ਇਹੀ ਕਾਰਨ ਸੀ ਕਿ ਆਪ ਜੀ ਦੀ ਬਿਰਤੀ ਵੀ ਧਾਰਮਿਕ ਰੁਚੀਆਂ ਵਾਲੀ ਸੀ। ਬਚਪਨ ਤੋਂ ਹੀ ਆਪ ਹਮੇਸ਼ਾਂ ਡੂੰਘੇ ਚਿੰਤਨ ਵਿਚ ਲਿਵਲੀਨ ਰਹਿੰਦੇ ਸਨ। ਆਪ ਜੀ ਨੂੰ ਸੰਤਾਂ-ਭਗਤਾਂ ਦੀ ਸੰਗਤ ਵਿਚ ਹੀ ਸੰਤੁਸ਼ਟੀ ਪ੍ਰਾਪਤ ਹੁੰਦੀ ਸੀ। ਆਪ ਜੀ ਦੀ ਲਗਨ ਸ਼ੁਰੂ ਤੋਂ ਹੀ ਪ੍ਰਭੂ-ਭਗਤੀ ਵੱਲ ਆਕਰਸ਼ਿਤ ਸੀ। ਆਪ ਹਰ ਗੱਲ ਧਿਆਨ ਨਾਲ ਸੁਣਦੇ ਅਤੇ ਉਸ ਨੂੰ ਗੁਣ-ਔਗੁਣ ਦੇ ਆਧਾਰ 'ਤੇ ਹੀ ਗ੍ਰਹਿਣ ਕਰਦੇ ਸਨ। ਇਸੇ ਕਰਕੇ ਆਪ ਜੀ ਭਾਰਤ ਦੇ ਸਮਦਰਸ਼ੀ ਬ੍ਰਹਮ-ਗਿਆਤਾ, ਮਿੱਠ-ਬੋਲੜੇ ਤੇ ਸਿਰਮੌਰ ਭਗਤ ਹੋ ਨਿੱਬੜੇ। ਭਾਵੇਂ ਆਪ ਜੀ ਦੇ ਪਿਤਾ ਜੀ ਠਾਕਰਾਂ ਦੀ ਪੂਜਾ ਕਰਿਆ ਕਰਦੇ ਸਨ, ਪਰ ਆਪ ਨੇ ਸਰਗੁਣ ਤੋਂ ਨਿਰਗੁਣ ਵੱਲ ਕ੍ਰਾਂਤੀਕਾਰੀ ਮੋੜ ਕੱਟਿਆ ਜਿਸ ਕਾਰਨ ਉਹ ਬੁੱਤ-ਪੂਜਾ ਅਤੇ ਹੋਰ ਕਰਮ-ਕਾਂਡਾਂ ਤੋਂ ਉੱਪਰ ਉੱਠ ਗਏ ਸਨ।

ਆਪ ਜੀ ਦੇ ਦੇਹਾਂਤ ਬਾਰੇ ਵੀ ਵੱਖ-ਵੱਖ ਵਿਦਵਾਨਾਂ ਦੀ ਵੱਖ-ਵੱਖ ਰਾਏ ਹੈ, ਪਰ ਸਿੱਟਾ ਇਹ ਹੀ ਕੱਢਿਆ ਜਾ ਸਕਦਾ ਹੈ ਕਿ ਆਪ ਜੀ ਦਾ ਦੇਹਾਂਤ ੧੩੫੦ ਈ. ਨੂੰ ਘੁਮਾਣ ਵਿਖੇ ਹੋਇਆ। ਉੱਥੇ ਆਪ ਜੀ ਦੀ ਯਾਦਗਾਰ ਬਣੀ ਹੋਈ ਹੈ। ਉੱਥੇ ਹਰ ਸਾਲ ਮਾਘੀ ਦੀ ਦੂਜ ਨੂੰ ਭਾਰੀ ਮੇਲਾ ਲੱਗਦਾ ਹੈ। ਇੱਥੇ ਹੀ ਆਪ ਜੀ ਨੇ ਜ਼ਿੰਦਗੀ ਦੇ ਅਠਾਰ੍ਹਾਂ ਸਾਲ ਦੇ ਲੱਗਭਗ ਸਮਾਂ ਗੁਜ਼ਾਰਿਆ, ਮੰਨਿਆ ਜਾਂਦਾ ਹੈ।

ਆਪ ਨਿਰਗੁਣ ਧਾਰਾ ਦੇ ਅਨੁਯਾਈ ਸਨ। ਆਪ ਜੀ ਦੀ ਬਾਣੀ ਵਿਚ

**#੧੯੧, ਬਲਾਕ ਸੀ, ਗਰੇਟਰ ਕੈਲਾਸ਼, ਬੈਕਸਾਈਡ ਸੰਸਕ੍ਰਿਤੀ ਸਕੂਲ, ਬਟਾਲਾ-੧੪੩੫੦੫; (ਜ਼ਿਲ੍ਹਾ ਗੁਰਦਾਸਪੁਰ) ਮੋ. +੯੧੯੪੬੪੭੫੬੮੯੧*

ਪਰਮਾਤਮਾ ਦੀ ਸਰਬ-ਵਿਆਪਕਤਾ, ਉਸ ਦੀ ਪ੍ਰੇਮਾ-ਭਗਤੀ ਅਥਵਾ ਨਾਮ-ਸਿਮਰਨ ਉੱਪਰ ਜ਼ੋਰ ਦਿੱਤਾ ਗਿਆ ਹੈ। ਆਪ ਨੇ ਉਸ ਸਮੇਂ ਦੇ ਸਮਾਜ ਵਿਚ ਆਈਆਂ ਕੁਰੀਤੀਆਂ ਦੇ ਚੰਗੀ ਤਰ੍ਹਾਂ ਬਖੀਏ ਉਧੇੜੇ ਹਨ, ਜਿਵੇਂ: ਮੂਰਤੀ-ਪੂਜਾ, ਵਰਨ-ਵੰਡ 'ਤੇ ਆਧਾਰਿਤ ਜਾਤ-ਪਾਤ, ਦਾਨ-ਪੁੰਨ, ਤੀਰਥ-ਯਾਤਰਾ ਅਤੇ ਯੱਗਾਂ ਵਿਚ ਬਲੀਆਂ ਦੇਣੀਆਂ ਆਦਿ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਦੇ ੬੧ ਸਲੋਕ ੧੮ ਰਾਗਾਂ ਵਿਚ ਦਰਜ ਮਿਲਦੇ ਹਨ।

ਆਪ ਜੀ ਦੇ ਆਗਮਨ ਸਮੇਂ ਵਰਨ-ਵੰਡ ਪੂਰੀ ਜ਼ੋਰਾਂ 'ਤੇ ਸੀ। ਅਖੌਤੀ ਨੀਵੀਆਂ ਜਾਤਾਂ ਨਾਲ ਬਹੁਤ ਹੀ ਭੈੜਾ ਵਰਤਾਅ ਕੀਤਾ ਜਾਂਦਾ ਸੀ। ਬ੍ਰਾਹਮਣ ਆਪਣੇ ਆਪ ਨੂੰ ਸਰਵੋਤਮ ਜਾਤ ਮੰਨਦੇ ਸਨ। ਅਖੌਤੀ ਨੀਵੀਆਂ ਜਾਤਾਂ ਨੂੰ ਧਾਰਮਿਕ ਪੁਸਤਕਾਂ ਪੜ੍ਹਨ ਅਤੇ ਮੰਦਰਾਂ ਵਿਚ ਜਾਣ ਦੀ ਮਨਾਹੀ ਸੀ। ਦੂਜੇ ਪਾਸੇ ਮੁਸਲਮਾਨਾਂ ਦਾ ਰਾਜ ਸੀ। ਉਹ ਗ਼ੈਰ-ਮੁਸਲਮਾਨਾਂ 'ਤੇ ਅੱਤਿਆਚਾਰ ਕਰਦੇ ਬੇਲੋੜੇ ਟੈਕਸ ਉਗਰਾਹੁੰਦੇ ਸਨ। ਇਸ ਤਰ੍ਹਾਂ ਭੋਲੀ ਭਾਲੀ ਜਨਤਾ ਬੁਰੀ ਤਰ੍ਹਾਂ ਚੱਕੀ ਵਿਚ ਪਿਸ ਰਹੀ ਸੀ। ਇਸ ਕਰਕੇ ਭਗਤ ਨਾਮਦੇਵ ਜੀ ਨੇ ਉਨ੍ਹਾਂ ਨੂੰ ਅੰਨ੍ਹੇ-ਕਾਣੇ ਆਖਿਆ ਹੈ ਅਤੇ ਜਿਹੜੇ ਸੱਚ ਨਾਲ ਜੁੜੇ ਹਨ ਉਨ੍ਹਾਂ ਨੂੰ ਸਿਆਣੇ ਆਖਿਆ ਹੈ :

*ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੫)*

ਧਾਰਮਿਕ ਕੱਟੜਤਾ ਈਰਖਾ ਨੂੰ ਵੀ ਜਨਮ ਦਿੰਦੀ ਹੈ। ਲੋਕ ਮੰਦਰਾਂ, ਮਸਜਿਦਾਂ ਦੇ ਨਾਮ 'ਤੇ ਹੀ ਲੜਨ-ਮਰਨ ਲਈ ਤਿਆਰ ਹੋ ਜਾਂਦੇ ਹਨ। ਉਨ੍ਹਾਂ ਅੰਦਰੋਂ ਨੈਤਿਕ ਅਤੇ ਦੈਵੀ ਗੁਣ ਖ਼ਤਮ ਹੋ ਜਾਂਦੇ ਹਨ। ਭਗਤ ਜੀ ਫੁਰਮਾਉਂਦੇ ਹਨ :

*ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥*
*ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੭੫)*

ਰੂੜੀਵਾਦੀ ਵਿਚਾਰਧਾਰਾ ਨੂੰ ਵੰਗਾਰ ਕੇ ਨਵੀਂ ਪਰਿਪਾਟੀ ਜਾਂ ਵਿਲੱਖਣ ਸੇਧ ਦੇਣੀ ਇਕ ਇਨਕਲਾਬੀ ਸੁਰ ਦਾ ਪ੍ਰਤੀਕ ਹੈ। ਇਸ ਪ੍ਰਸੰਗ ਵਿਚ ਭਗਤ ਨਾਮਦੇਵ ਜੀ ਦਾ ਜੀਵਨ ਮਹੱਤਵਪੂਰਨ ਹੈ ਅਤੇ ਯੁੱਗ-ਪਲਟਾਊ ਵੀ ਹੈ। ਜਦੋਂ ਉਹ ਤਿੱਖੀ ਸੁਰ ਵਿਚ ਮੂਰਤੀ-ਪੂਜਾ ਦਾ ਖੰਡਨ ਕਰਦੇ ਹਨ ਤਾਂ ਉਦੋਂ ਉਨ੍ਹਾਂ ਦੀ ਇਨਕਲਾਬੀ ਸੁਰ ਪ੍ਰਗਟ ਹੁੰਦੀ ਹੈ :

*ਏਕੈ ਪਾਥਰ ਕੀਜੈ ਭਾਉ ॥*
*ਦੂਜੈ ਪਾਥਰ ਧਰੀਐ ਪਾਉ ॥*
*ਜੇ ਓਹੁ ਦੇਉ ਤ ਓਹੁ ਭੀ ਦੇਵਾ ॥*
*ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੫)*

ਆਪ ਜੀ ਨੇ ਜਾਤ-ਪਾਤ ਨੂੰ ਨਕਾਰਦਿਆਂ ਬਰਾਬਰਤਾ ਦਾ ਸੰਦੇਸ਼ ਦੇ ਕੇ ਸਮੁੱਚੇ

ਭਾਰਤ ਲਈ ਏਕਤਾ ਦੀ ਲਹਿਰ ਚਲਾਈ। ਆਪ ਨੇ ਭਾਰਤ-ਵਾਸੀਆਂ ਦੀ ਮਰ ਚੁੱਕੀ ਅਣਖ ਨੂੰ ਜਗਾਉਣ ਤੇ ਉਨ੍ਹਾਂ ਦੀ ਸਵੈਮਾਣਤਾ ਨੂੰ ਟੁੰਬਣ ਲਈ ਵਿਲੱਖਣ ਕੰਮ ਕੀਤੇ। ਆਪ ਜਾਲਮ ਬਾਦਸ਼ਾਹ ਮੁਹੰਮਦ ਤੁਗਲਕ ਸਾਹਮਣੇ ਜ਼ੁਲਮ ਖਿਲਾਫ ਡਟ ਗਏ। ਉਨ੍ਹਾਂ ਨੇ ਅਨੇਕਾਂ ਪ੍ਰਕਾਰ ਦੇ ਦੁਖ, ਕਸ਼ਟ ਤੇ ਤਸੀਹੇ ਆਪਣੇ ਸਰੀਰ 'ਤੇ ਝੱਲੇ। ਕਿਸੇ ਦੀ ਈਨ ਨਹੀਂ ਮੰਨੀ, ਆਪਣਾ ਧਰਮ ਨਹੀਂ ਛੱਡਿਆ ਅਤੇ ਅਤੇ ਮਾਂ ਦਾ ਰੋਣਾ ਵੀ ਆਪ ਜੀ ਦੇ ਰਸਤੇ ਵਿਚ ਰੋੜਾ ਨਹੀਂ ਬਣ ਸਕਿਆ। ਆਪ ਜੀ ਦਾ ਇਰਾਦਾ ਪਹਾੜ ਵਰਗਾ ਸਖ਼ਤ ਅਤੇ ਸਾਗਰ ਵਰਗਾ ਡੂੰਘਾ ਸੀ :

*ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ॥*
*ਪਿੰਡੁ ਪੜੈ ਤਉ ਹਰਿ ਗੁਨ ਗਾਇ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੯੫)*

ਆਪ ਜੀ ਦੀ ਸਖ਼ਸੀਅਤ ਘੜਨ ਵਿਚ ਵਿਸ਼ੋਭਾ ਖੇਚਰ ਅਤੇ ਗਿਆਨੇਸ਼ਵਰ ਵਰਗੀਆਂ ਮਹਾਨ ਸ਼ਖ਼ਸੀਅਤਾਂ ਦਾ ਬੜਾ ਯੋਗਦਾਨ ਹੈ। ਇਸੇ ਕਰਕੇ ਆਪ ਜੀ ਦਾ ਅਨੁਭਵ ਬੜਾ ਡੂੰਘਾ ਹੈ। ਆਪ ਨੂੰ ਇਤਿਹਾਸ ਤੇ ਮਿਥਿਹਾਸ ਦੀ ਪੂਰੀ ਸੋਝੀ ਹੈ। ਇਸੇ ਕਰਕੇ ਭਗਤ ਜੀ ਨੇ ਵਿਖਾਵੇ ਜਾਂ ਪਖੰਡ ਤੋਂ ਦੂਰ ਰਹਿਣ ਦਾ ਸੰਦੇਸ਼ ਉੱਚੀ ਸੁਰ ਵਿਚ ਦਿੱਤਾ ਹੈ। ਅੰਦਰੋਂ ਵਿਕਾਰਾਂ ਦਾ ਤਿਆਗ ਕਰਨ ਲਈ ਆਪ ਉੱਚੀ ਤੇ ਇਨਕਲਾਬੀ ਸੁਰ ਵਿਚ ਸੰਦੇਸ਼ ਦਿੰਦੇ ਹਨ :

*ਸਾਪੁ ਕੁੰਚ ਛੋਡੈ ਬਿਖੁ ਨਹੀ ਛਾਡੈ ॥*
*ਉਦਕ ਮਾਹਿ ਜੈਸੇ ਬਗੁ ਧਿਆਨੁ ਮਾਡੈ ॥੧॥*
*ਕਾਹੇ ਕਉ ਕੀਜੈ ਧਿਆਨੁ ਜਪੰਨਾ ॥*
*ਜਬ ਤੇ ਸੁਧੁ ਨਾਹੀ ਮਨੁ ਅਪਨਾ ॥੧॥ ਰਹਾਉ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੫)*

ਉਨ੍ਹਾਂ ਦਾ ਪਰਮਾਤਮਾ/ਪਰਮੇਸ਼ਰ ਦਾ ਸਰੂਪ ਸਰਬ-ਵਿਆਪੀ ਹੈ ਅਤੇ ਕਣ-ਕਣ ਵਿਚ ਮੌਜੂਦ ਹੈ। ਉਹ ਹਰੇਕ ਜੀਵ ਦੇ ਅੰਦਰ ਮੌਜੂਦ ਹੈ। ਸਭ ਜੀਵਾਂ ਵਿਚ ਉਸ ਦੀ ਸੱਤਾ ਹੈ:

*-ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥*
*ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥੧॥*
*ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥*
*ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥੧॥ਰਹਾਉ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੫)*

*-ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ ॥*
*ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੫)*

*ਬਾਕੀ ਸਫ਼ਾ ੮੨ 'ਤੇ*

# ਭਗਤ ਨਾਮਦੇਵ ਜੀ

*-ਡਾ. ਗੁਰਪ੍ਰੀਤ ਸਿੰਘ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਜਾਤ-ਪਾਤ, ਊਚ-ਨੀਚ, ਛੂਤ-ਛਾਤ ਤੋਂ ਉੱਪਰ ਉੱਠ ਕੇ ਸਰਬ-ਸਾਂਝੀਵਾਲਤਾ ਦੀ ਗੱਲ ਕਰਦੀ ਹੈ। ਭਾਰਤ ਦੀਆਂ ਅਲੱਗ-ਅਲੱਗ ਜਾਤੀਆਂ, ਧਰਮਾਂ ਦੇ ਉਹ ਭਗਤ ਸਾਹਿਬਾਨ ਜਿਹੜੇ ਇਕ ਅਕਾਲ ਪੁਰਖ ਦੇ ਪੁਜਾਰੀ ਸਨ ਉਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਨੇ ਸਥਾਨ ਦਿੱਤਾ। ਇਨ੍ਹਾਂ ਪੰਦਰਾਂ ਬਾਣੀਕਾਰ ਭਗਤ ਸਾਹਿਬਾਨ ਵਿੱਚੋਂ ਭਗਤ ਨਾਮਦੇਵ ਜੀ ਇਕ ਪ੍ਰਮੁੱਖ ਭਗਤ ਹਨ।

ਭਗਤ ਨਾਮਦੇਵ ਜੀ ਦਾ ਜਨਮ ੧੨੭੦ ਈ. ਨੂੰ ਦਾਮਸ਼ੇਟੀ ਦਰਜੀ ਦੇ ਘਰ ਗੋਨਾਬਾਈ ਦੀ ਕੁੱਖੋਂ ਪਿੰਡ ਨਰਸੀ ਬਾਮਨੀ, ਕ੍ਰਿਸ਼ਨਾ ਨਦੀ ਕਿਨਾਰੇ, ਸਤਾਰਾ ਜ਼ਿਲ੍ਹਾ (ਮੌਜੂਦਾ ਸਮੇਂ ਵਿਚ ਜ਼ਿਲ੍ਹਾ ਹਿੰਗੋਲੀ) ਮਹਾਰਾਸ਼ਟਰ ਵਿਖੇ ਹੋਇਆ।[੧] ਭਗਤ ਨਾਮਦੇਵ ਜੀ ਛੋਟੀ ਉਮਰ ਤੋਂ ਹੀ ਪਰਮਾਤਮਾ ਦੀ ਭਗਤੀ ਵਿਚ ਜੁੜ ਗਏ ਸਨ। ਆਪ ਜੀ ਦੇ ਮਾਤਾ-ਪਿਤਾ ਨੇ ਆਪ ਦਾ ਵਿਆਹ ਛੋਟੀ ਉਮਰ ਵਿਚ ਹੀ ਪੁਰਵਾ ਪਿੰਡ ਦੇ ਗੋਬਿੰਦ ਸੇਠ (ਗੋਬਿੰਦ ਸ਼ੇਟੀ) ਦੀ ਬੇਟੀ ਰਾਜਾਬਾਈ ਨਾਲ ਕਰ ਦਿੱਤਾ ਸੀ।[੨] ਨਾਮਦੇਵ ਜੀ ਦੇ ਚਾਰ ਪੁੱਤਰ ਤੇ ਚਾਰ ਨੂੰਹਾਂ ਸਨ। ਮਾਤਾ-ਪਿਤਾ, ਚਾਰ ਪੁੱਤਰ, ਚਾਰ ਨੂੰਹਾਂ, ਇਕ ਲਿੰਬਾਬਾਈ ਨਾਮ ਦੀ ਧੀ, ਅਉਤਾਈ (ਮੁਕਤਾਬਾਈ) ਨਾਮ ਦੀ ਭੈਣ ਅਤੇ ਜਨਾਬਾਈ ਨਾਮ ਦੀ ਦਾਸੀ, ਕੁੱਲ ਪੰਦਰਾਂ ਜੀਆਂ ਦਾ ਪਰਵਾਰ ਸੀ।[੩]

ਭਗਤ ਨਾਮਦੇਵ ਜੀ ਨੇ ਹਿੰਦੂ ਤੀਰਥਾਂ ਉੱਪਰ ਹੁੰਦੇ ਪਖੰਡਾਂ, ਵਹਿਮਾਂ-ਭਰਮਾਂ, ਮੂਰਤੀ-ਪੂਜਾ ਅਤੇ ਜਾਤ-ਪਾਤ ਦੇ ਵਿਤਕਰੇ ਨੂੰ ਤੋੜਨ ਦਾ ਯਤਨ ਕੀਤਾ। ਇਸ ਤਰ੍ਹਾਂ ਦੇ ਹਵਾਲੇ ਉਨ੍ਹਾਂ ਦੀ ਬਾਣੀ ਵਿਚ ਭਰਪੂਰ ਮਾਤਰਾ ਵਿਚ ਮਿਲਦੇ ਹਨ। ਗਿਆਨਦੇਵ ਜੀ ਅਤੇ ਭਗਤ ਨਾਮਦੇਵ ਜੀ ਨੇ ਪਹਿਲੀ ਤੀਰਥ ਯਾਤਰਾ ਇਕੱਠਿਆਂ ਕੀਤੀ ਸੀ। ਇਸ ਯਾਤਰਾ ਦੌਰਾਨ ਭਗਤ ਨਾਮਦੇਵ ਜੀ ਪੰਡਰਪੁਰ ਤੋਂ ਦਵਾਰਕਾ ਅਤੇ ਪ੍ਰਭਾਸ ਤੀਰਥ ਤੋਂ ਹੁੰਦੇ ਹੋਏ ਮਾਰਵਾੜ ਪਹੁੰਚੇ ਸਨ। ਇਸ ਯਾਤਰਾ ਤੋਂ ਵਾਪਸ ਜਾਣ ਉਪਰੰਤ ਗਿਆਨਦੇਵ ਦੀ ਮੌਤ ਹੋ ਗਈ। ਫਿਰ ਭਗਤ ਨਾਮਦੇਵ ਜੀ ਪੰਡਰਪੁਰ ਤੋਂ ਚੱਲ ਕੇ ਪਹਿਲਾਂ ਦਵਾਰਕਾ, ਫਿਰ ਮਾਰਵਾੜ, ਮਥੁਰਾ, ਹਰਿਦੁਆਰ ਤੋਂ ਹੁੰਦੇ ਹੋਏ ਪੰਜਾਬ ਦੀ ਧਰਤੀ ਵੱਲ ਨਿਕਲੇ। ਪੰਜਾਬ ਵਿਚ ਭਗਤ ਨਾਮਦੇਵ ਜੀ ਨੇ ਸਭ ਤੋਂ ਪਹਿਲਾ ਟਿਕਾਣਾ ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਭੂਤਵਿੰਡ (ਅੱਜਕਲ੍ਹ ਪਿੰਡ ਦਾ ਨਾਂ ਰਾਮਪੁਰ ਹੈ) ਵਿਖੇ ਕੀਤਾ। ਇੱਥੇ ਬੋਹੜ ਦਾਸ ਨਾਮ ਦਾ ਇਕ ਵਿਅਕਤੀ ਭਗਤ ਨਾਮਦੇਵ ਜੀ ਦਾ ਚੇਲਾ ਬਣਿਆ। ਇੱਥੋਂ ਭਗਤ

**ਧਾਰਮਿਕ ਅਧਿਆਪਕ, ਸ੍ਰੀ ਮਾਤਾ ਗੰਗਾ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਬਾਬਾ ਬਕਾਲਾ ਸਾਹਿਬ। ਮੋ: ੮੭੨੫੦-੧੫੧੬੩*

ਨਾਮਦੇਵ ਜੀ ਪਿੰਡ ਮਰੜੀ ਕਲਾਂ ਗਏ। ਮਰੜੀ ਕਲਾਂ ਤੋਂ ਭਗਤ ਜੀ ਪਿੰਡ ਭੱਟੀਵਾਲ ਠਹਿਰੇ। ਭੱਟੀਵਾਲ ਵਿਖੇ ਹੀ ਭਗਤ ਨਾਮਦੇਵ ਜੀ ਕੋਲ ਭਾਈ ਲੱਧਾ ਜੀ ਤੇ ਭਾਈ ਜੱਲੋ ਜੀ ਆਏ ਜੋ ਸੱਖੋਵਾਲ ਅਤੇ ਧਾਰੀਵਾਲ ਪਿੰਡਾਂ ਦੇ ਸਨ। ਭੱਟੀਵਾਲ ਦੇ ਨਾਲ ਹੀ ਪਿੰਡ ਘੁਮਾਣ ਵਿਚ ਭਗਤ ਨਾਮਦੇਵ ਜੀ ਨੇ ਆਪਣੀ ਜ਼ਿੰਦਗੀ ਦੇ ਲੱਗਭਗ ਅਠਾਰ੍ਹਾਂ ਸਾਲ ਗੁਜ਼ਾਰੇ। ਘੁਮਾਣ ਵਿਚ ਰਹਿੰਦਿਆਂ ਭਗਤ ਨਾਮਦੇਵ ਜੀ ਨੇ ਇਸ ਇਲਾਕੇ ਵਿਚ ਬਹੁਤ ਪ੍ਰਚਾਰ ਕੀਤਾ। ਵਿਦਵਾਨਾਂ ਦੇ ਬਹੁਮਤ ਅਨੁਸਾਰ ਭਗਤ ਨਾਮਦੇਵ ਜੀ ਘੁਮਾਣ ਵਿਖੇ ੨ ਮਾਘ ੧੪੦੬ ਬਿਕ੍ਰਮੀ ਅਰਥਾਤ ਜਨਵਰੀ, ੧੩੫੦ ਈ. ਨੂੰ ਅਕਾਲ ਚਲਾਣਾ ਕਰ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਦੀ ਬਾਣੀ ਦੇ ੬੧ ਸ਼ਬਦ ੧੯ ਰਾਗਾਂ ਵਿਚ ਦਰਜ ਹਨ। ਭਗਤ ਨਾਮਦੇਵ ਜੀ ਆਪਣੀ ਬਾਣੀ ਵਿਚ ਇਕ ਪਰਮਾਤਮਾ ਦੀ ਸਰਵ-ਵਿਆਪਕਤਾ ਬਾਰੇ ਇੰਞ ਦੱਸਦੇ ਹਨ:

*ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੫)*

ਭਗਤ ਨਾਮਦੇਵ ਜੀ ਨੇ ਪਰਮਾਤਮਾ ਨੂੰ ਘਟ-ਘਟ ਵਾਸੀ ਹੋਣ ਦੇ ਨਾਲ-ਨਾਲ ਗਤੀਸ਼ੀਲ ਅਤੇ ਸਾਰੀ ਸ੍ਰਿਸਟੀ ਦੀ ਗਤੀਵਿਧੀ ਨੂੰ ਜਾਣਨ ਤੇ ਸਮਝਣ ਵਾਲਾ ਕਿਹਾ ਹੈ:

*ਨਾਮੇ ਕਾ ਸੁਆਮੀ ਅੰਤਰਜਾਮੀ ਫਿਰੇ ਸਗਲ ਬੇਦੇਸਵਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੭)*

ਭਗਤ ਨਾਮਦੇਵ ਜੀ ਨੇ ਆਪਣੀ ਬਾਣੀ ਵਿਚ ਮੂਰਤੀ-ਪੂਜਾ, ਮੂਰਤੀਆਂ ਨੂੰ ਭੋਗ ਲਾਉਣੇ ਆਦਿਕ ਕਰਮ-ਕਾਂਡਾਂ ਦਾ ਵਿਰੋਧ ਵੀ ਕੀਤਾ ਹੈ:

*ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥*
*ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੫)*

ਭਗਤ ਨਾਮਦੇਵ ਜੀ ਨੇ ਮੂਰਤੀਆਂ ਤੇ ਪੱਥਰਾਂ ਦੀ ਪੂਜਾ ਬਾਰੇ ਸਖਤੀ ਨਾਲ ਮਨਾਹੀ ਕੀਤੀ ਹੈ:

*ਏਕੈ ਪਾਥਰ ਕੀਜੈ ਭਾਉ ॥ ਦੂਜੈ ਪਾਥਰ ਧਰੀਐ ਪਾਉ ॥*
*ਜੇ ਓਹੁ ਦੇਉ ਤ ਓਹੁ ਭੀ ਦੇਵਾ ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੫)*

ਇਸ ਤਰ੍ਹਾਂ ਭਗਤ ਨਾਮਦੇਵ ਜੀ ਨੇ ਪੰਜਾਬ ਦੀ ਧਰਤੀ ਅਤੇ ਮਹਾਰਾਸ਼ਟਰ ਵਿਚ ਇਕ ਅਕਾਲ ਪੁਰਖ ਦੀ ਭਗਤੀ ਦਾ ਪ੍ਰਚਾਰ ਕੀਤਾ। ਭਗਤ ਨਾਮਦੇਵ ਜੀ ਤੇ ਇਕ ਅਕਾਲ ਪੁਰਖ ਦੀ ਇਕਮਿਕਤਾ *ਨਾਮੇ ਨਾਰਾਇਨ ਨਾਹੀ ਭੇਦੁ* ਕਰਕੇ ਹੀ ਭਗਤ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਤਿਕਾਰਯੋਗ ਸਥਾਨ ਪ੍ਰਾਪਤ ਹੋਇਆ ਹੈ। ਮਾਘ ਦੇ

ਮਹੀਨੇ ੨ ਮਾਘ ਨੂੰ ਭਗਤ ਨਾਮਦੇਵ ਜੀ ਦਾ ਅਕਾਲ ਚਲਾਣਾ ਪੁਰਬ ਹਰ ਸਾਲ ਪਿੰਡ ਘੁਮਾਣ ਵਿਖੇ ਮਨਾਇਆ ਜਾਂਦਾ ਹੈ।

ਹਵਾਲੇ


੧. Jaswinder Kaur Dhillon, 'Banikar Bhagat Namdev', *Perspectives on Guru Granth Sahib,* G.N.D.U., Amritsar, Vol.6, 2008, p. 16.

੨. ਪ੍ਰੋ. ਸੁਰਿੰਦਰ ਸਿੰਘ, 'ਨਾਮਦੇਉ ਹਰਿ ਗੁਨ ਗਾਏ', *ਜਿਨਿ ਨਾਮੁ ਲਿਖਾਇਆ ਸਚੁ* (ਸੰਪਾ.), ਬਲਵਿੰਦਰ ਸਿੰਘ ਜੌੜਾਸਿੰਘਾ, ਸਿਮਰਜੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੮, ਪੰਨਾ ੯੬.

੩. ਪ੍ਰੋ. ਬ੍ਰਹਮਜਗਦੀਸ਼ ਸਿੰਘ, *ਪਰਮ ਸੰਤ ਨਾਮਦੇਵ,* ਵਾਰਿਸ ਸ਼ਾਹ ਫਾਊਂਡੇਸ਼ਨ, ਸ੍ਰੀ ਅੰਮ੍ਰਿਤਸਰ, ੧੯੯੬, ਪੰਨਾ ੧੧.


■

---

## *ਭਗਤ ਨਾਮਦੇਵ ਜੀ . . .*

*ਸਫ਼ਾ ੭੯ ਦਾ ਬਾਕੀ . . .*

*-ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥*
*ਰਾਮ ਬਿਨਾ ਕੋ ਬੋਲੈ ਰੇ ॥੧॥ ਰਹਾਉ ॥*
*ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ॥*
*ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੮੮)*

ਆਪ ਜੀ ਨੇ ਆਪਣੀ ਬਾਣੀ ਵਿਚ ਆਪਣੇ ਰਹੱਸਮਈ ਅਨੁਭਵ ਨੂੰ ਪ੍ਰਗਟ ਕਰਨ ਲਈ ਬਹੁਤ ਸਾਰੇ ਉਪਮਾ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਉਨ੍ਹਾਂ ਕੋਲ ਅਲੰਕਾਰਾਂ ਦਾ ਅਸੀਮ ਭੰਡਾਰ ਹੈ। ਉਨ੍ਹਾਂ ਨੇ ਪਰਮਾਤਮਾ ਪ੍ਰਤੀ ਪਿਆਰ ਪ੍ਰਗਟ ਕਰਨ ਲਈ ਅਨੇਕਾਂ ਅਲੰਕਾਰਾਂ ਦੀ ਵਰਤੋਂ ਕੀਤੀ ਹੈ ਜਿਵੇਂ: ਭੰਵਰ ਤੇ ਸੁਗੰਧੀ, ਨੀਰ ਤੇ ਮੱਛੀ ਦਾ, ਕੋਕਿਲ ਤੇ ਅੰਬ ਦਾ, ਚਕਵੀ ਤੇ ਸੂਰਜ ਦਾ, ਚਾਤ੍ਰਿਕ ਤੇ ਮੀਂਹ ਦਾ ਆਦਿ। ਇਸੇ ਤਰ੍ਹਾਂ ਹੀ ਉਨ੍ਹਾਂ ਨੇ ਪਰਮਾਤਮਾ ਲਈ ਅਨੇਕ ਨਾਮ ਵਰਤੇ ਹਨ ਜਿਵੇਂ: ਬੀਠੁਲ, ਮਾਧੋ, ਮੁਰਾਰੀ, ਹਰਿ, ਰਾਮ, ਕੇਸੋ, ਨਾਰਾਇਣ, ਸਾਵਲ ਤੇ ਗੋਬਿੰਦ ਆਦਿ।

ਸੱਚ ਤਾਂ ਇਹ ਹੈ ਕਿ ਭਗਤ ਨਾਮਦੇਵ ਜੀ ਦੀਆਂ ਸਿੱਖਿਆਵਾਂ ਦੀ ਅੱਜ ਵੀ ਉਨੀ ਸਾਰਥਿਕਤਾ ਹੈ ਜਿੰਨੀ ਪਹਿਲਾਂ ਸੀ। ਉਨ੍ਹਾਂ ਦੁਆਰਾ ਦਰਸਾਇਆ ਗਾਡੀ ਰਾਹ ਤੇ ਮਨੁੱਖਤਾ ਦਾ ਕੀਤਾ ਗਿਆ ਮਾਰਗ-ਦਰਸ਼ਨ ਮਨੁੱਖ ਮਾਤਰ ਦੀਆਂ ਮਾਨਸਿਕ ਬਿਮਾਰੀਆਂ ਲਈ ਇਕ ਅਉਖਧ ਜਾਂ ਦਵਾਈ ਦੇ ਬਰਾਬਰ ਹੈ। ਸਮੁੱਚੇ ਝਗੜੇ ਅਤੇ ਝਮੇਲਿਆਂ ਲਈ ਇਕ ਕਾਰਗਰ ਦਾਰੂ ਹੈ। ਆਓ, ਉਨ੍ਹਾਂ ਦੀਆਂ ਸਿੱਖਿਆਵਾਂ ਦਾ ਆਤਮਸਾਤ ਕਰਦੇ ਹੋਏ ਜੀਵਨ ਨੂੰ ਸਫ਼ਲਾ ਕਰੀਏ! ■

# ਭਗਤ ਨਾਮਦੇਵ ਜੀ ਪਰਚੀ ਸਾਹਿਤ

*-ਸ. ਕਰਮਜੀਤ ਸਿੰਘ**

ਉੱਤਰੀ ਭਾਰਤ ਵਿਚ ਭਗਤੀ ਲਹਿਰ ਦੇ ਅਗ੍ਰਣੀ ਸੰਤ ਨਾਮਦੇਵ ਜੀ ਆਖੇ ਜਾਂਦੇ ਹਨ, ਆਪ ੫੫ ਸਾਲ ਦੀ ਉਮਰ ਵਿਚ ਪੰਜਾਬ ਆਏ ਅਤੇ ੧੮ ਸਾਲ ਇੱਥੇ ਜ਼ਿਲ੍ਹਾ ਗੁਰਦਾਸਪੁਰ ਦੇ ਘੁਮਾਣ ਵਿਖੇ ਟਿਕੇ ਰਹੇ। ਭਗਤੀ ਲਹਿਰ ਵਿਚ ਆਪ ਜੀ ਦਾ ਕ੍ਰਾਂਤੀਕਾਰੀ ਉਪਰਾਲਾ ਬਹੁਆਯਾਮੀ ਵਿਸ਼ੇਸ਼ਤਾ ਦਾ ਧਾਰਨੀ ਹੈ। ਸਮਾਜਿਕ ਉਥਾਨ, ਅਧਿਆਤਮਿਕ ਖੇਤਰ ਵਿਚ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਬਹਾਲੀ ਲਈ ਉਨ੍ਹਾਂ ਸਬਰ-ਕੱਤਾ ਹਿੱਸਾ ਪਾਇਆ। ਆਪ ਜੀ ਦੀ ਰਚਿਤ ਬਾਣੀ ਦੇ ੬੧ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਆਪ ਜੀ ਦੇ ਜੀਵਨ ਬਾਰੇ ਵਿਸਤ੍ਰਿਤ ਅਤੇ ਭਰੋਸੇਯੋਗ ਜਾਣਕਾਰੀ ਦਾ ਅਭਾਵ ਹੈ। ਉਨ੍ਹਾਂ ਦੇ ਜੀਵਨ-ਕਾਲ ਨਾਲ ਜੁੜੀਆਂ ਹੋਈਆਂ ਚਮਤਕਾਰਿਕ ਘਟਨਾਵਾਂ ਦੇ ਕਾਲਕ੍ਰਮ ਬਾਰੇ ਜਾਣਕਾਰੀ ਸਹੀ ਅਤੇ ਸਪੱਸ਼ਟ ਨਹੀਂ ਹੈ ਕਿ, ਇਹ ਉਨ੍ਹਾਂ ਦੀ ਹਯਾਤੀ ਦੇ ਕਿਸ ਸਾਲ ਵਿਚ ਘਟਿਤ ਹੋਈਆਂ ਹਨ। ਵਿਦਵਾਨ ਇਤਿਹਾਸਕਾਰਾਂ ਨੇ ਇਨ੍ਹਾਂ ਘਟਨਾਵਾਂ ਨੂੰ ਉਨ੍ਹਾਂ ਦੀ ਰਚਿਤ ਬਾਣੀ ਵਿਚ ਦੱਸੀਆਂ ਘਟਨਾਵਾਂ ਨਾਲ ਜੋੜ ਕੇ ਸਥਾਪਿਤ ਕਰਨ ਦੀ ਕੋਸ਼ਿਸ ਕੀਤੀ ਹੈ; ਪਰ ਇਹ ਵੀ ਭਰੋਸੇਯੋਗ ਨਹੀਂ। ਪਰ ਸਾਡਾ ਮੰਤਵ ਤਾਂ ਉਸ ਮਹਾਨ ਕ੍ਰਾਂਤੀਕਾਰੀ ਸੰਤ ਦੇ ਜੀਵਨ ਨੂੰ ਇਨ੍ਹਾਂ ਘਟਨਾਵਾਂ ਦੇ ਨਾਲ ਜੋੜ ਕੇ ਸ਼ਰਧਾਮੂਲਕ ਵਾਤਾਵਰਨ ਵਿਚ ਚਿਤਰਨਾ ਹੈ।

ਉਨ੍ਹਾਂ ਦੇ ਦੇਹਾਵਸਾਨ ਦੇ ਕਰੀਬ ੨੫੦ ਸਾਲ ਉਪਰੰਤ ਅਨੰਤਦਾਸ ਵੱਲੋਂ ਲਿਖੀ ਇਕ ਪਰਚੀ ਮਿਲੀ ਹੈ, ਇਹ ਅਨੰਤਦਾਸ ਰਾਜਸਥਾਨ ਤੋਂ ਸਨ। ਇਸ ਪਰਚੀ ਦਾ ਰਚਨਾ-ਕਾਲ ਸੰਨ ੧੫੮੮ ਈ. ਦਾ ਹੈ, ਪਰ ਇਸ ਵਿਚ ਜੀਵਨ ਦੇ ਹਾਲਾਤਾਂ ਦੀ ਜਾਣਕਾਰੀ ਦਾ ਅਭਾਵ ਹੈ। ਡਾ. ਗੁਰਚਰਨ ਸਿੰਘ ਸੇਕ, ਹਿੰਦੀ ਸਾਹਿਤਕਾਰਾਂ ਦੇ ਹਵਾਲੇ ਨਾਲ ਇਸ ਪਰਚੀ ਬਾਰੇ ਜਾਣਕਾਰੀ ਦਿੰਦੇ ਹਨ: "ਅਨੰਤ ਦਾਸ, ਨਾਭਾ ਜੀ ਦੇ ਗੁਰੂ ਭਾਈ ਦੇ ਸ਼ਿਸ ਸਨ ਅਤੇ ਇਹ ਰਾਜਸਥਾਨ ਦੇ ਕਿਸੀ ਪੱਛਮੀ ਪ੍ਰਾਂਤ ਦੇ ਰਹਿਣ ਵਾਲੇ ਹੋਣਗੇ। ਇਹ ਪਰਚੀ ਦੇਵਨਾਗਰੀ ਲਿਪੀ ਵਿਚ ਲਿਖੀ ਮਿਲਦੀ ਹੈ।" ਭਗਤ ਨਾਮਦੇਵ ਜੀ ਨਾਲ ਸੰਬੰਧਿਤ ਚਮਤਕਾਰੀ ਘਟਨਾਵਾਂ ਦਾ ਵਰਤਾਰਾ ਉਨ੍ਹਾਂ ਦੇ ਜੀਵਨ-ਕਾਲ ਤੋਂ ਹੀ ਸ਼ੁਰੂ ਹੋ ਗਿਆ ਸੀ। ਮਹਾਂਪੁਰਖ ਜਦੋਂ ਕੋਈ ਅਦਭੁਤ ਅਤੇ ਅਵਿਸ਼ਵਸਨੀਯ ਕਾਰਜ ਕਰਦਾ ਹੈ ਤਾਂ ਇਹ ਰਵਾਇਤਾਂ ਲੋਕਾਈ ਵਿਚ ਪ੍ਰਚਲਿਤ ਹੋ ਜਾਂਦੀਆਂ ਹਨ ਅਤੇ ਉਸ ਮਹਾਂਪੁਰਖ ਦੁਆਲੇ ਵਾਹ-ਵਾਹ ਦਾ ਵਾਤਾਵਰਨ ਵਿਕਸਿਤ ਹੋ ਜਾਂਦਾ ਹੈ।

**#C-੧੫, ਸਿਲਵਰ ਹਾਈਟਸ ਅਪਾਰਟਮੈਂਟ, ਨੇੜੇ ਵਡਾਲਾ ਚੌਂਕ, ਨਕੋਦਰ ਰੋਡ, ਜਲੰਧਰ-੧੪੪੦੦੩; ਮੋ. +੯੧੯੮੭੨੮੧੩੧੨੮*

ਭਗਤ ਨਾਮਦੇਵ ਜੀ ਦੇ ਜੀਵਨ-ਕਾਲ ਵਿਚ ਹੀ ਇਹ ਵਰਤਾਰਾ ਮੌਖਿਕ ਰੂਪ ਵਿਚ ਪ੍ਰਚਲਿਤ ਹੋਇਆ ਅਤੇ ਹੋਲੀ-ਹੋਲੀ ਇਸ ਦਾ ਪਾਸਾਰ ਹੁੰਦਾ ਰਿਹਾ। ਭਗਤ ਨਾਮਦੇਵ ਜੀ ਦੀ ਕੋਈ ਲਿਖਿਤ ਪੂਰਬਲੇ ਸਾਹਿਤਕਾਰਾਂ ਦੇ ਧਿਆਨਗੋਚਰੇ ਨਹੀਂ ਹੋਈ।

ਉਨ੍ਹਾਂ ਦਾ ਸਾਰਾ ਜੀਵਨ ਸੁਹਜ ਭਗਤੀਭਾਵ ਨਾਲ ਓਤ-ਪ੍ਰੋਤ ਸੀ। ਉਨ੍ਹਾਂ ਨੇ ਦੀਨ-ਦਲਿਤਾਂ ਦੇ ਸੁਧਾਰ ਹਿੱਤ ਸਰਲ ਸੱਚ 'ਤੇ ਆਧਾਰਿਤ ਸੰਤੋਖ ਅਤੇ ਸਿਮਰਨ ਦਾ ਭਗਤੀ ਮਾਰਗ ਵਿਕਸਿਤ ਕੀਤਾ, ਜਿਸ ਅਨੁਸਾਰ ਆਪਣਾ ਕਾਰਜ ਕਰਦੇ ਹੋਏ ਵੀ ਸਿਮਰਨ ਕੀਤਾ ਜਾ ਸਕਦਾ ਹੈ। ਇਹ ਨਾਮ-ਸਿਮਰਨ ਦੀ ਲਹਿਰ ਇਸ ਪ੍ਰਬਲਤਾ ਨਾਲ ਵਿਕਸਿਤ ਹੋਈ ਕਿ ਇਸ ਨਾਲ ਜਾਤ-ਪਾਤ ਦੇ ਸੰਗਲ ਢਿੱਲੇ ਪਏ। ਇਸੇ ਕਾਰਨ ਅੱਜ ਉਨ੍ਹਾਂ ਦੀ ਅਧਿਆਤਮਿਕਤਾ, ਜਾਤ-ਪਾਤ ਅਤੇ ਛੂਆ-ਛੂਤ ਨੂੰ ਸਮਾਪਤ ਕਰਨ ਵਾਲਾ ਕ੍ਰਾਂਤੀਕਾਰੀ ਅਕਸ ਪੰਡਰਪੁਰ ਦੀਆਂ ਸੀਮਾਵਾਂ ਨੂੰ ਪਾਰ ਕਰ ਕੇ ਭਾਰਤ ਦੇ ਕਈ ਪ੍ਰਦੇਸ਼ਾਂ ਵਿਚ ਆਪਣਾ ਪ੍ਰਭਾਵ ਦਰਸਾਅ ਰਿਹਾ ਹੈ। ਇਨ੍ਹਾਂ ਵਿਸ਼ੇਸ਼ਤਾਵਾਂ ਦੇ ਪ੍ਰਤੀਕਰਮ ਵਜੋਂ ਉਨ੍ਹਾਂ ਦੇ ਸ਼ਰਧਾਲੂਆਂ ਦੀ ਗਿਣਤੀ ਵਿਚ ਵੀ ਲਗਾਤਾਰ ਵਾਧਾ ਹੁੰਦਾ ਰਿਹਾ। ਸ਼ਰਧਾਲੂ ਸੰਗਤ ਦੇ ਵਿਕਾਸ ਵਿਚ ਉਨ੍ਹਾਂ ਦੀ ਬਾਣੀ ਅਤੇ ਮਰਾਠੀ ਅਭੰਗਾਂ ਦਾ ਅਹਿਮ ਯੋਗਦਾਨ ਰਿਹਾ। ਇਹ ਵੀ ਸਰਵ-ਵਿਦਿਤ ਹੈ ਕਿ ਭਗਤ ਜੀ ਅਤੇ ਮਰਾਠੀ ਸੰਤ-ਮੰਡਲੀ ਕੀਰਤਨ ਦੇ ਮਾਧਿਅਮ ਨਾਲ ਪ੍ਰਭੂ ਦਾ ਗੁਣ-ਗਾਣ ਕਰਦੇ ਰਹੇ। ਉਨ੍ਹਾਂ ਦੇ ਸੱਚਖੰਡ ਪਿਆਨੇ ਬਾਅਦ ਉਨ੍ਹਾਂ ਦੇ ਸ਼ਰਧਾਲੂ ਅਤੇ ਸਾਧਕ ਤੁਰ-ਫਿਰ ਕੇ ਉਨ੍ਹਾਂ ਦੀ ਬਾਣੀ ਦਾ ਗਾਇਨ ਕਰਦੇ ਰਹੇ। ਮਹਾਰਾਸ਼ਟਰ, ਗੁਜਰਾਤ, ਰਾਜਸਥਾਨ, ਮੱਧ ਪ੍ਰਦੇਸ਼ ਅਤੇ ਉੱਤਰੀ ਭਾਰਤ ਵਿਚ ਉਨ੍ਹਾਂ ਦੀ ਬਾਣੀ ਦਾ ਪ੍ਰਚਾਰ ਅਤੇ ਪਾਸਾਰ ਹੋਇਆ।

**ਪਰਚੀ ਸਾਹਿਤ ਵਿਧਾ:** ਪਰਚੀ ਸੰਸਕ੍ਰਿਤ ਦਾ 'ਪਰਿਚਯ' ਸ਼ਬਦ ਦਾ ਤਦਭਵ (ਬਦਲਿਆ ਰੂਪ ਹੈ), ਜਿਸ ਦਾ ਸਾਧਾਰਨ ਅਰਥ ਹੈ; ਜਾਣ-ਪਛਾਣ। ਪਰ ਪੰਜਾਬੀ ਸਾਹਿਤ ਵਿਚ ਵਾਰਤਕ ਅਤੇ ਕਾਵਿ; ਦੋਹਾ ਰੂਪਾਂ ਵਿਚ ਲਿਖੀ ਜਾਣ ਵਾਲੀ ਇਹ ਇਕ ਸਾਹਿਤਕ ਵਿਧਾ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਇਹ ਉਸ ਰਚਨਾ ਲਈ ਵਰਤਿਆ ਜਾਂਦਾ ਹੈ ਜਿਸ ਵਿਚ ਕਿਸੇ ਧਾਰਮਿਕ ਜਾਂ ਅਧਿਆਤਮਿਕ ਸ਼ਖ਼ਸੀਅਤ ਜਾਂ ਸਾਧਕ ਦਾ ਪਰਿਚਯ ਦਿੱਤਾ ਗਿਆ ਹੋਵੇ। ਭਗਤ ਨਾਮਦੇਵ ਜੀ ਦੇ ਜੀਵਨ ਬਾਰੇ ਮੁਢਲੇ ਸ੍ਰੋਤ ਹਨ: ੧. ਅਨੰਤ ਦਾਸ-ਸੰਨ ੧੫੮੮, ੨. ਨਾਭਾ ਜੀ ਭਗਤ ਮਾਲ-੧੬੦੦ ਅਤੇ ੩. ਸ੍ਰੀ ਗੁਰੂ ਗ੍ਰੰਥ ਸਾਹਿਬ-੧੬੦੪। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ਼ਬਦਾਂ ਵਿਚ ਉਨ੍ਹਾਂ ਨਾਲ ਵਾਪਰੀਆਂ ਘਟਨਾਵਾਂ ਦੀ ਜਾਣਕਾਰੀ ਵੀ ਮਿਲਦੀ ਹੈ ਅਤੇ ਇਹ ਪਰਚੀ ਉਨ੍ਹਾਂ ਘਟਨਾਵਾਂ ਅਤੇ ਪ੍ਰਸੰਗਾਂ ਦਾ ਸਹੀ ਅਤੇ ਸਾਰਥਕ ਰੂਪ ਹੈ। ਅਨੰਤ ਦਾਸ ਨੇ ਪਰਚੀ ਦੇ ਪੰਜਵੇਂ, ਛੇਵੇਂ ਅਤੇ ਸਤਵੇਂ ਬੰਦ ਵਿਚ ਭਗਤ ਨਾਮਦੇਵ ਦੇ ਜੀਵਨ-ਕਾਲ ਨਾਲ ਸੰਬੰਧਿਤ ਘਟਨਾਵਾਂ ਦੀ ਜਾਣਕਾਰੀ ਦਿੱਤੀ ਹੈ। ਇਸ ਪਰਚੀ ਵਿਚ ਭਗਤ ਨਾਮਦੇਵ ਜੀ ਦੇ ਵਿਸ਼ਾਲ ਵਿਅਕਤਿਤਵ ਨਾਲ ਜੁੜੀਆਂ ਤਿੰਨ ਘਟਨਾਵਾਂ ਦਾ ਸੁਆਦਲਾ ਅਤੇ ਰਸ-ਭਰਪੂਰ ਵਰਣਨ ਹੈ। ਦੇਵਨਾਗਰੀ ਲਿਪੀ ਵਿਚ ਲਿਖੀ

ਗਈ ਇਸ ਪਰਚੀ ਵਿਚ ਇਸ ਰੂਹਾਨੀਅਤ ਨੂੰ ਪ੍ਰਥਾਇ ਭਗਤ ਕਵੀ ਅਤੇ ਪ੍ਰਚਾਰਕ ਦੇ ਚਮਤਕਾਰਿਕ ਘਟਨਾਵਾਂ ਨੂੰ ਰੂਪਮਾਨ ਕੀਤਾ ਹੈ ਅਤੇ ਉਨ੍ਹਾਂ ਦਾ ਅਧਿਆਮਿਕਤਾ ਵਾਲਾ ਅਕਸ ਉੱਭਰ ਕੇ ਸਾਹਮਣੇ ਆਉਂਦਾ ਹੈ। ਭਗਤ ਨਾਮਦੇਵ ਜੀ ਨੇ ਪਖੰਡ ਅਤੇ ਅਡੰਬਰ ਦੀ ਖੁੱਲ ਕੇ ਨਿਖੇਧੀ ਕੀਤੀ, ਆਪ ਜੀ ਦੀ ਰਚਿਤ ਬਾਣੀ ਅਤੇ ਅਭੰਗਾਂ ਦੇ ਸਰੋਕਾਰ ਉਸ ਸਮੇਂ ਦੇ ਸਮਾਜਿਕ ਦਵੰਦਾਂ-ਵਿਸੰਗਤੀਆਂ ਅਤੇ ਊਣਤਾਈਆਂ ਨੂੰ ਚਿਨਹਿਤ ਕਰਦੀ ਹੋਈ ਇਸ ਦਾ ਹੱਲ ਵੀ ਤਲਾਸ਼ਦੀ ਹੈ ਅਤੇ ਸਰਬਕਾਲਿਕ ਸਾਰਥਕ ਸੁਨੇਹਾ ਵੀ ਦਿੰਦੀ ਹੈ। ਪੰਜਾਬੀ ਵਿਚ ਪਰਚੀ ਸਾਹਿਤ ਅਧੀਨ ਦਰਬਾਰੀ ਦਾਸ ਨੇ ਭਗਤਾਂ ਦੀ ਪਰਚੀ ਲਿਖੀ ਹੈ। ਭਗਤ ਜੀ ਦੇ ਜੀਵਨ ਵਿਚ ਵਾਪਰੀਆਂ ਘਟਨਾਵਾਂ ਦਾ ਵਰਣਨ ਹੈ। ਡਾ. ਧਰਮ ਸਿੰਘ ਨੇ, 'ਪਰਚੀਆਂ ਭਗਤ ਨਾਮਦੇਵ' ਵਿਚ ਚਾਰ ਪਰਚੀਆਂ ਦਾ ਮੂਲ ਪਾਠ ਦੇ ਕੇ ਇਨ੍ਹਾਂ ਪਰਚੀਆਂ ਦੇ ਸੰਬੰਧ ਵਿਚ ਪੰਜਾਬ ਅਤੇ ਪੰਜਾਬੀਅਤ ਉੱਪਰ ਪਏ ਪ੍ਰਭਾਵ ਦਾ ਵਰਣਨ ਕੀਤਾ ਹੈ।

ਇਕ ਬੈਲਜੀਅਮ ਅਤੇ ਇਕ ਭਾਰਤੀ ਵਿਦਵਾਨ: ਵਿਨਾਨੰਦ ਐਮ ਕਾਲੇਵਾਰਟ ਅਤੇ ਮੁਕੰਦ ਲਾਥ ਨੇ- 'ਨਾਮਦੇਵ ਦੀ ਹਿੰਦੀ ਪਦਾਵਲੀ' (Hindi Padawali of Namdev) ਨਾਮਕ ਪੁਸਤਕ ਵਿਚ, ਭਗਤ ਨਾਮਦੇਵ ਦੇ ਸੰਪੂਰਨ ਜੀਵਨ ਦੇ ਹਾਲ ਜੋ ਵੱਖ-ਵੱਖ ਵਿਦਵਾਨਾਂ ਨੇ ਸਮੇਂ-ਸਮੇਂ ਲਿਖੇ, ਦਾ ਵੇਰਵਾ ਦਿੱਤਾ ਹੈ। ਅਧਿਆਇ ੧.੩ ਵਿਚ ਅਨੰਤ ਦਾਸ ਵੱਲੋਂ ਰਚਿਤ ਪਰਚੀ ਦਾ ਵੀ ਜ਼ਿਕਰ ਹੈ। ਉਂਜ ਇਸ ਪਰਚੀ ਬਾਰੇ ਹਿੰਦੀ ਦੇ ਵਿਦਵਾਨ ਲੇਖਕਾਂ ਅਨੁਸਾਰ ਸੰਤ ਅਨੰਤ ਦਾਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਭਗਤ ਸਾਹਿਬਾਨ ਦੀ ਉਸਤਤ ਵਿਚ ਪਰਚੀ ਲਿਖੀ; ਭਗਤ ਤ੍ਰਿਲੋਚਨ ਜੀ, ਭਗਤ ਕਬੀਰ ਜੀ, ਭਗਤ ਪੀਪਾ ਜੀ, ਭਗਤ ਰੈਦਾਸ (ਭਗਤ ਰਵਿਦਾਸ ਜੀ) ਅਤੇ ਭਗਤ ਧੰਨਾ ਜੀ। ਅਨੰਤ ਦਾਸ ਨੇ ਭਗਤ ਨਾਮਦੇਵ ਜੀ ਦੇ ਜੀਵਨ ਦੀ ਉਨ੍ਹਾਂ ਚਮਤਕਾਰਿਕ ਘਟਨਾਵਾਂ ਦਾ ਹੀ ਵਰਣਨ ਕੀਤਾ ਹੈ ਜਿਸ ਵਿਚ ਭਗਤ ਨਾਮਦੇਵ ਜੀ ਵੱਲੋਂ ਭਗਵਾਨ ਨੂੰ ਦੁਧ ਪਿਆਇਆ ਗਿਆ, ਮੰਦਰ ਦਾ ਮੁੱਖ ਦਵਾਰ ਭੁਆਂ ਦਿੱਤਾ ਗਿਆ ਅਤੇ ਸੁਲਤਾਨ ਨਾਲ ਹੋਏ ਝਗੜੇ ਦਾ ਨਿਬੇੜਾ ਕੀਤਾ, ਮੋਈ ਹੋਈ ਗਊ ਜੀਵਾਈ, ਹਾਥੀ ਉਨ੍ਹਾਂ ਨੂੰ ਨਮਸਕਾਰ ਕਰ ਕੇ ਭੱਜ ਗਿਆ, ਦਰਿਆ ਵਿੱਚੋਂ ਸੁੱਕਾ ਪਲੰਘ ਕੱਢ ਦਿੱਤਾ ਅਤੇ ਭਗਵਾਨ ਨੇ ਆਪ ਉਸ ਦੀ ਛਪਰੀ ਦੀ ਮੁਰੰਮਤ ਕੀਤੀ। ਹਰੀ ਨੇ ਉਨ੍ਹਾਂ ਦੇ ਹੱਥੋਂ ਰੋਟੀ ਖਾਣ ਲਈ ਕੁੱਤੇ ਦਾ ਰੂਪ ਧਾਰਿਆ, ਮੋਏ ਬਲਦ ਨੂੰ ਜੀਵਿਤ ਕੀਤਾ। ਸੰਨ ੧੫੮੮ ਵਿਚ ਅਨੰਤ ਦਾਸ ਨੇ ਆਪ ਜੀ ਦੀ ਪਰਚੀ ਲਿਖੀ ਜਿਸ ਵਿਚ ਭਗਤੀ ਦੀ ਮਹਾਨਤਾ ਅਤੇ ਉਤਕਰਸ਼ਤਾ ਉੱਭਰ ਕੇ ਆਉਂਦੀ ਹੈ ਅਤੇ ਇਹ ਸਰਗੁਣ ਤੋਂ ਨਿਰਗੁਣ ਵੱਲ ਉਨ੍ਹਾਂ ਦੇ ਜੀਵਨ ਦਾ ਉਹ ਕ੍ਰਾਂਤੀਕਾਰੀ ਮੋੜ ਹੈ, ਜਿਸ ਨੇ ਤੀਰਥ ਅਤੇ ਵਰਤਾਂ ਦੀ ਵਿਅਰਥਤਾ ਦੀ ਸਚਾਈ ਬਿਆਨ ਕੀਤੀ। ਪਰ ਇਸ ਪਰਚੀ ਵਿਚ ਜੀਵਨੀ-ਮੂਲਕ ਜਾਣਕਾਰੀ ਦਾ ਅਭਾਵ ਹੈ, ਜਿਸ ਦਾ ਕਿ, ੨੦ਵੀਂ ਸਦੀ ਦੀਆਂ ਰਚਨਾਵਾਂ ਵਿਚ ਭਰਮਾਰ ਹੈ। ਇਸ ਵਿਚ ਸੰਖਿਪਤ ਰੂਪ ਵਿਚ ਭਗਤ ਨਾਮਦੇਵ ਜੀ ਨਾਲ ਸੰਬੰਧਿਤ ਘਟਨਾਵਾਂ ਦਾ ਜ਼ਿਕਰ ਹੈ, ਪਰ ਏਕਾਦਸ਼ੀ ਵਰਤ ਨਾਲ ਸੰਬੰਧਿਤ ਘਟਨਾ ਬਹੁ-ਵਿਸਥਾਰੀ ਹੈ ਅਤੇ ਬ੍ਰਾਹਮਣ ਦਾ ਪੁਨਰ ਜੀਵਨ ਅਤੇ ਤੁਲਸੀ ਪੱਤੇ

ਉਪਰ ਲਿਖੇ 'ਰਾਮ'- (ਉਹ ਰਾਮ ਜਿਹੜਾ ਸ੍ਰਬਤਰ ਰਮਇਆ ਹੋਇਆ ਹੈ) ਦੇ ਨਾਮ ਦੀ ਮਹਾਨਤਾ ਦਾ ਵੀ ਜ਼ਿਕਰ ਹੈ। ੧੯ਵੀਂ ਸ਼ਤਾਬਦੀ ਵਿਚ ਅਨੰਤ ਦਾਸ ਦੀ ਰਚਿਤ ਪਰਚੀ ਦੀਆਂ ਕਈ ਹਸਤ-ਲਿਖਿਤ ਪ੍ਰਤੀਆਂ ਉਪਲਬਧ ਹੋਈਆਂ। ਵਿਦਵਾਨ ਲੇਖਕਾਂ ਦੁਆਰਾ ੧੫ ਹਸਤ-ਲਿਖਿਤ ਪਰਿਚਈਆਂ (ਪਰਚੀਆਂ) ਵਿੱਚੋਂ ਚਾਰ ਦਾ ਵਿਆਪਕ ਅਧਿਐਨ ਕਰਨ ਉਪਰੰਤ ਇਹ ਤੱਥ ਉਘੜਿਆ ਹੈ ਕਿ, ਕਥਾ-ਵਾਚਕਾਂ ਵੱਲੋਂ ਕਈ ਤਰ੍ਹਾਂ ਦੀਆਂ ਉਕਾਈਆਂ ਅਤੇ ਕੀਤਾ ਗਿਆ ਜੋੜ-ਤੋੜ ਪ੍ਰਤੱਖ ਦਿੱਸਦਾ ਹੈ। ਇਹ ਉਕਾਈਆਂ ਉਨ੍ਹਾਂ ਕਥਾ-ਵਾਚਕਾਂ ਦੀ ਸਿਰਜਣਾਤਮਿਕਤਾ ਦੀ ਦੇਣ ਹੈ, ਜਿਨ੍ਹਾਂ ਇਸ ਪਰਚੀ ਵਿਚ ਆਪਣੀ ਸਹੂਲੀਅਤ ਅਨੁਸਾਰ ਬਦਲਾਅ ਕੀਤੇ ਹਨ। ਭਗਤ ਨਾਮਦੇਵ ਜੀ ਕਾਲ ਵਿਚ ਅਜੇ ਮੁਸਲਮਾਨਾਂ ਦਾ ਪੂਰੀ ਤਰਾਂ ਮਹਾਰਾਸ਼ਟਰ ਵਿਚ ਆਗਮਨ ਨਹੀਂ ਸੀ ਹੋਇਆ ਅਤੇ ਕਰਮ-ਕਾਂਡ ਤੀਰਥ ਵਰਤ ਅਤੇ ਪੂਜਾ-ਪਾਠ ਦਾ ਵਿਧਾਨ ਚਰਮ-ਸੀਮਾ 'ਤੇ ਸੀ।

ਪ੍ਰੋ. ਸਾਹਿਬ ਸਿੰਘ ਅਨੁਸਾਰ: ਜਿਹੜਾ ਜੀਵਨ ਆਦਰਸ਼ ਉਹ ਲੋਕਾਂ ਸਾਹਮਣੇ ਰੱਖਣਾ ਚਾਹੁੰਦੇ ਸਨ ਤੇ ਜਿਸ ਕੁਮਾਰਗ ਦੇ ਵਿਰੁੱਧ ਅਵਾਜ਼ ਉਠਾ ਰਿਹੇ ਸਨ, ਉਸ ਦਾ ਸੰਬੰਧ ਸਾਰੇ ਭਾਰਤ ਨਾਲ ਪੈ ਰਿਹਾ ਸੀ। ਭਗਤ ਜੀ ਦਾ ਇਸ ਏਕਾਦਸੀ ਵਰਤ ਦੀ ਨਿਰਾਥਕਤਾ ਬਾਰੇ ਉਪਦੇਸ਼ ਹੈ:

*ਏਕਾਦਸੀ ਬ੍ਰਤੁ ਰਹੈ ਕਾਹੇ ਕਉ ਤੀਰਥ ਜਾਈਂ ॥੧॥*
*ਭਨਤਿ ਨਾਮਦੇਉ ਸੁਕ੍ਰਿਤ ਸੁਮਤਿ ਭਏ॥*
*ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ॥੨॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੭੧੮)*

ਉਪਰੋਕਤ ਪੁਸਤਕ ਵਿਚ ਸੰਤ ਅਨੰਤ ਦਾਸ ਦੀ ਪਰਚੀ ਹਿੰਦੀ ਅਤੇ ਅੰਗਰੇਜ਼ੀ ਵਿਚ ਦਿੱਤੀ ਗਈ ਅਤੇ ਇਸ ਦਾ ਅੰਗਰੇਜ਼ੀ ਵਿਚ ਅਨੁਵਾਦ ਵੀ ਨਾਲ ਹੀ ਦਿੱਤਾ ਹੈ। ਇਸ ਪਰਚੀ ਦੇ ਸ਼ੁਰੂ ਵਿਚ ਇਸ ਦੇ ਰਚਨਾ-ਕਾਲ ਬਾਰੇ ਸੂਚਨਾ ਹੈ:

*ਸੰਮਤ ਸੋਲਹ ਸੈ ਪੰਤਾਲਾ ॥( ੧੬੪੫ ਬਿ.-੧੫੮੮ ਈ.)*
*ਵਾਣੀ ਬੋਲੀ ਬਚਨ ਰਸਾਲਾ॥*
*ਅੰਤਰਜਾਮੀ ਆਗਿਆ ਦੀਨੀ॥*
*ਦਾਸ ਅਨੰਤ ਕਥਾ ਕਰ ਲੀਨੀ॥*

ਭਗਤ ਨਾਮਦੇਵ ਜੀ ਦੇ ਰੂਹਾਨੀ ਉਪਦੇਸ਼ ਸਦਕਾ ਨਗਰ-ਵਾਸੀਆਂ ਨੂੰ ਪੁੰਨ-ਦਾਨ ਦੇ ਅਡੰਬਰ ਦੀ ਸਾਰਥਿਕਤਾ ਦੀ ਸੋਝੀ ਹੋਈ ਅਤੇ ਵਿਅਰਥ ਦੇ ਕਰਮ-ਕਾਂਡ ਦੀਆਂ ਚੂਲ਼ਾਂ ਢਿੱਲੀਆਂ ਹੋਈਆਂ। ਉਨ੍ਹਾਂ ਨੇ ਧਰਮ ਨੂੰ ਸਿਧਾਂਤਕ ਤੌਰ 'ਤੇ ਪ੍ਰਗਟਾਉਣ ਦਾ ਉਪਦੇਸ਼ ਦਿੱਤਾ, ਉਸ ਪਰਮ-ਪਿਤਾ ਪਰਮਾਤਮਾ ਦੇ ਆਸ਼ੀਰਵਾਦ ਸਦਕਾ ਮਨੁੱਖੀ ਸੋਚ ਵਿਚ ਪਰਿਵਰਤਨ ਲਿਆਉਣ ਦੀ ਜਰੂਰਤ 'ਤੇ ਬਲ ਦਿੱਤਾ। ਉਨ੍ਹਾਂ ਅਨੁਸਾਰ ਪ੍ਰਭੂ ਨਾਲ ਜੁੜ ਕੇ ਹੀ ਮਨੁੱਖ, ਮਨੁੱਖੀ ਕਦਰਾਂ-ਕੀਮਤਾਂ ਦੀ ਅਹਿਮੀਅਤ ਸਮਝ ਸਕਦਾ ਹੈ ਅਤੇ ਸਮਾਜਿਕ ਨੈਤਿਕਤਾ ਦੀ ਸੋਝੀ ਹੁੰਦੀ ਹੈ। ■

# ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ

*-ਪ੍ਰੋ. ਬਲਵੰਤ ਸਿੰਘ**

ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਮੁਢਲਾ ਜੀਵਨ ਹਾਲੇ ਵੀ ਇਕ ਬੁਝਾਰਤ ਬਣਿਆ ਹੋਇਆ ਹੈ। ਸਿੱਖ ਸ੍ਰੋਤਾਂ ਦੀ ਗਵਾਹੀ ਅਨੁਸਾਰ ਉਨ੍ਹਾਂ ਦਾ ਜਨਮ ਜੰਮੂ ਦੇ ਨਜ਼ਦੀਕ ਰਾਜੌਰੀ ਵਿਚ ਹੋਇਆ ਸੀ। ਉਹ ਜਾਤੀ ਦੇ ਰਾਜਪੂਤ ਤੇ ਪੇਸ਼ੇ ਵਜੋਂ ਕਿਸਾਨ ਸਨ। ਫ਼ਾਰਸੀ ਦੀਆਂ ਲਿਖਤਾਂ ਵਿਚ ਵੀ ਉਨ੍ਹਾਂ ਦੇ ਜੰਮੂ ਨਾਲ ਸੰਬੰਧਾਂ ਦੀ ਕੰਨਸੋਅ ਮਿਲਦੀ ਹੈ। ਸਿੱਖ-ਪਰੰਪਰਾ ਅਨੁਸਾਰ ਖਾਲਸਾ-ਪੰਥ ਵਿਚ ਪ੍ਰਵੇਸ਼ ਤੋਂ ਪਹਿਲੇ ਉਹ ਹਿੰਦੂਆਂ ਦੀ ਬੈਰਾਗੀ ਸੰਪਰਦਾ ਨਾਲ ਸੰਬੰਧਿਤ ਸੀ। ਉਨ੍ਹਾਂ ਦੇ ਬੈਰਾਗੀ ਜਮਾਤ ਨਾਲ ਜੁੜੇ ਹੋਣ ਦਾ ਜ਼ਿਕਰ ਅਠਾਰਵੀਂ ਸਦੀ ਦੇ ਯੂਰਪੀਨ ਇਤਿਹਾਸਕਾਰਾਂ ਨੇ ਵੀ ਕੀਤਾ ਹੈ। ਸਿੱਖ ਸ੍ਰੋਤਾਂ ਵਿਚ ਮਾਧੋਦਾਸ ਉਰਫ ਲਛਮਣ ਦੇਵ ਦੀ ਸ਼ਖ਼ਸੀਅਤ ਦਾ ਜੋ ਬਿੰਬ ਚਿਤਰਿਆ ਗਿਆ ਹੈ, ਉਸ ਅਨੁਸਾਰ ਉਹ ਹਠ-ਯੋਗ ਵਿਚ ਪਰਿਪੱਕ ਸਿੱਧ-ਜੋਗੀ ਸੀ, ਜਿਸ ਨੂੰ ਰਿਧੀਆਂ-ਸਿਧੀਆਂ ਤੇ ਜੰਤਰ-ਮੰਤਰ ਵਿਚ ਮੁਹਾਰਤ ਤੋਂ ਇਲਾਵਾ ਗ਼ੈਬੀ ਸ਼ਕਤੀਆਂ ਉੱਪਰ ਅਖਤਿਆਰ ਵੀ ਹਾਸਲ ਸੀ। ਫ਼ਾਰਸੀ ਦੇ ਬਹੁਤ ਸਾਰੇ ਇਤਿਹਾਸਕਾਰਾਂ ਨੇ ਉਸ ਨੂੰ ਜਾਦੂਗਰ ਜਾਂ ਬਹਿਰੂਪੀਆ ਕਿਹਾ ਹੈ ਜੋ ਆਪਣੀ ਇੱਛਾ ਅਨੁਸਾਰ ਸ਼ਕਲ ਬਦਲ ਸਕਦਾ ਸੀ। ਉਸ ਦੀ ਸ਼ਖ਼ਸੀਅਤ ਸੰਬੰਧੀ ਉਪਰੋਕਤ ਕਿਸਮ ਦੇ ਭੁਲੇਖੇ ਤੇ ਗ਼ਲਤਫਹਿਮੀਆਂ ਸਿੱਖ ਤੇ ਮੁਗ਼ਲ ਇਤਿਹਾਸਕਾਰਾਂ ਦੀਆਂ ਲਿਖਤਾਂ ਵਿਚ ਆਮ ਮਿਲਦੀਆਂ ਹਨ।

ਨਿਰਸੰਦੇਹ ਬਾਬਾ ਬੰਦਾ ਸਿੰਘ ਬਹਾਦਰ ਇਕ ਐਸੀ ਸਿੱਖ ਸ਼ਖ਼ਸੀਅਤ ਸਨ, ਜਿਸ ਨੂੰ ਹੋਰਨਾਂ ਸਮਕਾਲੀ ਸਿੱਖਾਂ ਦੀ ਨਿਸਬਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਮਾਣਨ ਦਾ ਬੜਾ ਥੋੜ੍ਹਾ ਸਮਾਂ ਮਿਲਿਆ ਸੀ। ਖਾਲਸਾ-ਪੰਥ ਵਿਚ ਸ਼ਾਮਲ ਹੋ ਕੇ ਉਨ੍ਹਾਂ ਨੇ ਐਸੇ ਕਾਰਨਾਮਿਆਂ ਨੂੰ ਸਰੰਜਾਮ ਦਿੱਤਾ, ਜਿਨ੍ਹਾਂ ਦੀ ਮਿਸਾਲ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦੀ। ਉਨ੍ਹਾਂ ਨੇ ਸਿੱਖਾਂ ਨੂੰ ਜਿਸ ਤਰ੍ਹਾਂ ਮੁਗ਼ਲਾਂ ਵਿਰੁੱਧ ਧਰਮ-ਯੁੱਧ ਲਈ ਸੰਗਠਿਤ ਕੀਤਾ, ਸੈਨਿਕ ਮੁਹਿੰਮਾਂ ਵਿਚ ਜਿਸ ਤਰ੍ਹਾਂ ਅੱਗੇ ਹੋ ਕੇ ਅਗਵਾਈ ਕੀਤੀ ਅਤੇ ਪਹਿਲੇ ਸਿੱਖ-ਰਾਜ ਦੀ ਸਥਾਪਨਾ ਕਰ ਕੇ ਪੰਜਾਬ ਦੇ ਇਤਿਹਾਸ ਵਿਚ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਖੇਤਰ ਵਿਚ ਇਨਕਲਾਬ ਦਾ ਜੋ ਬਾਨ੍ਹਣੂੰ ਬੰਨ੍ਹਿਆ ਅਤੇ ਅੰਤ ਦਿੱਲੀ ਵਿਚ ਸ਼ਹੀਦੀ ਸਮੇਂ ਜੋ ਸਿਦਕ-ਦਿਲੀ ਤੇ ਅਡੋਲਤਾ ਦਾ ਮੁਜ਼ਾਹਿਰਾ ਕੀਤਾ, ਉਸ ਤੋਂ ਸਪੱਸ਼ਟ ਹੈ ਕਿ ਉਹ ਬਹੁਤ ਹੀ ਪ੍ਰਤਿਭਾਸ਼ਾਲੀ ਤੇ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਪਰ ਬਦਕਿਸਮਤੀ ਐਸੀ ਹੈ ਕਿ ਕੁਝ-ਕੁ ਸਿੱਖ ਸ੍ਰੋਤਾਂ

**ਸਾਬਕਾ ਪ੍ਰੋਫ਼ੈਸਰ ਤੇ ਮੁਖੀ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ-੧੪੩੦੦੬; ਮੋ. +੯੧੯੮੫੫੦-੫੭੬੨੪*

ਵਿਚ ਬਾਬਾ ਬੰਦਾ ਸਿੰਘ ਬਹਾਦਰ ਬਾਰੇ ਅਜਿਹੀਆਂ ਗ਼ਲਤ-ਫਹਿਮੀਆਂ ਤੇ ਭਰਾਂਤੀਆਂ ਪ੍ਰਗਟਾਈਆਂ ਗਈਆਂ ਹਨ, ਜਿਨ੍ਹਾਂ ਨੇ ਉਸ ਦਾ ਇਕ ਸਿੱਖ ਦੇ ਤੌਰ 'ਤੇ ਅਕਸ ਹੀ ਵਿਗਾੜ ਦਿੱਤਾ ਹੈ। ਦੂਜੇ ਪਾਸੇ ਫ਼ਾਰਸੀ ਦੇ ਮੁਸਲਿਮ ਇਤਿਹਾਸਕਾਰ ਤੁਅੱਸਬ ਤੇ ਧਾਰਮਿਕ ਸੰਕੀਰਣਤਾ ਦੇ ਕਾਰਨ ਨਿਰਪੱਖ ਦ੍ਰਿਸ਼ਟੀਕੋਣ ਧਾਰਨ ਨਹੀਂ ਕਰ ਸਕੇ ਜਿਸ ਕਰ ਕੇ ਉਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਸਲਾਮ ਤੇ ਮੁਸਲਮਾਨਾਂ ਦਾ ਕੱਟੜ ਦੁਸ਼ਮਣ ਗਰਦਾਨਦਿਆਂ ਉਸ ਉੱਪਰ ਕਤਲ-ਓ-ਗਾਰਤ ਤੇ ਲੁੱਟ-ਮਾਰ ਦੇ ਗੰਭੀਰ ਦੋਸ਼ਾਰੋਪਣ ਕੀਤੇ ਹਨ। ਆਓ, ਹੁਣ ਅਸੀਂ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ ਦੇ ਬਹੁ-ਆਯਾਮੀ ਰੰਗਾਂ ਨੂੰ ਸਮਕਾਲੀ ਤੇ ਮੁਢਲੇ ਲਿਖਾਰੀਆਂ ਦੀਆਂ ਲਿਖਤਾਂ ਦੇ ਆਧਾਰ ਉੱਤੇ ਨਿਰੀਖਣ ਦਾ ਯਤਨ ਕਰਦੇ ਹਾਂ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਾਪ ਤੋਂ ਪਹਿਲੇ ਮਾਧੋਦਾਸ ਦੀ ਇਕ ਸਿੱਧਜੋਗੀ ਦੇ ਵਜੋਂ ਪ੍ਰਸਿੱਧੀ ਦੂਰ-ਦੂਰ ਦੇ ਸਾਧੂਆਂ-ਸੰਨਿਆਸੀਆਂ ਵਿਚ ਫੈਲ਼ ਚੁੱਕੀ ਸੀ। ਗੋਦਾਵਰੀ ਕਿਨਾਰੇ ਬਣਾਏ ਮੱਠ ਵਿਚ ਉਸ ਨੇ ਅੱਛਾ-ਖਾਸਾ ਠਾਠਾ-ਬਾਗਾ ਕਾਇਮ ਕਰ ਲਿਆ ਸੀ। ਮੱਠ ਵਿਚ ਪਧਾਰਨ ਵਾਲੇ ਸਾਧੂਆਂ ਨਾਲ ਉਸ ਦੇ ਅਯੋਗ ਵਿਹਾਰ ਦੇ ਚਰਚੇ ਵੀ ਆਮ ਸਨ। ਪਰ ੩ ਸਤੰਬਰ, ੧੭੦੮ ਈ. ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਾਰਸ-ਛੋਹ ਨਾਲ ਉਸ ਦੀ ਸ਼ਖ਼ਸੀਅਤ ਵਿਚ ਐਸਾ ਪਰਿਵਰਤਨ ਆਇਆ, ਜਿਸ ਨੇ ਉਸ ਦਾ ਜੀਵਨ-ਮਨੋਰਥ ਹੀ ਬਦਲ ਦਿੱਤਾ। ਗੁਰੂ ਸਾਹਿਬ ਨੇ ਉਸ ਨੂੰ ਖੰਡੇ ਦੀ ਪਾਹੁਲ ਦੇ ਕੇ ਬੰਦਾ ਸਿੰਘ ਦਾ ਨਾਮ ਦਿੱਤਾ ਤੇ ਜੋਤੀ-ਜੋਤਿ ਸਮਾਉਣ ਤੋਂ ਪਹਿਲੇ ਖਾਲਸੇ ਦਾ ਜਥੇਦਾਰ ਥਾਪ ਕੇ ਮੁਗ਼ਲਾਂ ਵਿਰੁੱਧ ਸੰਘਰਸ਼ ਲਈ ਪੰਜਾਬ ਰਵਾਨਾ ਕਰ ਦਿੱਤਾ। ਇਸ ਤੋਂ ਪਿੱਛੋਂ ਉਸ ਨੇ ਪੰਜਾਬ ਅਤੇ ਸਿੱਖ ਪੰਥ ਦੇ ਇਤਿਹਾਸ ਨੂੰ ਜੋ ਨਵਾਂ ਰੁਖ਼ ਪ੍ਰਦਾਨ ਕੀਤਾ, ਉਹ ਕੋਈ ਗੁੱਝੀ-ਛੁਪੀ ਬਾਤ ਨਹੀਂ ਹੈ। ਭਾਵੇਂ ਬਾਬਾ ਬੰਦਾ ਸਿੰਘ ਬਹਾਦਰ ਦਾ ਇਕ ਸਿੱਖ ਵਜੋਂ ਕਿਰਦਾਰ ਬੇਲਾਗ ਤੇ ਚਿੱਟੇ ਦਿਨ ਦੀ ਤਰ੍ਹਾਂ ਸਪੱਸ਼ਟ ਹੈ ਪਰ ਕੁਝ-ਕੁ ਲਿਖਤਾਂ ਵਿਚ ਉਨ੍ਹਾਂ ਦੇ ਸਿੰਘ ਸਜਣ ਤੇ ਖਾਲਸਾ ਰਹਿਤ ਉੱਪਰ ਅਮਲ ਬਾਰੇ ਸ਼ੰਕੇ ਖੜ੍ਹੇ ਕੀਤੇ ਗਏ ਹਨ। ਕੁਝ-ਕੁ ਨੇ ਤਾਂ ਉਨ੍ਹਾਂ ਉੱਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦੇਸ਼ਾਂ ਦੀ ਉਲੰਘਣਾ ਕਰਨ ਤੋਂ ਇਲਾਵਾ ਖੁਦ ਗੁਰਿਆਈ ਧਾਰਨ ਕਰਨ ਦਾ ਦੋਸ਼ ਵੀ ਮੜ੍ਹਿਆ ਹੈ। ਆਰੀਆ ਸਮਾਜੀ ਵਿਚਾਰਧਾਰਾ ਤੋਂ ਪ੍ਰੇਰਿਤ ਲਿਖਾਰੀਆਂ ਨੇ ਉਨ੍ਹਾਂ ਨੂੰ ਗੁਰੂ ਦੇ ਸਿੱਖ ਦੀ ਬਜਾਇ ਇਕ ਹਿੰਦੂ ਬੈਰਾਗੀ ਵਜੋਂ ਪੇਸ਼ ਕਰਨ ਦਾ ਸੁਆਦ ਲਿਆ ਹੈ। ਫ਼ਾਰਸੀ ਦੇ ਸਮਕਾਲੀ ਤੇ ਮੁੱਢਲੇ ਸਿੱਖ-ਸ੍ਰੋਤਾਂ ਦੇ ਅਧਿਐਨ ਤੋਂ ਇਹ ਤੱਥ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਰ-ਕਮਲਾਂ ਰਾਹੀਂ ਖਾਲਸਾ ਪੰਥ 'ਚ ਸ਼ਾਮਲ ਹੋਣ ਤੋਂ ਬਾਅਦ ਉਨ੍ਹਾਂ ਦਾ ਬੈਰਾਗੀ ਸੰਪਰਦਾ ਨਾਲ ਕੋਈ ਲਾਗਾ-ਦੇਗਾ ਨਹੀਂ ਸੀ ਰਿਹਾ। ਨਿਕਟ ਸਮਕਾਲੀ ਲੇਖਕ, ਭਾਈ ਕੇਸਰ ਸਿੰਘ (ਛਿੱਬਰ) ਨੇ ਮਾਧੋਦਾਸ ਦੀ ਗੁਰੂ ਸਾਹਿਬ ਨਾਲ ਮੁਲਾਕਾਤ ਤੇ ਖੰਡੇ ਦੀ ਪਾਹੁਲ ਲੈ ਕੇ ਸਿੰਘ ਸਜ ਜਾਣ ਦੀ ਘਟਨਾ ਨੂੰ ਬੜੇ

ਭਾਵਪੂਰਤ ਢੰਗ ਨਾਲ ਬਿਆਨ ਕੀਤਾ ਹੈ:

*ਪਕੜਾ ਹਾਥ ਉਸ ਦਾ ਸਾਹਿਬ ਅਪਨੇ ਪਾਸ ਬੈਠਾਇਆ।*
*ਸੋ ਪਾਸ ਨ ਬੈਠਾ ਤਿਨ ਤਲੇ ਆਸਨ ਲਾਇਆ।*
*ਸਾਹਿਬ ਪਾਸੋਂ ਆਦਮੀ ਕਰ ਦਿੱਤੇ ਦੂਰ।*
*ਦੁਹਾਂ ਗਲਾਂ ਕੀਤੀਆਂ ਆਪਸ ਵਿਚ ਬੈਠ ਕੇ ਮਸਕੂਰ।*
*ਆਖਰ ਉਠ ਕੇ ਸਾਧੂ ਚਰਨੀਂ ਢਠਿਆ।*
*ਉਨ ਆਖਿਆ ਸਾਹਿਬ ਮੈਂ ਬੰਦਾ ਤੇਰਾ।*
*ਤੂੰ ਹੈ ਪੂਰਣ ਸਤਿਗੁਰੂ ਰਾਖ ਰਖੰਦਾ ਮੇਰਾ।*[੧]

ਭਾਈ ਰਤਨ ਸਿੰਘ (ਭੰਗੂ) ਜਿਸ ਨੇ ਆਪਣੇ ਬਜ਼ੁਰਗਾਂ ਦੀ ਸਿਮ੍ਰਤੀ ਵਿਚ ਸੰਭਾਲੇ ਸਿੱਖ ਇਤਿਹਾਸ ਨੂੰ ਕਲਮਬੰਦ ਕੀਤਾ ਹੈ, ਲਿਖਦਾ ਹੈ ਕਿ ਨੰਦੇੜ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਧੋਦਾਸ ਦੇ ਮੱਠ ਵਿਚ ਜਾ ਕੇ ਉਸ ਦੀ ਸਾਧੂ-ਸੰਤਾਂ ਨਾਲ ਮਸਖਰੀ ਕਰਨ ਦੀ ਭੈੜੀ ਆਦਤ ਬਾਰੇ ਪੁੱਛਿਆ ਤਾਂ ਉਹ ਲਾਜਵਾਬ ਹੋ ਗਿਆ। ਅੰਤ ਵਿਚ ਉਸ ਨੇ ਸਮਰਪਿਤ ਹੋ ਕੇ ਬੇਨਤੀ ਕੀਤੀ :

*ਤਬ ਉਨ ਕਹਯੋ ਮੈਂ ਬੰਦਾ ਤੋਰਾ। ਮੈਂ ਤੋਹਿ ਸਿੰਘ ਗੁਰੂ ਤੂੰ ਮੋਰਾ।*[੨]

ਗੁਰੂ ਸਾਹਿਬ ਨੇ ਉਸ ਨੂੰ ਸਿੱਖ ਧਰਮ ਦਾ ਉਪਦੇਸ਼ ਦਿੱਤਾ ਤੇ ਸਿੱਖੀ ਦੇ ਖੰਡੇਧਾਰ ਮਾਰਗ 'ਤੇ ਤਨ, ਮਨ, ਧਨ ਨਾਲ ਸੇਵਾ ਕਰਨ ਦੇ ਆਦਰਸ਼ ਸਮਝਾਏ। ਦਸਮੇਸ਼ ਪਿਤਾ ਜੀ ਨੇ ਮਾਧੋਦਾਸ ਨੂੰ ਜੋ ਸਬਕ ਦਿੱਤਾ, ਉਹ ਉਸ ਨੇ ਸਵੀਕਾਰ ਕਰ ਲਿਆ। ਗੁਰੂ ਸਾਹਿਬ ਨੇ ਉਸ ਦਾ ਨਾਮ ਬੰਦਾ ਸਿੰਘ ਰੱਖ ਦਿੱਤਾ ਤੇ ਉਸ ਨੂੰ ਖਾਲਸਾ ਪੰਥ ਵਿਚ ਸ਼ਾਮਲ ਕਰ ਲਿਆ :

*-ਜੋ ਆਖੀ ਸਤਿਗੁਰ ਉਸੈ ਸੋ ਉਨ ਲੀਨੀ ਮਾਨ।*
*ਧਰਯੋ ਸੁ ਬੰਦਾ ਨਾਮ ਤਿਸ ਤਿਨ ਕਰ ਲੀਯੋ ਪ੍ਰਮਾਨ।*[੩]
*-ਹਮਨੈ ਖਾਲਸੇ ਤੂੰ ਭੀ ਰਲਾਯਾ। ਤੈਂ ਭੀ ਖਾਲਸਯੋ ਵੰਡਾ ਪਾਯਾ।*
*ਪੰਜ ਸਿੰਘ ਲੈ ਕੇ ਤੂੰ ਸਾਥ। ਕਰ ਅਰਦਾਸ ਪੂਰੀ ਹੋਇ ਬਾਤ।*[੪]

ਭਾਈ ਰਤਨ ਸਿੰਘ (ਭੰਗੂ) ਦੀ ਗਵਾਹੀ ਅਨੁਸਾਰ ਬਾਬਾ ਬੰਦਾ ਸਿੰਘ ਦਾ ਜੀਵਨ ਖਾਲਸਾ ਰਹਿਤ ਦੇ ਅਨੁਸਾਰੀ ਸੀ। ਉਹ ਨਿੱਤਨੇਮ ਅਨੁਸਾਰ ਬਾਣੀ ਦਾ ਪਾਠ ਵੀ ਕਰਦੇ ਸਨ, ਖਾਲਸੇ ਦਾ ਦੀਵਾਨ ਵੀ ਲਗਾਉਂਦੇ ਸਨ, ਪੰਥਕ ਕਾਰਜ ਹਿੱਤ ਪੰਜ ਸਿੰਘਾਂ ਤੋਂ ਅਰਦਾਸ ਵੀ ਕਰਵਾਉਂਦੇ ਸਨ ਅਤੇ ਦੀਵਾਨ ਦੀ ਸਮਾਪਤੀ ਉੱਤੇ ਖਾਲਸਈ ਜੈਕਾਰਾ 'ਵਾਹਿਗੁਰੂ ਜੀ ਕੀ ਫ਼ਤਹ' ਬੁਲਾਇਆ ਜਾਂਦਾ ਸੀ।[੫] ਬਾਬਾ ਬੰਦਾ ਸਿੰਘ ਬਹਾਦਰ ਖ਼ੁਦ ਖਾਲਸਾ ਰਹਿਤ ਦੇ ਧਾਰਨੀ ਹੀ ਨਹੀਂ ਬਲਕਿ ਸਿੱਖਾਂ ਨੂੰ ਇਸ ਉੱਪਰ ਅਮਲ ਕਰਨ ਲਈ ਪ੍ਰੇਰਦੇ ਵੀ ਰਹਿੰਦੇ ਸਨ। ਉਨ੍ਹਾਂ ਦੁਆਰਾ ੧੨ ਦਸੰਬਰ, ੧੭੧੦ ਈ. ਨੂੰ ਜੌਨਪੁਰ ਦੀ ਸੰਗਤ ਨੂੰ ਲਿਖੇ ਹੁਕਮਨਾਮੇ ਵਿਚ ਸਿੱਖਾਂ ਨੂੰ 'ਖਾਲਸੇ ਦੀ ਰਹਤ ਰਹਣਾ' ਦੀ ਬਾਰ-ਬਾਰ ਤਾਕੀਦ ਕੀਤੀ ਗਈ ਹੈ। ਉਨ੍ਹਾਂ ਖਾਲਸਾ ਰਹਿਤ ਸੰਬੰਧੀ

ਪ੍ਰਤਿਬੱਧਤਾ ਬਾਰੇ ਇਸ ਤੋਂ ਵੱਡੀ ਗਵਾਹੀ ਹੋਰ ਕਿਹੜੀ ਹੋ ਸਕਦੀ ਹੈ? ਨਿਰਸੰਦੇਹ ਉਪਰੋਕਤ ਕਿਸਮ ਦੇ ਆਦੇਸ਼ ਦੀ ਕਲਪਨਾ ਉਸ ਵਿਅਕਤੀ ਤੋਂ ਹੀ ਕੀਤੀ ਜਾ ਸਕਦੀ ਹੈ, ਜੋ ਖੁਦ ਖਾਲਸਾ ਰਹਿਤ ਦਾ ਧਾਰਨੀ ਹੋਵੇ।

ਫ਼ਾਰਸੀ ਦੇ ਸਮਕਾਲੀ ਇਤਿਹਾਸਕਾਰ ਇਸ ਤੱਥ ਦੀ ਪੁਸ਼ਟੀ ਕਰਦੇ ਹਨ ਕਿ ਮਈ ੧੭੧੦ ਈ. ਵਿਚ ਸਰਹਿੰਦ ਦੀ ਫਤਿਹ ਉਪਰੰਤ ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਅਹਿਲਕਾਰ ਖੁਦ-ਬ-ਖੁਦ ਸਿੰਘ ਸਜਣ ਲੱਗ ਪਏ ਸਨ। ਸਮਕਾਲੀ ਦਸਤਾਵੇਜ਼ 'ਦਸਤੂਰ-ਉਲ-ਇੰਸ਼ਾ' ਵਿਚ ਜ਼ਿਕਰ ਹੈ ਕਿ— "ਕੀ ਹਿੰਦੂ ਤੇ ਕੀ ਮੁਸਲਮਾਨ, ਜਿਹੜਾ ਭੀ ਉਨ੍ਹਾਂ ਕੋਲ ਪੁੱਜ ਗਿਆ, ਉਸ ਨੂੰ ਉਹ ਸਿੰਘ ਦੇ ਨਾਮ ਨਾਲ ਸੰਬੋਧਨ ਕਰਵਾਉਂਦੇ ਸਨ। ਜਿਵੇਂ ਕਿ ਦੀਨਦਾਰ ਖਾਂ ਨੂੰ ਦੀਨਦਾਰ ਸਿੰਘ ਦੀ ਉਪਾਧੀ ਦਿੱਤੀ ਅਤੇ ਸਰਹਿੰਦ ਦਾ ਖਬਰ-ਨਵੀਸ ਮੀਰ ਨਸੀਰੁਦੀਨ, ਮੀਰ ਨਸੀਰੁਦੀਨ ਸਿੰਘ ਬਣ ਗਿਆ।"[੬] "ਅਖਬਾਰਿ ਦਰਬਾਰਿ ਮੁਅੱਲਾ ਦੀ ੨੩ ਜੁਲਾਈ, ੧੭੧੦ ਈ. ਦੀ ਖ਼ਬਰ ਵੀ ਉਪਰੋਕਤ ਤੱਥ ਦੀ ਪੁਸ਼ਟੀ ਕਰਦੀ ਹੈ।"[੭] ਉਪਰੋਕਤ ਗਵਾਹੀਆਂ ਦੀ ਮੌਜੂਦਗੀ ਵਿਚ ਇਹ ਸ਼ੰਕਾ ਜ਼ਾਹਿਰ ਕਰਨੀ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਅੰਮ੍ਰਿਤਪਾਨ ਨਹੀਂ ਸੀ ਕੀਤਾ, ਬਿਲਕੁਲ ਗ਼ੈਰ-ਵਾਜਿਬ ਹੈ।

ਕੁਝ-ਕੁ ਲਿਖਾਰੀਆਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਮਾਤਾ ਸੁੰਦਰੀ ਨਾਲ ਮਤ-ਭੇਦ ਨੂੰ ਲੈ ਕੇ ਉਸ ਉੱਪਰ ਆਪੂੰ ਗੁਰੂ ਬਣ ਜਾਣ ਤੇ ਆਪਣੀ ਵੱਖਰੀ ਸੰਪ੍ਰਦਾਇ ਬਣਾ ਲੈਣ ਦਾ ਜ਼ਿਕਰ ਕੀਤਾ ਹੈ।[੮] ਬਾਦਸ਼ਾਹ ਦੇ ਕਹਿਣ ਉੱਤੇ ਮਾਤਾ ਸੁੰਦਰੀ ਜੀ ਵੱਲੋਂ ਤੱਤ ਖਾਲਸਾ ਨੂੰ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਛੱਡ ਦੇਣ ਦੇ ਆਦੇਸ਼ ਦੀ ਸੂਹ ਕਿਸੇ ਸਮਕਾਲੀ ਸ੍ਰੋਤ ਵਿੱਚੋਂ ਨਹੀਂ ਮਿਲਦੀ। ਸੰਭਵ ਹੈ ਕਿ ਇਹ ਮਤ-ਭੇਦ ਅਜੀਤ ਸਿੰਘ ਜੋ ਮਾਤਾ ਸੁੰਦਰੀ ਜੀ ਦਾ ਪਾਲਤ-ਪੁੱਤਰ ਸੀ, ਨਾਲ ਸੰਬੰਧਿਤ ਹੋਵੇ, ਕਿਉਂਕਿ 'ਅਖਬਾਰਿ ਦਰਬਾਰਿ ਮੁਅੱਲਾ' ਤੇ ਹੋਰਨਾਂ ਸਮਕਾਲੀ ਸ੍ਰੋਤਾਂ ਵਿਚ ਮੁਗ਼ਲਾਂ ਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਦੇ ਮੁਕਾਬਲੇ ਉਨ੍ਹਾਂ ਦੀ ਸਰਪ੍ਰਸਤੀ ਕਰਨ ਦੀਆਂ ਗਵਾਹੀਆਂ ਮੌਜੂਦ ਹਨ।[੯] ਜਿੱਥੋਂ ਤਕ ਬਾਬਾ ਬੰਦਾ ਸਿੰਘ ਬਹਾਦਰ ਦੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਵਫ਼ਾਦਾਰੀ ਦਾ ਸੰਬੰਧ ਹੈ, ਇਹ ਬਿਲਕੁਲ ਨਿਰਵਿਵਾਦ ਹੈ। ਉਨ੍ਹਾਂ ਨੇ ਸਿੱਖ ਸੰਗਤਾਂ ਨੂੰ ਜੋ ਹੁਕਮਨਾਮੇ ਜਾਰੀ ਕੀਤੇ ਉਹ ਨਿੱਜੀ ਤੌਰ 'ਤੇ ਨਹੀਂ ਬਲਕਿ ਗੁਰੂ ਸਾਹਿਬ ਜੀ ਦੇ ਨਾਉਂ 'ਤੇ ਭੇਜੇ ਸਨ। ਸਰਹਿੰਦ ਫਤਿਹ ਉਪਰੰਤ ਸਿੱਖ ਰਾਜ ਦੀ ਸਥਾਪਤੀ ਦੀ ਯਾਦਗਾਰ ਵਜੋਂ ਜੋ ਸਿੱਕਾ ਜਾਰੀ ਕੀਤਾ ਸੀ, ਉਸ ਉੱਪਰ ਆਪਣੇ ਨਾਮ ਦੀ ਬਜਾਇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਨਾਉਂ ਉਕਰਿਆ ਸੀ :

*ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗਿ ਨਾਨਕ ਵਾਹਿਬ ਅਸਤ*
*ਫ਼ਤਿਹ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜ਼ਲਿ ਸੱਚਾ ਸਾਹਿਬ ਅਸਤ*

ਭਾਵ : ਗੁਰੂ ਨਾਨਕ ਦੀ ਬਖਸ਼ੀ ਤੇਗ ਦੇ ਨਾਲ ਦੋ ਜਹਾਨਾਂ ਵਿਚ ਸਿੱਕਾ ਜਾਰੀ ਕੀਤਾ,

ਸੱਚੇ ਰੱਬ ਦੀ ਮਿਹਰ ਨਾਲ ਸ਼ਾਹਿ ਸ਼ਾਹਾਨ ਗੁਰੂ ਗੋਬਿੰਦ ਸਿੰਘ ਦੀ ਫ਼ਤਿਹ ਹੋਈ।

ਇਸੇ ਹੀ ਤਰ੍ਹਾਂ ਸਿੱਖ ਰਾਜ ਦੇ ਸਰਕਾਰੀ ਦਸਤਾਵੇਜ਼ਾਂ ਤੇ ਫੁਰਮਾਨਾਂ ਨੂੰ ਜਾਰੀ ਕਰਨ ਲਈ ਇਕ ਮੋਹਰ ਚਲਾਈ ਗਈ, ਜਿਸ ਦੀ ਇਬਾਰਤ ਇਸ ਪ੍ਰਕਾਰ ਸੀ:

*ਦੇਗੋ ਤੇਗੋ ਫ਼ਤਿਹ ਓ ਨੁਸਰਤਿ ਬੇ-ਦਿਰੰਗ*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ*

ਭਾਵ : ਦੇਗ ਤੇ ਤੇਗ ਦੀ ਫ਼ਤਿਹ ਜਿਸ ਦੀ ਆਭਾ ਬੜੀ ਨਿਰਾਲੀ ਹੈ, ਇਹ ਬਖਸ਼ਿਸ਼ ਗੁਰੂ ਨਾਨਕ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰਾਪਤ ਹੋਈ ਹੈ।

ਸਪੱਸ਼ਟ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੀਆਂ ਸੈਨਿਕ ਜਿੱਤਾਂ ਤੇ ਪ੍ਰਾਪਤੀਆਂ ਦਾ ਸਿਹਰਾ ਆਪਣੇ ਸਿਰ ਨਹੀਂ ਸੀ ਸਜਾਇਆ ਬਲਕਿ ਇਨ੍ਹਾਂ ਨੂੰ ਗੁਰੂ ਸਾਹਿਬ ਦੀ ਬਖਸ਼ਿਸ਼ ਦੇ ਰੂਪ ਵਿਚ ਸਵੀਕਾਰ ਕੀਤਾ ਸੀ।

ਫ਼ਾਰਸੀ ਦੇ ਪ੍ਰਮੁੱਖ ਇਤਿਹਾਸਕਾਰਾਂ ਤੇ ਮੁਗ਼ਲ-ਰਾਜ ਦੇ ਖ਼ਬਰ ਨਵੀਸਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਕ ਐਸੇ ਖੂੰਖਾਰ ਸ਼ਖ਼ਸ ਦੇ ਰੂਪ ਵਿਚ ਵਿਚ ਪੇਸ਼ ਕੀਤਾ ਹੈ ਜੋ ਮੁਸਲਮਾਨਾਂ ਦੇ ਖੂਨ ਦਾ ਪਿਆਸਾ ਸੀ ਤੇ ਉਸ ਦਾ ਇਰਾਦਾ ਇਸਲਾਮ ਦਾ ਤੁਖ਼ਮ ਨਾਸ਼ ਕਰਨ ਦਾ ਸੀ। ਉਨ੍ਹਾਂ ਦੀਆਂ ਲਿਖਤਾਂ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਮੁਸਲਮਾਨਾਂ ਉੱਪਰ ਜ਼ੁਲਮ-ਓ-ਸਿਤਮ, ਕਤਲ-ਓ-ਗਾਰਤ ਤੇ ਲੁੱਟ-ਮਾਰ ਤੋਂ ਇਲਾਵਾ ਉਨ੍ਹਾਂ ਦੇ ਧਾਰਮਿਕ ਸਥਾਨ ਭਾਵ ਮਸਜਿਦਾਂ, ਮਕਬਰੇ, ਮਜ਼ਾਰ ਤੇ ਕਬਰਾਂ ਆਦਿ ਦੀ ਵਿਆਪਕ ਪੱਧਰ ’ਤੇ ਕੀਤੀ ਤਬਾਹੀ ਦੇ ਵਿਵਰਣ ਨਾਲ ਭਰਪੂਰ ਹਨ। ਜਿੱਥੇ ਇਨ੍ਹਾਂ ਲਿਖਤਾਂ ਵਿਚ ਅਤਿਕਥਨੀ ਦੀ ਭਰਮਾਰ ਹੈ, ਉੱਥੇ ਇਹ ਧਾਰਮਿਕ ਤੁਅੱਸਬ ਤੇ ਰਾਜਸੀ ਪੱਖਪਾਤ ਦੀ ਨੀਤੀ ਤੋਂ ਪ੍ਰੇਰਿਤ ਸਨ। ਇਹ ਵੀ ਇਕ ਹਕੀਕਤ ਹੈ ਕਿ ਸਿੱਖ ਇਤਿਹਾਸਕਾਰਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਸੈਨਿਕ ਸੰਘਰਸ਼ ਨੂੰ ਬੜੀ ਸੰਕੁਚਿਤ ਦ੍ਰਿਸ਼ਟੀ ਤੋਂ ਵੇਖਦਿਆਂ ਇਸ ਦਾ ਮੰਤਵ ਵਜ਼ੀਰ ਖਾਨ ਤੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈਣਾ ਦੱਸਿਆ ਹੈ। ਦਰਅਸਲ ਨਿਰਪੱਖ ਦ੍ਰਿਸ਼ਟੀਕੋਣ ਨਾਲ ਕੀਤੇ ਅਧਿਐਨ ਤੋਂ ਇਹ ਸਾਬਤ ਹੁੰਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਇਸਲਾਮ ਜਾਂ ਮੁਸਲਮਾਨਾਂ ਦਾ ਕਤਈ ਵਿਰੋਧੀ ਨਹੀਂ ਸਨ। ਉਹ ਜ਼ਾਲਮ ਅਤੇ ਅੱਤਿਆਚਾਰੀ ਹਾਕਮਾਂ ਦੇ ਵਿਰੋਧੀ ਸਨ, ਜੋ ਕਿ ਇਤਫਾਕ ਨਾਲ ਇਸਲਾਮ ਦੇ ਧਾਰਨੀ ਸਨ। ਹਾਕਮ ਸ਼੍ਰੇਣੀ ਨਾਲ ਸੰਬੰਧਿਤ ਜ਼ਿਆਦਾਤਰ ਲੋਕ ਸੱਯਦ, ਮੁਗ਼ਲ ਤੇ ਪਠਾਣ ਸਨ, ਜਿਨ੍ਹਾਂ ਨੂੰ ਮੁਗ਼ਲ ਸਰਕਾਰ ਵੱਲੋਂ ਵਿਸ਼ੇਸ਼ ਜਾਗੀਰਾਂ, ਰੁਤਬੇ ਤੇ ਅਖਤਿਆਰ ਹਾਸਲ ਸਨ। ਇਸੇ ਹੀ ਤਰ੍ਹਾਂ ਮੁਸਲਿਮ ਧਾਰਮਿਕ ਵਰਗ ਵਿੱਚੋਂ ਕੱਟੜ ਸੁੰਨੀ ਮੌਲਾਣੇ, ਸੂਫ਼ੀ ਪੀਰ ਤੇ ਪੀਰਜ਼ਾਦੇ ਮੁਗ਼ਲ ਹਾਕਮਾਂ ਦੀ ਮਜ਼ਬੂਤ ਧਿਰ ਸਨ। ਜਦ ਬਾਬਾ ਬੰਦਾ ਸਿੰਘ ਬਹਾਦਰ ਨੇ ਸਮਾਣਾ, ਸਢੌਰਾ, ਸਰਹਿੰਦ ਆਦਿ ਉੱਪਰ ਧਾਵਾ ਕੀਤਾ ਅਤੇ ਬਾਅਦ ਵਿਚ ਜਦ ਸਿੱਖ-ਰਾਜ ਸਥਾਪਿਤ ਕੀਤਾ ਗਿਆ ਤਾਂ ਉਪਰੋਕਤ ਕਿਸਮ ਦੇ ਮੁਸਲਿਮ ਅਮੀਰਾਂ ਤੇ ਪੀਰਜ਼ਾਦਿਆਂ ਨੂੰ ਆਪਣੇ ਪੁਸ਼ਤੈਨੀ ਅਧਿਕਾਰਾਂ ਤੋਂ ਵੰਚਿਤ ਹੋਣਾ ਪਿਆ

ਸੀ। ਇਹੋ ਕਾਰਨ ਹੈ ਕਿ ਮੁਸਲਿਮ ਇਤਿਹਾਸਕਾਰਾਂ ਨੇ ਇਸ ਨੂੰ ਫ਼ਿਰਕਾਪ੍ਰਸਤੀ ਦੇ ਤੰਗ ਨਜ਼ਰੀਏ ਤੋਂ ਤੱਕਿਆ ਹੈ ਤੇ ਬਾਬਾ ਬੰਦਾ ਸਿੰਘ ਬਹਾਦਰ ਉੱਪਰ ਇਸਲਾਮ ਤੇ ਮੁਸਲਮਾਨਾਂ ਦਾ ਦੁਸ਼ਮਣ ਹੋਣ ਦਾ ਇਲਜ਼ਾਮ ਲਾ ਦਿੱਤਾ ਹੈ। ਮੁਸਲਮਾਨਾਂ ਦੇ ਧਰਮ-ਸਥਾਨਾਂ ਦੀ ਵਿਆਪਕ ਪੱਧਰ ਉੱਤੇ ਤਬਾਹੀ ਤੇ ਬੇਹੁਰਮਤੀ ਦਾ ਦੋਸ਼ ਵੀ ਨਿਰਮੂਲ ਹੈ ਕਿਉਂਕਿ ਜਿਨ੍ਹਾਂ ਧਰਮ-ਸਥਾਨਾਂ ਦੀ ਸਢੌਰੇ ਤੇ ਸਰਹਿੰਦ ਵਿਚ ਤਬਾਹੀ ਦੇ ਹਵਾਲੇ ਫ਼ਾਰਸੀ ਦੀਆਂ ਲਿਖਤਾਂ ਵਿਚ ਮੌਜੂਦ ਹਨ, ਉਹ ਅੱਜ ਵੀ ਉਸੇ ਤਰ੍ਹਾਂ ਕਾਇਮ ਹਨ।

ਬਾਬਾ ਬੰਦਾ ਸਿੰਘ ਬਹਾਦਰ ਧਾਰਮਿਕ ਪੱਖਪਾਤ ਤੋਂ ਨਿਰਲੇਪ ਬੜੇ ਹੀ ਉਦਾਰਚਿਤ ਵਿਅਕਤੀ ਸਨ। ਉਨ੍ਹਾਂ ਦੁਆਰਾ ਲਾਮਬੰਦ ਕੀਤੀ ਸਿੱਖ-ਸੈਨਾ ਵਿਚ ਮੁਸਲਮਾਨ ਵੀ ਸ਼ਾਮਲ ਸਨ। 'ਅਖਬਾਰਿ ਦਰਬਾਰਿ ਮੁਅੱਲਾ' ਦੀ ੨੮ ਅਪ੍ਰੈਲ, ੧੭੧੧ ਈ. ਦੀ ਖ਼ਬਰ ਵਿਚ ਜ਼ਿਕਰ ਹੈ ਕਿ ਭਗਵਤੀ ਦਾਸ ਹਰਕਾਰੇ ਨੇ ਹਦਾਇਤ-ਉਲਾਹ ਰਾਹੀਂ ਬਾਦਸ਼ਾਹ ਨੂੰ ਸੂਚਿਤ ਕੀਤਾ ਹੈ ਕਿ ੨੬ ਅਪ੍ਰੈਲ ਤਕ ਨਾਨਕ ਪ੍ਰਸਤ (ਬੰਦਾ ਸਿੰਘ ਬਹਾਦਰ) ਕਲਾਨੌਰ ਵਿਚ ਮੁਕੀਮ ਸੀ। ਉਸ ਨੇ ਕੌਲ ਦੇ ਕੇ ਇਕਰਾਰ ਕੀਤਾ ਹੈ ਕਿ ਮੈਂ ਮੁਸਲਮਾਨਾਂ ਨੂੰ ਕੋਈ ਤਕਲੀਫ ਨਹੀਂ ਦਿੰਦਾ। ਚੁਨਾਂਚਿ ਜਿਹੜੇ ਮੁਸਲਮਾਨ ਉਸ ਵੱਲ ਰੁਜ਼ੂ ਹੁੰਦੇ ਹਨ, ਉਨ੍ਹਾਂ ਦੀ ਦਿਹਾੜੀ ਤੇ ਤਨਖਾਹ ਨਿਯਤ ਕਰ ਕੇ, ਉਨ੍ਹਾਂ ਦਾ ਧਿਆਨ ਰੱਖਦਾ ਹੈ ਅਤੇ ਉਸ ਨੇ ਆਗਿਆ ਦਿੱਤੀ ਹੈ ਕਿ ਨਮਾਜ਼ ਤੇ ਖ਼ੁਤਬਾ ਜਿਵੇਂ (ਮੁਸਲਮਾਨ) ਚਾਹੁਣ ਪੜ੍ਹਨ। ਚੁਨਾਂਚਿ ਪੰਜ ਹਜ਼ਾਰ ਮੁਸਲਮਾਨ ਉਸ ਦੇ ਸਾਥੀ ਬਣ ਗਏ ਹਨ ਅਤੇ ਸਿੰਘਾਂ ਦੀ ਫ਼ੌਜ ਵਿਚ ਬਾਂਗ ਤੇ ਨਮਾਜ਼ ਵੱਲੋਂ ਸੁਖ ਪਾ ਰਹੇ ਹਨ।[੧੦] 'ਅਖਬਾਰਿ ਦਰਬਾਰਿ ਮੁਅੱਲਾ' ਦੀ ਇਕ ਹੋਰ ਖ਼ਬਰ (ਮਿਤੀ ਹੀਣ) ਵਿਚ ਮੁਸਲਮਾਨਾਂ ਦੇ ਸਿੱਖ ਫ਼ੌਜ ਵਿਚ ਭਰਤੀ ਹੋ ਜਾਣ ਦੀ ਪੁਸ਼ਟੀ ਕੀਤੀ ਗਈ ਹੈ ਤੇ ਇਹ ਇੰਕਸਾਫ ਕੀਤਾ ਹੈ ਕਿ ਇਹ ਰੁਝਾਨ ਦਿਨੋ-ਦਿਨ ਵਧ ਰਿਹਾ ਹੈ।[੧੧]

ਭਾਵੇਂ ਮੁਗ਼ਲ ਬਾਦਸ਼ਾਹ ਨੇ ੧੦ ਦਸੰਬਰ, ੧੭੧੦ ਈ. ਨੂੰ ਫੁਰਮਾਨ ਜਾਰੀ ਕਰ ਕੇ ਸਿੱਖਾਂ ਨੂੰ ਇਕ ਕੌਮ ਦੇ ਵਜੋਂ ਖਤਮ ਕਰ ਦੇਣ ਦੇ ਹੁਕਮ ਦੇ ਦਿੱਤੇ ਸਨ[੧੨], ਪਰ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਸੰਘਰਸ਼ ਨੂੰ ਕਿਧਰੇ ਵੀ ਧਾਰਮਿਕ ਰੰਗਤ ਨਹੀਂ ਸੀ ਦਿੱਤੀ। ਉਨ੍ਹਾਂ ਦੀ ਧਾਰਮਿਕ ਨਿਰਪੱਖਤਾ ਤੇ ਉਦਾਰਤਾ ਦਾ ਅੰਦਾਜ਼ਾ ਇਸ ਗੱਲੋਂ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਮੁਸਲਮਾਨਾਂ ਨੂੰ ਉੱਚ-ਅਹੁਦੇ ਦੇਣ ਤੋਂ ਵੀ ਸੰਕੋਚ ਨਹੀਂ ਸੀ ਕੀਤਾ। ਸਰਹਿੰਦ ਦੀ ਫਤਿਹ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਪਰਗਨਾ ਗੁਲਾਬ ਨਗਰ (ਬੂੜੀਆ) ਦੇ ਜ਼ਿਮੀਂਦਾਰ ਜਾਨ ਮੁਹੰਮਦ ਨੂੰ ਕਿਹਾ ਕਿ ਅਸੀਂ ਤੇਰਾ ਸਾਰਾ ਕਸੂਰ ਮੁਆਫ ਕਰ ਦਿੱਤਾ ਹੈ ਅਤੇ ਤੈਨੂੰ ਸਾਰੇ ਪਰਗਨੇ ਦੀ ਜ਼ਿਮੀਂਦਾਰੀ ਸੌਂਪੀ ਜਾਂਦੀ ਹੈ। ਤੈਨੂੰ ਚਾਹੀਦਾ ਹੈ ਕਿ ਤੂੰ ਆਪਣੇ ਆਦਮੀ ਲੈ ਕੇ ਜਾਵੇਂ ਤੇ ਚੂੰਡਲੇ ਦੇ ਜ਼ਿਮੀਂਦਾਰ ਸਰਦਾਰ ਖਾਨ ਨੂੰ ਲਿਆਵੇਂ। ਉਸ ਤੋਂ ਬਾਅਦ ਤੂੰ ਸਾਡੇ ਨਾਲ ਲਾਲ ਖਾਨ ਨੂੰ ਸੋਧਣ ਚੱਲੇਂਗਾ।[੧੩] ਉਪਰੋਕਤ ਗਵਾਹੀਆਂ ਦੀ ਮੌਜੂਦਗੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਇਸਲਾਮ ਤੇ ਮੁਸਲਿਮ ਵਿਰੋਧੀ ਕਹਿਣਾ, ਬਿਲਕੁਲ ਤਰਕਸੰਗਤ ਨਹੀਂ

ਹੈ। ਬਾਬਾ ਬੰਦਾ ਸਿੰਘ ਬਹਾਦਰ ਨੂੰ ਮੁਗ਼ਲ ਹਾਕਮ ਸ਼੍ਰੇਣੀ ਦੇ ਭ੍ਰਿਸ਼ਟ ਕਿਰਦਾਰ ਤੇ ਆਮ ਲੋਕਾਂ ਉੱਪਰ ਕੀਤੇ ਜਾ ਰਹੇ ਜ਼ੁਲਮ, ਅੱਤਿਆਚਾਰ, ਬੇਇਨਸਾਫ਼ੀ, ਸ਼ੋਸ਼ਣ ਆਦਿ ਦਾ ਭਲੀ-ਭਾਂਤ ਪਤਾ ਸੀ। ਐਸੇ ਮਾਹੌਲ ਵਿਚ ਉਨ੍ਹਾਂ ਦੀ ਭੂਮਿਕਾ ਗ਼ਰੀਬਾਂ ਦੇ ਰੱਖਿਅਕ ਤੇ ਦੀਨ-ਦੁਖੀ ਦੇ ਦਰਦ ਦੀ ਪੀੜਾ ਦੇ ਵਿਮੋਚਨਕਾਰੀ ਦੀ ਸੀ। ਸਰਹਿੰਦ ਫ਼ਤਿਹ ਉਪਰੰਤ ਜੋ ਸਿੱਖ ਰਾਜ ਸਥਾਪਿਤ ਹੋਇਆ ਉਹ ਨੇਕੀ ਤੇ ਇਨਸਾਫ ਦੀਆਂ ਉੱਚੀਆਂ ਇਖ਼ਲਾਕੀ ਕਦਰਾਂ-ਕੀਮਤਾਂ ਉੱਤੇ ਉਸਾਰਿਆ ਸੀ। 'ਬੰਸਾਵਲੀਨਾਮੇ' ਦਾ ਲੇਖਕ, ਭਾਈ ਕੇਸਰ ਸਿੰਘ (ਛਿੱਬਰ) ਲਿਖਦਾ ਹੈ ਕਿ ਬਾਬਾ ਬੰਦਾ ਸਿੰਘ ਹਮੇਸ਼ਾਂ ਹੀ ਸੱਚ ਉੱਪਰ ਅਮਲ ਕਰਨ ਤੇ ਬੁਰਿਆਈ ਨੂੰ ਤਿਆਗਣ ਦਾ ਉਪਦੇਸ਼ ਦਿੰਦੇ ਸਨ। ਉਹ ਸਿੱਖ ਅਹਿਲਕਾਰਾਂ ਨੂੰ ਪਾਪ ਛੱਡ ਕੇ ਧਰਮ ਦੇ ਰਸਤੇ ਉੱਤੇ ਚੱਲਣ ਦੀ ਨਸੀਹਤ ਦਿੰਦੇ ਸਨ। ਉਨ੍ਹਾਂ ਦਾ ਆਦਰਸ਼ ਸੀ ਕਿ ਗਰੀਬਾਂ ਦੀ ਰੱਖਿਆ ਕਰੋ:

*ਬੰਦਾ ਕਹੇ ਸਚ ਕੋ ਲਾਗੋ ਬੁਰਾ ਨ ਕਰੋ ਕੋਈ।*
*ਜੋ ਕਰੇਗਾ ਬੁਰਾ ਤਿਸ ਮਾਰੇਗਾ ਸੋਈ।*
*ਸਿੰਘਾਂ ਨੂੰ ਬੰਦਾ ਇਹ ਕਹੇ।*
*ਗਰੀਬ ਦੀ ਰੱਖਿਆ ਕਰੋ, ਗਭਰੂ ਨ ਕੋਈ ਰਹੇ।*
*ਪਾਪ ਤਜੋ ਧਰਮ ਚਾਲ ਰਾਜ ਕਰੋ।*[੧੪]

ਜੰਗ ਦੇ ਦੌਰਾਨ ਆਮ ਲੋਕਾਂ ਦੇ ਹੱਕਾਂ ਦੀ ਰਾਖੀ ਤੇ ਇਸਤਰੀ ਦੇ ਸਤਿਕਾਰ ਦੀ ਕੋਈ ਪਰਵਾਹ ਨਹੀਂ ਕਰਦਾ। ਪਰ ਭਾਈ ਰਤਨ ਸਿੰਘ (ਭੰਗੂ) ਦੇ ਕਥਨ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਇਹ ਐਲਾਨ ਕਰਵਾ ਦਿੱਤਾ ਸੀ ਕਿ ਇਸਤਰੀ ਦੇ ਤਨ ਦੇ ਗਹਿਣੇ ਨੂੰ ਕੋਈ ਹੱਥ ਨਾ ਲਾਵੇ ਤੇ ਨਾ ਹੀ ਕਿਸੇ ਮਰਦ ਦੀ ਪੱਗ ਉਤਰਵਾ ਕੇ ਜਾਂ ਨਿਰਬਸਤਰ ਕਰ ਕੇ ਬੇਇੱਜ਼ਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇ:

*ਨਿਤ ਨਕੀਬ ਬੁਲਾਇ ਸੋ ਇਤ ਬਿਧ ਹੋਕਾ ਦਵਾਇ।*
*ਇਤਨੇ ਕਰੋ ਨਾ ਕੰਮ ਤੁਮ ਸੋ ਮੈਂ ਦਿਉਂ ਬਤਾਇ।*
*ਇਸਤ੍ਰੀ ਤਨ ਜੋ ਗਹਿਣਾ ਹੋਈ। ਤਾਂ ਕੋ ਹਾਥ ਨ ਲਾਓ ਕੋਈ।*
*ਪੁਰਸ਼ ਪੁਸ਼ਾਕ ਔ ਸਿਰ ਕੀ ਪਾਗ। ਇਨ ਭੀ ਕੋਈ ਹੱਥ ਨ ਲਾਗ।*[੧੫]

ਬਾਬਾ ਬੰਦਾ ਸਿੰਘ ਬਹਾਦਰ ਸਿੱਖ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਅਨੁਸਾਰ ਇਨਸਾਫ ਦੇ ਮੁੱਦਈ ਸਨ। ਉਹ ਨਿਆਇ ਵਿਹੂਣੇ ਰਾਜ ਨੂੰ ਨਿਰਾਰਥਕ ਤੇ ਉਸ ਦੇ ਸ਼ਾਸਕ ਨੂੰ ਨਰਕਾਂ ਦਾ ਭਾਗੀ ਤਸੱਵਰ ਕਰਦੇ ਸਨ।[੧੬] ਉਨ੍ਹਾਂ ਦੀ ਸਿੱਖ ਅਹਿਲਕਾਰਾਂ ਨੂੰ ਨਸੀਹਤ ਸੀ ਕਿ ਜੇਕਰ ਤੁਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਚੇ ਸਿੱਖ ਹੋ ਤਾਂ ਕਿਸੇ ਨਾਲ ਬੇਇਨਸਾਫੀ ਨਾ ਕਰੋ। ਬੰਸਾਵਲੀਨਾਮਾ ਦੇ ਕਰਤਾ ਨੇ ਇਕ ਸਿੱਖ ਅਫ਼ਸਰ ਦੀ ਘਟਨਾ ਦਾ ਜ਼ਿਕਰ ਕੀਤਾ ਹੈ, ਜਿਸ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਦੇ ਜ਼ੁਲਮ ਬਦਲੇ ਤੋਪ ਨਾਲ ਉਡਾ ਦੇਣ ਦਾ ਹੁਕਮ ਦਿੱਤਾ ਸੀ ਤਾਂ ਕਿ ਦੂਸਰਿਆਂ ਨੂੰ ਵੀ ਚਿਤਾਵਨੀ ਹੋ ਜਾਏ।[੧੭] ਇਸ ਤੋਂ ਸਿੱਧ ਹੁੰਦਾ ਹੈ ਕਿ ਇਨਸਾਫ ਦੇ ਮਾਮਲੇ ਵਿਚ ਉਨ੍ਹਾਂ

ਦੇ ਸਾਹਮਣੇ ਵੱਡਾ-ਛੋਟਾ ਇਕ ਬਰਾਬਰ ਸਨ। ਉਹ ਨਿਆਇਮੂਰਤੀ ਹੀ ਨਹੀਂ ਬਲਕਿ ਤੁਰੰਤ ਇਨਸਾਫ ਦਿਵਾਉਣਾ ਪਸੰਦ ਕਰਦੇ ਸਨ।

ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਸਥਾਪਿਤ ਕੀਤੇ ਸਿੱਖ ਰਾਜ ਦਾ ਮਨੋਰਥ ਲੋਕ-ਹਿੱਤਾਂ ਦੀ ਰਾਖੀ ਤੇ ਇਨਸਾਫ ਨੂੰ ਯਕੀਨੀ ਬਣਾਉਣਾ ਸੀ। ੧੨ ਦਸੰਬਰ, ੧੭੧੦ ਈ. ਨੂੰ ਜਾਰੀ ਕੀਤੇ ਹੁਕਮਨਾਮੇ ਵਿਚ ਉਹ ਲਿਖਦੇ ਹਨ ਕਿ "ਅਸਾਂ ਸਤਯੁਗ ਵਰਤਾਇਆ ਹੈ।" ਉਨ੍ਹਾਂ ਦੇ ਰਾਜ ਦੀ ਇਹ ਵਿਸ਼ੇਸ਼ਤਾ ਸੀ ਕਿ ਉਨ੍ਹਾਂ ਨੇ ਜ਼ਿਮੀਂਦਾਰਾ ਪ੍ਰਬੰਧ ਖ਼ਤਮ ਕਰ ਕੇ ਹਲਵਾਹਕ ਕਿਸਾਨਾਂ ਨੂੰ ਭੂਮੀ ਦੇ ਮਾਲਕ ਬਣਾਇਆ। ਭਾਰਤੀ ਸਮਾਜ ਵਿਚ ਸਦੀਆਂ ਤੋਂ ਅਛੂਤ ਕਹਾਏ ਜਾਂਦੇ ਲੋਕਾਂ ਨੂੰ ਰਾਜ-ਭਾਗ ਵਿਚ ਭਾਈਵਾਲ ਬਣਾਇਆ। ਫ਼ਾਰਸੀ ਦੇ ਸਮਕਾਲੀ ਇਤਿਹਾਸਕਾਰ ਲਿਖਦੇ ਹਨ ਕਿ ਉਨ੍ਹਾਂ ਨੇ ਅਖੌਤੀ ਅਛੂਤਾਂ, ਨੀਚਾਂ ਨੂੰ ਉੱਚ ਅਹੁਦਿਆਂ ਉੱਤੇ ਮੁਕੱਰਰ ਕਰ ਦਿੱਤਾ। ਇਕ ਅਖੌਤੀ ਚੂਹੜੇ ਜਾਂ ਚਮਿਆਰ ਲਈ ਜੋ ਕਿ ਹਿੰਦੁਸਤਾਨੀਆਂ ਵਿਚ ਨੀਚਾਂ ਤੋਂ ਭੀ ਨੀਚ ਗਿਣਿਆ ਜਾਂਦਾ ਹੈ, ਕੇਵਲ ਘਰੋਂ ਆ ਕੇ ਗੁਰੂ (ਬੰਦਾ ਸਿੰਘ) ਪਾਸ ਹਾਜ਼ਰ ਹੋਣਾ ਹੀ ਹੁੰਦਾ ਸੀ ਕਿ ਥੋੜ੍ਹੇ ਜਿਹੇ ਸਮੇਂ ਵਿਚ ਹੀ ਉਹ ਆਪਣੀ ਜਨਮ-ਭੂਮੀ ਦਾ ਹਾਕਮ ਬਣ ਕੇ ਆ ਜਾਂਦਾ। (ਫੇਰ ਕੀ ਸੀ) ਵੱਡੀਆਂ-ਵੱਡੀਆਂ ਅਖੌਤੀ ਉੱਚੀਆਂ ਜਾਤਾਂ ਵਾਲੇ ਅਤੇ ਧਨਾਢ ਲੋਕ ਉਨ੍ਹਾਂ ਦਾ ਸਵਾਗਤ ਕਰਦੇ ਅਤੇ ਅੱਗੇ ਹੋ ਕੇ ਲੈਣ ਜਾਂਦੇ। ਉੱਥੇ ਪਹੁੰਚ ਕੇ ਇਹ ਹੱਥ ਜੋੜੀ ਉਨ੍ਹਾਂ ਦੇ ਸਾਹਮਣੇ ਖੜੋ ਜਾਂਦੇ ਅਤੇ ਉਨ੍ਹਾਂ ਦੇ ਹੁਕਮਾਂ ਦੀ ਉਡੀਕ ਕਰਦੇ। ਕੋਈ ਆਦਮੀ ਉਨ੍ਹਾਂ ਦੀ ਹੁਕਮ-ਅਦੂਲੀ ਕਰਨ ਦਾ ਹੌਂਸਲਾ ਨਾ ਕਰਦਾ ਅਤੇ ਉਹ ਲੋਕ ਜੋ ਕਈ ਵਾਰੀ ਰਣਭੂਮੀ ਵਿਚ ਨਿਕਲ ਆਉਣ ਦਾ ਖ਼ਤਰਾ ਲੈ ਲਿਆ ਕਰਦੇ ਸਨ, ਅਜਿਹੇ ਸਹਿਮ ਗਏ ਸਨ ਕਿ ਹੁਣ ਉਹ ਅੱਗੋਂ ਕੋਈ ਉਜ਼ਰ ਕਰਨੋਂ ਡਰਦੇ ਸਨ।[੧੮]

ਬਾਬਾ ਬੰਦਾ ਸਿੰਘ ਬਹਾਦਰ ਨੇ ਐਸੀ ਸਮਾਜਿਕ ਵਿਵਸਥਾ ਕਾਇਮ ਕੀਤੀ ਜੋ ਹੱਕ, ਸੱਚ, ਨੇਕੀ, ਇਨਸਾਫ, ਪਰਉਪਕਾਰ ਆਦਿ ਦੀਆਂ ਉੱਚੀਆਂ ਇਖ਼ਲਾਕੀ ਕਦਰਾਂ-ਕੀਮਤਾਂ ਉਤੇ ਆਧਾਰਿਤ ਸੀ। ਉਹ ਸਹੀ ਅਰਥਾਂ ਵਿਚ ਧਾਰਮਿਕ-ਸਮਾਜਿਕ ਇਨਕਲਾਬ ਦਾ ਆਲਮ-ਬਰਦਾਰ ਸੀ। ਆਪਣੀ ਸ਼ਹੀਦੀ ਤੋਂ ਪਹਿਲੇ ਉਨ੍ਹਾਂ ਦਾ ਇਤਮਾਦੁਦੌਲਾ ਮੁਹੰਮਦ ਅਮੀਨ ਖਾਨ ਨੂੰ ਦਿੱਤਾ ਇਹ ਜਵਾਬ ਕਿ "ਜਦ ਮਨੁੱਖ ਅਜਿਹੇ ਪਾਪੀ ਤੇ ਦੁਸ਼ਟ ਹੋ ਜਾਣ ਕਿ ਇਨਸਾਫ ਦਾ ਰਾਹ ਛੱਡ ਬੈਠਣ ਅਤੇ ਹਰ ਪ੍ਰਕਾਰ ਦੇ ਅੱਤਿਆਚਾਰ ਕਰਨ ਲੱਗ ਪੈਣ ਤਾਂ ਉਹ ਰੱਬ ਸੱਚਾ ਮੇਰੇ ਜਿਹੇ ਬੰਦੇ ਪੈਦਾ ਕਰਦਾ ਹੈ ਕਿ ਦੁਸ਼ਟਾਂ ਦਾ ਸੰਘਾਰ ਕਰੇ ਅਤੇ ਜਦ ਉਨ੍ਹਾਂ ਦਾ ਡੰਡ ਪੂਰਾ ਹੋ ਜਾਏ ਤਾਂ ਉਹ ਤੇਰੇ ਜਿਹੇ ਬੰਦੇ ਖੜ੍ਹੇ ਕਰ ਦਿੰਦਾ ਹੈ ਕਿ ਤਾਂ ਕਿ ਉਹ ਉਸ ਨੂੰ ਦੰਡ ਦੇਵੇ।"[੧੯] ਸਪੱਸ਼ਟ ਕਰਦਾ ਹੈ ਕਿ ਉਹ ਆਪਣੇ ਆਪ ਨੂੰ ਦੈਵੀ-ਇਨਸਾਫ ਦਾ ਸਾਧਨ ਜਾਂ ਔਜ਼ਾਰ ਮਾਤਰ ਸਮਝਦੇ ਸਨ ਤੇ ਆਪਣੇ ਹਰ ਕਾਰ-ਵਿਹਾਰ ਨੂੰ ਦੈਵੀ ਇਨਸਾਫ ਦੇ ਤਰਾਜ਼ੂ ਨਾਲ ਤੋਲਦੇ ਸਨ।

ਮੁਗ਼ਲ ਰਾਜ ਵਿਚ ਜਦ ਸ਼ਾਹੀ ਲਸ਼ਕਰ ਇਕ ਥਾਂ ਤੋਂ ਦੂਸਰੀ ਥਾਂ ਲਈ ਕੂਚ ਕਰਦਾ ਸੀ ਤਾਂ ਰਸਤੇ ਵਿਚ ਪੜਾਉ ਦੇ ਦੌਰਾਨ ਪਰਜਾ ਪਾਸੋਂ ਕਈ ਪ੍ਰਕਾਰ ਦੀਆਂ

ਸੇਵਾਵਾਂ ਜਬਰੀ ਵੇਗਾਰ ਦੇ ਵਜੋਂ ਲਈਆਂ ਜਾਂਦੀਆਂ ਸਨ। ਪਰ ਬਾਬਾ ਬੰਦਾ ਸਿੰਘ ਬਹਾਦਰ ਪਰਜਾ ਤੋਂ ਵੇਗਾਰ ਤਾਂ ਕੀ ਲੈਣੀ ਸੀ ਬਲਕਿ ਜਿਹੜੇ ਪੇਸ਼ਾਵਰ ਲੋਕ ਖਾਲਸਾ ਦਲ ਦੀ ਸਹਾਇਤਾ ਲਈ ਆਪਣੀਆਂ ਸੇਵਾਵਾਂ ਦਿੰਦੇ ਸਨ, ਉਨ੍ਹਾਂ ਨੂੰ ਬੜੇ ਖੁੱਲ੍ਹੇ-ਦਿਲ ਨਾਲ ਮਿਹਨਤਾਨਾ ਦਿੰਦੇ ਸਨ:

*ਜਹਿਂ ਬੰਦਾ ਆਇ ਡੇਰਾ ਕਰੇ। ਕਾਢ ਮੋਹਰ ਸੋ ਤਹਿਂ ਬਹੁ ਧਰੇ।*
*ਦੀਵੈ ਪਾਏ ਤੇਲੀ ਤੇਲ। ਇਕ ਮੋਹਰ ਤਿਹ ਦੇਵੈ ਮੇਲ।*
*ਠੂਠੀ ਭਾਂਡਾ ਲਯਾਵੈ ਘੁਮਿਆਰ। ਦੇਵੈ ਮੋਹਰ ਕਢ ਖੀਸਯੋਂ ਡਾਰ।*
*ਲਕੜੀ ਚੂਹੜੋ ਲਯਾਵੈ ਜੋਈ। ਮੋਹਰ ਖੀਸਯੋਂ ਦੇਵੈ ਓਈ।*
*ਖਾਲੀ ਕਿਸੇ ਜੁ ਨਹਿ ਛਡੇ ਮੋਹਰ ਸੁ ਦਏ ਫੜਾਇ।*
*ਜੋ ਆਵੈ ਸਜੂਦ ਹੋਇ ਤਿਹ ਸੰਗ ਲਏ ਮਿਲਾਇ।*[੨੦]

ਜੇਕਰ ਕੋਈ ਦੁਖੀਆ-ਦਰਦਮੰਦ ਉਨ੍ਹਾਂ ਪਾਸ ਫਰਿਆਦੀ ਹੁੰਦਾ ਸੀ ਤਾਂ ਉਸ ਨੂੰ ਧਨ ਦੇ ਨਾਲ ਮਾਲਾ-ਮਾਲ ਕਰ ਦਿੰਦੇ ਸਨ। ਕੈਥਲ, ਸਮਾਣਾ ਵਗੈਰਾ ਦੇ ਮੁਗ਼ਲ ਅਮੀਰਾਂ ਪਾਸੋਂ ਜੋ ਲੁੱਟ ਦਾ ਮਾਲ ਮਿਲਿਆ ਸੀ, ਉਹ ਉਨ੍ਹਾਂ ਨੇ ਆਪਣੇ ਪਾਸ ਰੱਖਣ ਦੀ ਬਜਾਇ ਬੜੇ ਖੁੱਲ੍ਹੇ-ਦਿਲ ਨਾਲ ਖਾਲਸਾ ਦਲ ਵਿਚ ਵੰਡ ਦਿੱਤਾ ਸੀ।

ਬਾਬਾ ਬੰਦਾ ਸਿੰਘ ਦੀ ਬਹਾਦਰੀ ਦੇ ਅਸਾਧਾਰਨ ਤੇ ਲਾਸਾਨੀ ਕਾਰਨਾਮਿਆਂ ਨੂੰ ਦੇਖ ਕੇ ਲੋਕਾਂ ਦੀ ਅਕਲ ਦੰਗ ਰਹਿ ਗਈ ਸੀ। ਉਨ੍ਹਾਂ ਨੂੰ ਉਤਸੁਕਤਾ ਤੇ ਹੈਰਾਨੀ ਸੀ ਕਿ ਉਨ੍ਹਾਂ ਨੇ ਇਤਨੀ ਹਿੰਮਤ ਤੇ ਸ਼ਕਤੀ ਕਿੱਥੋਂ ਗ੍ਰਹਿਣ ਕੀਤੀ ਹੈ। ਉਨ੍ਹਾਂ ਦੀ ਸ਼ਖ਼ਸੀਅਤ ਦੇ ਇਸ ਪੱਖ ਬਾਰੇ ਲੋਕਾਂ ਵਿਚ ਭਿੰਨ-ਭਿੰਨ ਪ੍ਰਕਾਰ ਦੀ ਚਰਚਾ ਪ੍ਰਚਲਿਤ ਹੋ ਗਈ ਸੀ। ਫ਼ਾਰਸੀ ਦੇ ਕੁਝ ਇਤਿਹਾਸਕਾਰ ਉਨ੍ਹਾਂ ਨੂੰ ਗ਼ੈਬ ਤੋਂ ਉਤਰਿਆ ਸੱਯਦ ਕਹਿੰਦੇ ਸਨ ਤੇ ਕਈ ਉਨ੍ਹਾਂ ਨੂੰ 'ਅਸਮਾਨੀ ਆਫ਼ਤ' ਦਾ ਨਾਮ ਦਿੰਦੇ ਸਨ। ਭਾਈ ਰਤਨ ਸਿੰਘ (ਭੰਗੂ) ਅਨੁਸਾਰ ਲੋਕਾਂ ਵਿਚ ਇਹ ਧੁੰਮ ਮੱਚ ਗਈ ਸੀ ਕਿ ਇਹ ਤਾਂ ਹਿੰਦੂ ਅਵਤਾਰਾਂ ਵਰਗਾ ਕੋਈ ਅਵਤਾਰ ਹਨ। ਕੋਈ ਕਹਿੰਦਾ ਕਿ ਇਹ ਤਾਂ ਨਿਹਕਲੰਕੀ ਅਵਤਾਰ ਹੈ ਜਿਨ੍ਹਾਂ ਨੇ ਸਾਰੇ ਮੁਸਲਮਾਨ ਖਪਾ ਦੇਣੇ ਹਨ, ਕੋਈ ਉਨ੍ਹਾਂ ਨੂੰ ਜਾਦੂਗਰ ਤੇ ਕੋਈ ਉਨ੍ਹਾਂ ਨੂੰ ਰਸਾਇਣਗਰ ਕਹਿੰਦਾ ਸੀ। ਕੋਈ ਕਹਿੰਦਾ ਸੀ ਕਿ ਗ਼ੈਬੀ ਬੀਰ ਇਨ੍ਹਾਂ ਦੇ ਅਖਤਿਆਰ ਵਿਚ ਹਨ। ਕੋਈ ਕਹਿੰਦਾ ਸੀ ਕਿ ਇਹ ਤਾਂ ਬੜੇ ਅਦਭੁਤ ਤੇ ਗ਼ੈਬੀ ਇਨਸਾਨ ਹਨ ਕਿਉਂਕਿ ਨਾ ਤਾਂ ਇਨ੍ਹਾਂ ਦਾ ਪੈਰ ਧਰਤੀ 'ਤੇ ਟਿਕਦਾ ਹੈ ਤੇ ਨਾ ਹੀ ਪਰਛਾਵਾਂ ਧਰਤੀ ਉੱਤੇ ਪੈਂਦਾ ਹੈ ਅਤੇ ਨਾ ਹੀ ਅੱਖਾਂ ਦੀਆਂ ਪਲਕਾਂ ਝਪਕਾਉਂਦੇ ਹਨ। ਬਾਬਾ ਬੰਦਾ ਸਿੰਘ ਬਹਾਦਰ ਸੰਬੰਧੀ ਮੁਗ਼ਲ ਸੈਨਾ ਵਿਚ ਇਹ ਵੀ ਧੁੰਮ ਗਿਆ ਸੀ ਕਿ ਉਹ ਆਪਣੀ ਕਰਾਮਾਤੀ ਸ਼ਕਤੀ ਨਾਲ ਸ਼ਸਤਰ ਬੰਨ੍ਹ ਦਿੰਦੇ ਹਨ। ਚੁਨਾਂਚਿ ਤੋਪ, ਤੀਰ, ਤਲਵਾਰ ਆਦਿ ਦਾ ਵਾਰ ਉਸ ਉੱਤੇ ਕੋਈ ਅਸਰ ਨਹੀਂ ਕਰਦਾ।[੨੧] ਦਰਿਆਵਾਂ ਦਾ ਪਾਣੀ ਉਨ੍ਹਾਂ ਨੂੰ ਰਸਤਾ ਦੇ ਦਿੰਦਾ ਹੈ ਤੇ ਜਿੱਥੇ ਜੀਅ ਚਾਹੇ ਉਹ ਉੱਡ ਕੇ ਚਲੇ ਜਾਂਦੇ ਹਨ। ਬਾਬਾ ਬੰਦਾ ਸਿੰਘ ਬਹਾਦਰ ਦੀ ਅਦਭੁੱਤ ਸ਼ਖ਼ਸੀਅਤ ਤੇ ਬਹਾਦਰੀ ਦੇ ਕਾਰਨਾਮੇ

ਮੁਗ਼ਲ ਸੈਨਾ ਲਈ ਇਕ ਬੁਝਾਰਤ ਬਣ ਗਏ ਸਨ। ਅਸਲ ਵਿਚ ਜੋ ਕਾਰਨਾਮੇ ਉਨ੍ਹਾਂ ਨੇ ਆਪਣੀ ਹਿੰਮਤ ਤੇ ਬਹਾਦਰੀ ਨਾਲ ਸਰੰਜਾਮ ਦਿੱਤੇ, ਲੋਕ ਉਨ੍ਹਾਂ ਨੂੰ ਉਸ ਦੀ ਕਰਾਮਾਤ ਜਾਂ ਜਾਦੂਗਰੀ ਦਾ ਨਤੀਜਾ ਸਮਝਦੇ ਸਨ। ਫਲਸਰੂਪ ਉਪਰੋਕਤ ਕਿਸਮ ਦੀਆਂ ਕਰਾਮਾਤੀ ਕਹਾਣੀਆਂ ਤੇ ਦੰਦ-ਕਥਾਵਾਂ ਲੋਕਾਂ ਤੇ ਮੁਗ਼ਲ ਸੈਨਿਕਾਂ ਵਿਚ ਫੈਲ ਗਈਆਂ ਸਨ, ਮੁਗ਼ਲ ਸੈਨਾਪਤੀ ਦੇ ਦਿਲ-ਦਿਮਾਗ ਉੱਤੇ ਬੰਦਾ ਸਿੰਘ ਦੀ ਬਹਾਦਰੀ ਦੀ ਐਸੀ ਦਹਿਸ਼ਤ ਛਾਈ ਹੋਈ ਸੀ ਕਿ ਡਰਦਾ ਹੋਇਆ ਕੋਈ ਪੰਜਾਬ ਵੱਲ ਮੂੰਹ ਨਹੀਂ ਸੀ ਕਰਦਾ।[੨੨]

ਫ਼ਾਰਸੀ ਦੇ ਸਮਕਾਲੀ ਇਤਿਹਾਸਕਾਰ ਮੁਹੰਮਦ ਸ਼ਫੀ ਵਾਹਿਦ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਸ਼ਕਲ-ਸੂਰਤ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਮਿਲਦਾ-ਜੁਲਦਾ ਸੀ। 'ਅਸਰਾਰਿ ਸਮਦੀ' ਦਾ ਲੇਖਕ ਉਨ੍ਹਾਂ ਦੀ ਖ਼ੂਬਸੂਰਤ ਦਿੱਖ ਦਾ ਕਥਨ ਕਰਦਾ ਹੈ। ਇਤਮਾਦਉ ਦੌਲਾ ਮੁਹੰਮਦ ਅਮੀਨ ਖਾਨ ਬਾਬਾ ਬੰਦਾ ਸਿੰਘ ਬਹਾਦਰ ਦੇ ਨੂਰਾਨੀ ਚਿਹਰੇ ਤੋਂ ਬੜਾ ਪ੍ਰਭਾਵਿਤ ਸੀ। ਦਿੱਲੀ ਵਿਚ ਸ਼ਹੀਦੀ ਸਮੇਂ ਉਸ ਤੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੁੱਛੇ ਬਗੈਰ ਰਿਹਾ ਨਾ ਗਿਆ ਕਿ ਜਿਹੜਾ ਇਨਸਾਨ ਚਿਹਰੇ-ਮੁਹਰੇ ਤੋਂ ਇਤਨਾ ਗਿਆਨਵਾਨ ਪ੍ਰਤੀਤ ਹੁੰਦਾ ਹੈ ਅਤੇ ਜਿਸ ਦੇ ਆਚਰਨ ਵਿਚ ਇਤਨੀ ਉੱਚਤਾ ਹੈ, ਉਹ ਕਿਵੇਂ ਐਸੇ ਭੈਭੀਤ ਕਿਸਮ ਦੇ ਕਰਮਾਂ ਦਾ ਦੋਸ਼ੀ ਹੋ ਸਕਦਾ ਹੈ?

ਬਾਬਾ ਬੰਦਾ ਸਿੰਘ ਬਹਾਦਰ ਬਹੁਤ ਹੀ ਦਮ-ਖਮ ਵਾਲੇ ਵਿਅਕਤੀ ਸਨ। ਉਹ ਜੁੱਸੇ ਦਾ ਗਠੀਲਾ ਤੇ ਰਫ਼ਤਾਰ ਪੱਖੋਂ ਬੜੇ ਫੁਰਤੀਲੇ ਸਨ। ਉਹ ਇੱਕੋ ਦਿਨ ਵਿਚ ੨੦-੨੦ ਕੋਹਾਂ ਦਾ ਪੈਦਲ ਪੈਂਡਾ ਮਾਰ ਸਕਦੇ ਸਨ। ਸਰੀਰ ਵਿਚ ਫੁਰਤੀ ਇਤਨੀ ਸੀ ਕਿ ਸਾਰੇ ਦਲ ਦਾ ਝੱਟ ਨਿਰੀਖਣ ਕਰ ਲੈਂਦੇ ਸੀ। ਭੁੱਖ ਤੇ ਪਿਆਸ ਨੂੰ ਬਰਦਾਸ਼ਤ ਕਰਨ ਦੀ ਉਨ੍ਹਾਂ ਵਿਚ ਅਥਾਹ ਸ਼ਕਤੀ ਸੀ। ਉਹ ਸਾਰੀ-ਸਾਰੀ ਰਾਤ ਦਾ ਉਨੀਂਦਰਾ ਕੱਟ ਸਕਦੇ ਸਨ।[੨੩] ਸਰੀਰ ਦੀ ਹੱਡੀ ਸਖ਼ਤ ਸੀ ਜਿਸ ਕਰ ਕੇ ਮੰਜ਼ਿਲਾਂ ਮਾਰਨ ਲਈ ਲਗਾਤਾਰ ਘੋੜ-ਸਵਾਰੀ ਕਰ ਸਕਦੇ ਸਨ। ਆਤਮਿਕ ਤੌਰ 'ਤੇ ਉਹ ਇਤਨੇ ਬਲਵਾਨ ਸਨ ਕਿ ਗੁਰਦਾਸ ਨੰਗਲ ਦੇ ਲੰਮੇ ਘੇਰੇ ਦੌਰਾਨ ਪੈਦਾ ਹੋਈਆਂ ਭੁੱਖ-ਮਰੀ ਆਦਿ ਦੀਆਂ ਤਕਲੀਫਾਂ ਅਤੇ ਅੰਤ ਸ਼ਹੀਦੀ ਤੋਂ ਪਹਿਲੇ ਅਜਿਹੇ ਤਸੀਹੇ ਉਨ੍ਹਾਂ ਨੂੰ ਆਪਣੇ ਸਿਦਕ ਤੇ ਇਰਾਦੇ ਤੋਂ ਡੁਲ੍ਹਾ ਨਹੀਂ ਸਨ ਸਕੇ।

ਬਾਬਾ ਬੰਦਾ ਸਿੰਘ ਬਹਾਦਰ ਇਕ ਅਜਿਹੇ ਸੈਨਾਪਤੀ ਸੀ ਜੋ ਘੱਟ ਤੋਂ ਘੱਟ ਨੁਕਸਾਨ ਕਰਵਾ ਕੇ ਵੱਧ ਤੋਂ ਵੱਧ ਸਫਲਤਾ ਗ੍ਰਹਿਣ ਕਰਦੇ ਸੀ। ਉਹ ਆਪਣੀ ਰਣਨੀਤੀ ਨੂੰ ਬੜੀ ਸੂਝ-ਬੂਝ ਨਾਲ ਸਰੰਜਾਮ ਦਿੰਦਾ ਸੀ। ਬਹਾਦਰੀ ਤਾਂ ਭਾਵੇਂ ਉਨ੍ਹਾਂ ਦਾ ਖਾਸਾ ਸੀ ਪਰ ਉਹ ਜੰਗ ਉੱਤੇ ਉਤਨੀ ਦੇਰ ਤਕ ਉਤਾਰੂ ਨਹੀਂ ਸੀ ਹੁੰਦੇ ਜਿਤਨੀ ਦੇਰ ਤਕ ਉਸ ਨੂੰ ਜਿੱਤ ਦਾ ਯਕੀਨ ਨਹੀਂ ਸੀ ਹੋ ਜਾਂਦਾ। ਆਪਣੇ ਧਰਮ-ਯੁੱਧ ਦੇ ਮੁੱਢਲੇ ਦਿਨਾਂ ਵਿਚ ਉਨ੍ਹਾਂ ਨੇ ਸੋਨੀਪਤ ਉੱਪਰ ਉਦੋਂ ਹੀ ਧਾਵਾ ਕੀਤਾ ਜਦੋਂ ਉਸ ਪਾਸ ਮਾਕੂਲ ਗਿਣਤੀ ਵਿਚ ਸਿੰਘ ਇਕੱਠੇ ਹੋ ਗਏ ਸਨ। ਇਸੇ ਹੀ ਤਰ੍ਹਾਂ ਉਨ੍ਹਾਂ ਨੇ ਵਜ਼ੀਰ

ਖਾਨ ਨਾਲ ਫੈਸਲਾਕੁੰਨ ਲੜਾਈ ਲਈ ਮਾਝੇ ਦੇ ਜੁਝਾਰੂ ਸਿੰਘਾਂ ਨੂੰ ਨਾਲ ਰਲਾਉਣਾ ਜ਼ਰੂਰੀ ਸਮਝਿਆ। ਸਪੱਸ਼ਟ ਹੈ ਕਿ ਖਾਲਸਾ ਦਲ ਵਿਚ ਸ਼ਾਮਲ ਹੋ ਚੁੱਕੀ ਲੁਟੇਰਿਆਂ ਦੀ ਧਾੜ ਨੂੰ ਵੀ ਆਪਣੀ ਅਸਲੀ ਸੈਨਿਕ ਸ਼ਕਤੀ ਸਮਝਣ ਦਾ ਧੋਖਾ ਨਹੀਂ ਸੀ ਰੱਖਦੇ। ਉਨ੍ਹਾਂ ਦੀ ਜੰਗੀ ਕਲਾ ਦੀ ਵਿਸ਼ੇਸ਼ਤਾ ਇਸ ਵਿਚ ਸੀ ਕਿ ਉਹ ਦੁਸ਼ਮਣ ਤੋਂ ਬਚਾਉ ਕਰਨ ਦੀ ਬਜਾਇ ਉਸ ਉੱਪਰ ਪਹਿਲਾਂ ਹੀ ਆਕਰਮਣ ਕਰ ਦਿੰਦੇ ਸੀ। ਉਹ ਹਮੇਸ਼ਾਂ ਅਚਾਨਕ ਹਮਲਾ ਕਰਦੇ ਸੀ ਅਤੇ ਉਨ੍ਹਾਂ ਦਾ ਵਾਰ ਹਮੇਸ਼ਾਂ ਫੈਸਲਾਕੁੰਨ ਹੋਇਆ ਕਰਦਾ ਸੀ। ਧਾਵਾ ਕਰਨ ਸਮੇਂ ਉਹ ਬਿਜਲੀ ਦੀ ਰਫ਼ਤਾਰ ਨਾਲ ਅੱਗੇ ਵਧਦੇ ਸੀ ਤੇ ਗਜ਼ਬ ਦੀ ਸ਼ਕਤੀ ਨਾਲ ਝਪਟਦੇ ਸੀ ਕਿ ਵੈਰੀ ਨੂੰ ਸੰਭਲਣ ਦਾ ਮੌਕਾ ਹੀ ਨਹੀਂ ਸੀ ਮਿਲਦਾ। ਨਵੰਬਰ ੧੭੧੧ ਈ. ਵਿਚ ਇਕ ਦਿਨ ਸਵੇਰ-ਸਾਰ ਉਨ੍ਹਾਂ ਨੇ ਸਮਾਣਾ ਉੱਤੇ ਕਈ ਕੋਹਾਂ ਤੋਂ ਸ਼ੂਟ ਵੱਟ ਕੇ ਧਾਵਾ ਕੀਤਾ ਸੀ ਕਿ ਮੁਗ਼ਲਾਂ ਨੂੰ ਸ਼ਹਿਰ ਦੇ ਦਰਵਾਜ਼ੇ ਬੰਦ ਕਰਨ ਦਾ ਮੌਕਾ ਹੀ ਨਾ ਮਿਲਿਆ। ਇਸੇ ਹੀ ਤਰ੍ਹਾਂ ਉਨ੍ਹਾਂ ਨੇ ੬ ਮਾਰਚ, ੧੭੧੧ ਈ. ਵਿਚ ਬਜ਼ੀਦ ਖਾਨ ਅਤੇ ਸਮਸ਼ ਖਾਨ ਉੱਪਰ ਰਾਇਪੁਰ ਬਹਿਰਾਮ ਦੇ ਸਥਾਨ ਉੱਤੇ ਅਚਾਨਕ ਝਪਟ ਮਾਰੀ ਸੀ। ਉਹ ੩੦ ਨਵੰਬਰ, ੧੭੧੦ ਈ. ਦੀ ਰਾਤ ਨੂੰ ਸ਼ਾਹੀ ਸੈਨਾ ਦੇ ਲੋਹਗੜ੍ਹ ਦੇ ਘੇਰੇ ਨੂੰ ਤੋੜ ਕੇ ਸਾਫ ਨਿਕਲ ਗਏ ਸੀ ਤੇ ਬਿਜਲੀ ਦੀ ਤੇਜ਼ੀ ਨਾਲ ਪਹਾੜੀ ਰਿਆਸਤਾਂ ਨੂੰ ਸੋਧਦੇ ਹੋਇਆਂ ਫਰਵਰੀ-ਮਾਰਚ ੧੭੧੧ ਈ. ਵਿਚ ਉਸ ਨੇ ਅਚਾਨਕ ਬਟਾਲਾ-ਕਲਾਨੌਰ ਵਿਚ ਪ੍ਰਗਟ ਹੋ ਕੇ ਤਰਥੱਲੀ ਮਚਾ ਦਿੱਤੀ ਸੀ। ਗੁਰਦਾਸ ਨੰਗਲ ਦੇ ਘੇਰੇ ਤੋਂ ਪੂਰਵ ਮੁਗ਼ਲ ਸੈਨਾ ਨੇ ਉਨ੍ਹਾਂ ਨੂੰ ਦੋ ਵਾਰ ਲੋਹਗੜ੍ਹ (ਨਵੰਬਰ ੧੭੧੦ ਤੇ ਜੂਨ ੧੭੧੩ ਈ.) ਵਿਚ ਤੇ ਇਕ ਵਾਰ ਪਸਰੂਰ ਨੇੜੇ (ਜੂਨ ੧੭੧੧ ਈ.) ਘੇਰ ਕੇ ਮਾਰਨ ਦੀ ਕੋਸ਼ਿਸ਼ ਕੀਤੀ ਪਰ ਉਹ ਹਮੇਸ਼ਾਂ ਹੀ ਦੁਸ਼ਮਣ ਦੇ ਘੇਰੇ ਨੂੰ ਚੀਰ ਕੇ ਨਿਕਲ ਜਾਂਦੇ ਰਹੇ। ੧੭੧੫ ਈ. ਵਿਚ ਗੁਰਦਾਸ ਨੰਗਲ ਦੇ ਘੇਰੇ ਸਮੇਂ ਮੁਗ਼ਲ ਸੈਨਾਪਤੀਆਂ ਨੂੰ ਹਮੇਸ਼ਾਂ ਇਹ ਡਰ ਲੱਗਾ ਰਹਿੰਦਾ ਸੀ ਕਿ ਘੇਰੇ ਅੰਦਰਲੇ ਸਿੰਘ ਕਿਧਰੇ ਇਕੱਠੇ ਹੋ ਕੇ ਜ਼ੋਰਦਾਰ ਹਮਲਾ ਕਰ ਕੇ ਘੇਰੇ ਨੂੰ ਤੋੜ ਕੇ ਆਪਣੇ ਆਗੂ ਨੂੰ ਬਾਹਰ ਕੱਢ ਕੇ ਹੀ ਨਾ ਲੈ ਜਾਣ।

ਦੁਸ਼ਮਣ ਦੇ ਹਮਲੇ ਤੋਂ ਸੁਰੱਖਿਆ ਦਾ ਜੰਗੀ-ਹੁਨਰ ਵੀ ਕਮਾਲ ਦਾ ਸੀ। ਉਨ੍ਹਾਂ ਨੇ ਸਢੌਰੇ-ਲੋਹਗੜ੍ਹ ਅਤੇ ਲੋਹਗੜ੍ਹ-ਸਿਤਾਰਗੜ੍ਹ ਵਿਚਕਾਰ ਕੋਈ ੫੨ ਫ਼ੌਜੀ ਚੌਕੀਆਂ ਕਾਇਮ ਕੀਤੀਆਂ ਸਨ। ਇਨ੍ਹਾਂ ਨੂੰ ਐਸੇ ਢੰਗ ਨਾਲ ਤਕਸੀਲ ਕੀਤਾ ਕਿ ਇਨ੍ਹਾਂ ਤੋਂ ਸਹਿਜੇ ਹੀ ਪਿਛਾਂਹ ਨੂੰ ਹਟਿਆ ਜਾ ਸਕਦਾ ਸੀ ਤੇ ਲੋੜ ਪੈਣ 'ਤੇ ਇਕ ਤੋਂ ਦੂਸਰੀ ਨੂੰ ਕੁਮਕ ਪਹੁੰਚਾਈ ਜਾ ਸਕਦੀ ਸੀ। ਜੇਕਰ ਦੁਸ਼ਮਣ ਸੈਨਾ ਇਨ੍ਹਾਂ ਨੂੰ ਸਰ ਕਰ ਲੈਂਦੀ ਸੀ ਤਾਂ ਉਹ ਸਿੱਧੀ ਸਿੱਖਾਂ ਦੇ ਤੀਰਾਂ ਤੇ ਬੰਦੂਕਾਂ ਦੀ ਮਾਰ ਹੇਠ ਆ ਜਾਂਦੀ ਸੀ। ਸੁਰੱਖਿਆ ਦੀ ਦ੍ਰਿਸ਼ਟੀ ਤੋਂ ਲੋਹਗੜ੍ਹ ਤੇ ਸਿਤਾਰਗੜ੍ਹ ਬਹੁਤ ਮਹਿਫੂਜ਼ ਥਾਂ ਸਨ। ਫ਼ਾਰਸੀ ਦੇ ਇਤਿਹਾਸਕਾਰ ਮੰਨਦੇ ਹਨ ਕਿ ਤਕਰੀਬਨ ਸੱਠ ਹਜ਼ਾਰ ਸਿਪਾਹੀ ਵੀ ਇਸ ਨੂੰ ਸਰ ਕਰਨ ਲਈ ਨਾਕਾਫੀ ਸਨ। ਸੁਰੱਖਿਆ ਲਈ ਲੋਹਗੜ੍ਹ ਤੇ ਸਿਤਾਰਗੜ੍ਹ

ਦੇ ਪਹਾੜੀ ਕਿਲ੍ਹਿਆਂ ਦੀ ਚੋਣ ਉਨ੍ਹਾਂ ਦੇ ਜੰਗੀ-ਹੁਨਰ ਤੇ ਕਲਾ ਦੀ ਜਿਊਂਦੀ-ਜਾਗਦੀ ਮਿਸਾਲ ਹੈ। ਗੁਰਦਾਸ ਨੰਗਲ ਦੇ ਘੇਰੇ ਤੋਂ ਪਹਿਲਾਂ ਇਸ ਦੇ ਆਸੇ-ਪਾਸੇ ਫ਼ੌਜੀ ਚੌਕੀਆਂ ਬਣਾਉਣ ਦੀ ਯੋਜਨਾ ਸੀ ਪਰ ਵਕਤ ਦੀ ਤੰਗੀ ਕਾਰਨ ਸਮੇਂ ਸਿਰ ਸਿਰੇ ਨਹੀਂ ਸੀ ਚੜ੍ਹੀ।

ਉਨ੍ਹਾਂ ਨੇ ਮੁਗ਼ਲ ਸੈਨਾ ਨਾਲ ਸੰਘਰਸ਼ ਦੇ ਲਈ ਕੁਝ ਨਵੀਆਂ ਜੰਗੀ ਚਾਲਾਂ ਤੇ ਪੈਂਤੜੇ ਵੀ ਅਜਮਾਏ। ਮੁਗ਼ਲ ਸੈਨਾ ਦੀ ਸਭ ਤੋਂ ਵੱਡੀ ਤਾਕਤ ਉਨ੍ਹਾਂ ਦਾ ਤੋਪਖਾਨਾ ਸੀ। ਬਾਬਾ ਬੰਦਾ ਸਿੰਘ ਬਹਾਦਰ ਪਾਸ ਗਿਣਤੀ ਦੀਆਂ ਤੋਪਾਂ ਸਨ, ਜੋ ਸਰਹਿੰਦ ਫਤਿਹ ਉਪਰੰਤ ਹੱਥ ਲੱਗੀਆਂ ਸਨ। ਨਵੀਆਂ ਤੋਪਾਂ ਦੀ ਢਲਾਈ ਲਈ ਲੋਹੇ ਅਤੇ ਗੋਲੇ ਆਦਿ ਲਈ ਸਿੱਕੇ ਦੀ ਜ਼ਰੂਰਤ ਸੀ, ਜਿਸ ਦੀ ਪੂਰਤੀ ਬੜੀ ਮੁਸ਼ਕਿਲ ਸੀ। ਤੋਪਖਾਨੇ ਦੀ ਇਸ ਘਾਟ ਨੂੰ ਪੂਰਿਆਂ ਕਰਨ ਲਈ ਇਮਲੀ ਦੇ ਦਰੱਖਤ ਦੇ ਮੋਟੇ ਤਣੇ ਵਿਚ ਛੇਕ ਮਾਰ ਕੇ ਤੇ ਇਸ ਦੇ ਉੱਪਰ ਲੋਹੇ ਦੇ ਕੜੇ ਚਾੜ੍ਹ ਕੇ ਤੋਪ ਤਿਆਰ ਕੀਤੀ ਗਈ। ਇਸ ਵਿਚ ਸਿੱਕੇ ਦੇ ਗੋਲਿਆਂ ਦੀ ਥਾਂ 'ਤੇ ਪੱਥਰਾਂ ਦੀ ਵਰਤੋਂ ਕੀਤੀ ਗਈ। ਫ਼ਾਰਸੀ ਦੇ ਇਤਿਹਾਸਕਾਰ ਲਿਖਦੇ ਹਨ ਕਿ ਭਾਵੇਂ ਇਹ ਪੂਰੀ ਤੋਪ ਦਾ ਕੰਮ ਨਹੀਂ ਸੀ ਦਿੰਦੀ ਪਰ ਤੋਪ ਦੀ ਅੱਧੀ ਮਾਰ ਦਾ ਕੰਮ ਜ਼ਰੂਰ ਕਰਦੀ ਸੀ। ਇਸੇ ਹੀ ਤਰ੍ਹਾਂ ਮੁਗ਼ਲਾਂ ਦੇ ਕਿਲ੍ਹਿਆਂ ਨੂੰ ਸਰ ਕਰਨ ਲਈ ਮੋਰਚਾਲ ਈਜ਼ਾਦ ਕੀਤੇ ਗਏ। ਉਪਰੋਕਤ ਕਿਸਮ ਦੀਆਂ ਕਾਢਾਂ ਤੇ ਇਨ੍ਹਾਂ ਦੀ ਸਫ਼ਲਤਾ ਸਹਿਤ ਵਰਤੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਸੈਨਿਕ ਪ੍ਰਭਿਤਾ ਤੇ ਜੰਗੀ-ਹੁਨਰ ਦੀਆਂ ਗਵਾਹ ਹਨ।

ਬਾਬਾ ਬੰਦਾ ਸਿੰਘ ਬਹਾਦਰ ਆਲ੍ਹਾ ਦਰਜੇ ਦੇ ਸਿਆਸਤਦਾਨ ਵੀ ਸਨ। ਉਨ੍ਹਾਂ ਨੂੰ ਮੁਗ਼ਲ ਸਾਮਰਾਜ ਦੀ ਸੈਨਿਕ ਸ਼ਕਤੀ ਤੇ ਜੰਗੀ ਵਸੀਲਿਆਂ ਦਾ ਚੰਗੀ ਤਰ੍ਹਾਂ ਗਿਆਨ ਸੀ। ਉਨ੍ਹਾਂ ਨੂੰ ਇਹ ਵੀ ਪਤਾ ਸੀ ਕਿ ਸੀਮਿਤ ਸੈਨਿਕ ਵਸੀਲਿਆਂ ਨਾਲ ਮੁਗ਼ਲ ਸੈਨਾ ਨਾਲ ਲੰਮੇ ਸਮੇਂ ਲਈ ਟੱਕਰ ਲੈਣਾ ਕੋਈ ਅਸਾਨ ਕੰਮ ਨਹੀਂ ਹੈ। ਇਸ ਸਥਿਤੀ ਵਿਚ ਉਨ੍ਹਾਂ ਨੇ ਮੁਗ਼ਲਾਂ ਦੇ ਅੱਤਿਆਚਾਰ, ਬੇਇਨਸਾਫੀ ਤੇ ਗ਼ਲਤ ਨੀਤੀਆਂ ਤੋਂ ਦੁਖੀ ਲੋਕਾਂ ਨੂੰ ਲਾਮਬੰਦ ਕਰਨ ਦਾ ਬੀੜਾ ਉਠਾਇਆ। ਇਸ ਮਕਸਦ ਵਿਚ ਉਨ੍ਹਾਂ ਨੇ ਜਮੁਨਾ-ਗੰਗ ਦੁਆਬ ਦੇ ਗੁੱਜਰਾਂ ਤੇ ਪਹਾੜ ਦੇ ਗੁੱਜਰਾਂ ਤੇ ਪੰਜਾਬ ਦੀਆਂ ਪਹਾੜੀ ਰਿਆਸਤਾਂ ਦੇ ਜ਼ਿਮੀਂਦਾਰਾਂ ਨੂੰ ਆਪਣੇ ਨਾਲ ਰਲਾਉਣ ਦੀ ਕੋਸ਼ਿਸ਼ ਕੀਤੀ। ਰਾਜਪੂਤਾਨੇ ਵਿਚ ਅੰਬੇਰ ਤੇ ਜੋਧਪੁਰ ਦੇ ਰਾਜਪੂਤ ਰਾਜੇ ਮੁਗ਼ਲਾਂ ਵਿਰੁੱਧ ਬਗ਼ਾਵਤ ਦੇ ਰਾਹ ਉੱਤੇ ਤੁਰੇ ਹੋਏ ਸਨ। ਬਾਬਾ ਬੰਦਾ ਸਿੰਘ ਬਹਾਦਰ ਨੇ ਰਾਜਪੂਤ ਰਾਜਿਆਂ ਨਾਲ ਸੰਪਰਕ ਸਥਾਪਿਤ ਕਰਨ ਦੀ ਪਹਿਲ ਕਦਮੀ ਕੀਤੀ ਤੇ ਉਨ੍ਹਾਂ ਨੂੰ ਮੁਗ਼ਲਾਂ ਨਾਲ ਸੰਘਰਸ਼ ਕਰਨ ਲਈ ਸਿੱਖ-ਰਾਜਪੂਤ ਗਠਬੰਧਨ ਦੀ ਤਜਵੀਜ਼ ਪੇਸ਼ ਕੀਤੀ। ਸਿਆਸਤ ਦੀ ਦ੍ਰਿਸ਼ਟੀ ਤੋਂ ਇਹ ਬੜੀ ਆਲ੍ਹਾ ਦਰਜੇ ਦੀ ਚਾਲ ਸੀ ਪਰ ਰਾਜਪੂਤ ਰਾਜਿਆਂ ਦੀ ਬੇਰੁਖ਼ੀ ਤੇ ਖੁਦਗ਼ਰਜ਼ੀ ਕਾਰਨ ਨਾਕਾਮ ਹੋ ਗਈ ਨਹੀਂ ਤਾਂ ਮੁਗ਼ਲ ਸਾਮਰਾਜ ਦਾ ਭੋਗ ਬੜਾ ਸਮਾਂ ਪਹਿਲਾਂ ਹੀ ਪੈ ਜਾਣਾ ਸੀ।

ਉਪਰੋਕਤ ਸਾਰੀ ਚਰਚਾ ਦਾ ਸਾਰ ਇਹ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ

ਸ਼ਖ਼ਸੀਅਤ ਦਾ ਅਕਸ ਸਿੱਖ ਮਾਨਸਿਕਤਾ ਵਿਚ 'ਬੰਦਾ ਬਹਾਦਰ' ਦੇ ਵਜੋਂ ਬੜਾ ਡੂੰਘਾ ਉਕਰਿਆ ਹੋਇਆ ਹੈ। ਨੰਦੇੜ ਵਿਚ ਗੁਰੂ-ਸ਼ਰਨ ਆਉਣ ਤੋਂ ਲੈ ਕੇ ਆਪਣੇ ਅੰਤਲੇ ਸਾਹਾਂ ਤਕ ਉਹ ਗੁਰੂ ਪ੍ਰਤੀ ਵਫ਼ਾਦਾਰ ਰਹੇ। ਉਹ ਬਹੁਪੱਖੀ ਪ੍ਰਤਿਭਾ ਦੇ ਮਾਲਕ ਸਨ, ਜਿਨ੍ਹਾਂ ਨੂੰ ਮੁਕੰਮਲ ਇਨਸਾਨ ਭਾਵ 'ਬੰਦਾ' ਕਹਿ ਸਕਦੇ ਹਾਂ। ਉਨ੍ਹਾਂ ਨੇ ਆਪਣੇ ਆਚਰਨ ਰਾਹੀਂ ਗੁਰੂ ਕਾ ਬੰਦਾ ਹੋਣ ਦਾ ਸਬੂਤ ਦਿੱਤਾ। ਮੈਦਾਨ-ਏ-ਜੰਗ ਹੋਵੇ ਜਾਂ ਸ਼ਹੀਦੀ ਸਮੇਂ ਦਰਦਨਾਕ ਸਾਕੇ ਜਾਂ ਅਸਹਿ ਤਸੀਹੇ, ਕਾਇਰਤਾ ਜਾਂ ਬੁਜ਼ਦਿਲੀ ਦਾ ਖਿਆਲ ਤਕ ਵੀ ਉਨ੍ਹਾਂ ਦੇ ਨੇੜੇ ਦੀ ਨਹੀਂ ਸੀ ਲੰਘਿਆ। ਉਹ ਸੱਚਮੁਚ ਦੇ ਬਹਾਦਰ ਸਨ, ਜਿਸ ਦੇ ਮੁਕਾਬਲੇ ਵਿਚ ਆਉਣ ਤੋਂ ਵੱਡੇ-ਵੱਡੇ ਖੱਬੀ-ਖਾਨ ਕੰਨੀ ਕਤਰਾਉਂਦੇ ਸਨ।

ਫੁੱਟ ਨੋਟ :


੧. ਭਾਈ ਕੇਸਰ ਸਿੰਘ (ਛਿੱਬਰ), *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਸਫ਼ਾ ੧੧੭.

੨. ਭਾਈ ਰਤਨ ਸਿੰਘ (ਭੰਗੂ), *ਸ੍ਰੀ ਗੁਰ ਪੰਥ ਪ੍ਰਕਾਸ਼*, ਸਫ਼ਾ ੭੬.

੩. *ਉਹੀ.*

੪. *ਉਹੀ*, ਸਫ਼ਾ ੭੯.

੫. *ਉਹੀ.*

੬. ਯਾਰ ਮੁਹੰਮਦ ਖਾਨ ਕਲੰਦਰ, *ਦਸਤੂਰ-ਉਲ-ਇੰਸ਼ਾ*

੭. *ਅਖਬਾਰਿ ਦਰਬਾਰਿ ਮੁਅੱਲਾ*, ਸਫ਼ਾ ੩੨.

੮. ਭਾਈ ਰਤਨ ਸਿੰਘ (ਭੰਗੂ), ਉਕਤ, ਸਫ਼ਾ ੧੩੦.

੯. *ਅਖਬਾਰਿ ਦਰਬਾਰਿ ਮੁਅੱਲਾ*, ਸਫ਼ਾ ੫੧, ੭੧-੭੨,੯੭,੧੦੪,੧੬੮.

੧੦. *ਅਖਬਾਰਿ ਦਰਬਾਰਿ ਮੁਅੱਲਾ*, ਸਫ਼ਾ ੬੩.

੧੧. *ਉਹੀ।*

੧੨. *ਉਹੀ*, ਸਫ਼ਾ ੪੯.

੧੩. *ਉਹੀ।*

੧੪. ਭਾਈ ਕੇਸਰ ਸਿੰਘ (ਛਿੱਬਰ), *ਉਕਤ*, ਸਫ਼ਾ ੧੩੧.

੧੫. ਭਾਈ ਰਤਨ ਸਿੰਘ (ਭੰਗੂ), *ਉਕਤ*, ਸਫ਼ਾ ੧੧੦.

੧੬. ਭਾਈ ਕੇਸਰ ਸਿੰਘ (ਛਿੱਬਰ), *ਉਕਤ*, ਸਫ਼ਾ ੧੩੧.

੧੭. *ਉਹੀ।*

੧੮. William Irvine, Op.cit.

੧੯. ਖਾਫੀ ਖਾਨ, *ਮੁੰਤਖਾਬੁ-ਲ-ਲੁਬਾਬ*

੨੦. ਭਾਈ ਰਤਨ ਸਿੰਘ (ਭੰਗੂ), *ਉਕਤ*, ਸਫ਼ਾ ੮੦.

੨੧. *ਉਹੀ*, ਸਫ਼ੇ ੮੮, ੧੧੬.

੨੨. *ਉਹੀ*, ਸਫ਼ਾ ੧੧੭.

੨੩. *ਉਹੀ*, ਸਫ਼ਾ ੧੦੦.

# ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ

*-ਡਾ. ਪਰਮਵੀਰ ਸਿੰਘ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਜੇ ਖਾਲਸਾ-ਪੰਥ ਵਿਚ ਬਾਬਾ ਬੰਦਾ ਸਿੰਘ ਬਹਾਦਰ ਇਕ ਅਜਿਹਾ ਅਨਮੋਲ ਹੀਰਾ ਹੈ ਜਿਸ ਨੇ ਸਿੱਖ ਪੰਥ ਲਈ ਆਪਣੀ ਸ਼ਹਾਦਤ ਦੇ ਦਿੱਤੀ, ਪਰ ਜ਼ਾਲਮ ਹਕੂਮਤ ਦੀ ਈਨ ਨਾ ਮੰਨੀ। ਖਾਲਸਾ ਜਥੇਬੰਦੀ ਵਿਚ ਸ਼ਾਮਲ ਹੋ ਕੇ ਇਸ ਜਰਨੈਲ ਨੇ ਕਹਿੰਦੇ-ਕਹਾਉਂਦੇ ਮੁਗ਼ਲ ਜਾਬਰਾਂ ਦੇ ਮੂੰਹ ਮੋੜ ਦਿੱਤੇ ਅਤੇ ਆਪਣੇ ਅੰਤਿਮ ਸਮੇਂ ਤਕ ਉਨ੍ਹਾਂ ਕਦਰਾਂ-ਕੀਮਤਾਂ ਦੀ ਬਹਾਲੀ ਲਈ ਜੱਦੋ-ਜਹਿਦ ਕਰਦਾ ਰਿਹਾ ਜਿਨ੍ਹਾਂ ਦੀ ਰਾਖੀ ਵਾਸਤੇ ਗੁਰੂ ਜੀ ਨੇ ਉਸ ਨੂੰ ਥਾਪੜਾ ਦਿੱਤਾ ਸੀ। ਦੱਖਣ ਤੋਂ ਚੱਲ ਕੇ ਪੰਜਾਬ ਵਿਚ ਆਏ ਇਸ ਜਰਨੈਲ ਨੂੰ ਸਿੱਖ ਇਤਿਹਾਸ ਵਿਚ ਇਕ ਯੋਧੇ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਜਿਸ ਦੇ ਆਉਣ 'ਤੇ ਇਸ ਧਰਤੀ ਦੇ ਆਮ ਲੋਕਾਂ ਨੂੰ ਸੁਖ ਅਤੇ ਸ਼ਾਂਤੀ ਦਾ ਜੀਵਨ ਜੀਉਣਾ ਨਸੀਬ ਹੋਇਆ ਸੀ।

ਗੁਰੂ ਸਾਹਿਬ ਤੋਂ 'ਖੰਡੇ ਦੀ ਪਾਹੁਲ' ਪ੍ਰਾਪਤ ਕਰਨ ਤੋਂ ਬਾਅਦ ਉਹ ਖਾਲਸਾ ਜਥੇਬੰਦੀ ਦਾ ਅੰਗ ਬਣ ਗਿਆ। ਇਸ ਘਟਨਾ 'ਤੇ ਟਿੱਪਣੀ ਕਰਦੇ ਹੋਏ ਭਾਈ ਸ੍ਵਰੂਪ ਸਿੰਘ ਹੋਰਾਂ ਨੇ ਲਿਖਿਆ ਹੈ ਕਿ— "ਸਤਿਗੁਰਾਂ ਅਪਨੇ ਦਸਤ ਮੁਬਾਰਕ ਸੇ ਕੰਘਾ, ਕਰਦ, ਕੜਾ ਤੇ ਕੱਛਾ ਪਹਿਨਾਏ। ਸਿਰ ਤੇ ਛੋਟੀ ਦਸਤਾਰ-ਕੇਸਕੀ ਸਜਾ ਬੈਰਾਗੀ ਸੇ ਸਿੰਘ ਰੂਪ ਮੈਂ ਲੈ ਆਂਦਾ। ਮਾਧੋਦਾਸ ਢਾਲਾ, ਸ੍ਰੀ ਸਾਹਿਬ ਗਾਤਰੇ ਸਜਾ ਨੇਜਾ ਪਕਰ ਗੁਰੂ ਜੀ ਸੇ ਨਮਸਕਾਰ ਕਰ ਕੇ ਸਾਮ੍ਹੇਂ ਖਲਾ ਹੋਇ ਗਿਆ। ਸਤਿਗੁਰਾਂ ਇਸੇ ਭਾਈ ਦਯਾ ਸਿੰਘ ਆਦਿ ਸਿੱਖਾਂ ਕੋ ਗੈਲ ਲੈ ਅਪਨੇ ਪਾਵਨ ਹਾਥੋਂ ਸੇ ਖੰਡੇ ਕੀ ਪਾਹੁਲ ਦੇ ਕੇ ਬੈਰਾਗੀ ਸੇ ਸਿੰਘ ਸਜਾ ਦਿੱਤਾ। ਸ੍ਰੀ ਮੁਖ ਥੀਂ ਮਾਧੋਦਾਸ ਸੇ ਬੰਦਾ ਸਿੰਘ ਨਾਮ ਰਾਖਾ, ਸਿੰਘਾਂ ਸਤਿ ਸ੍ਰੀ ਅਕਾਲ ਕੇ ਜੈਕਾਰਿਆਂ ਸੇ ਅਸਮਾਨ ਗੁੰਜਾ ਦਿੱਤਾ।"[੧] ਇੱਥੋਂ ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਪੰਥਕ ਜੀਵਨ ਅਰੰਭ ਹੁੰਦਾ ਹੈ ਜਿਸ ਨਾਲ ਦੁਨੀਆ ਦੇ ਇਤਿਹਾਸ ਵਿਚ ਪ੍ਰਮੁੱਖ ਸਿੱਖ ਦੇ ਤੌਰ 'ਤੇ ਉਜਾਗਰ ਹੋ ਕੇ ਸਾਹਮਣੇ ਆਇਆ।

ਗੁਰੂ ਜੀ ਨੇ ਉਸ ਨੂੰ ਸੰਤ ਦੇ ਨਾਲ-ਨਾਲ ਸਿਪਾਹੀ ਬਣਨ ਦੀ ਪ੍ਰੇਰਨਾ ਦੇ ਕੇ ਉਸ ਅੰਦਰ ਬੀਰ ਰਸੀ ਰੁਚੀਆਂ ਅਤੇ ਪ੍ਰਵ੍ਰਿਤੀਆਂ ਨੂੰ ਉਜਾਗਰ ਕਰਦੇ ਹੋਏ ਉਸ ਨੂੰ ਤੀਰ-ਕਮਾਨ ਫੜਾਇਆ ਅਤੇ ਹਮੇਸ਼ਾਂ ਨੈਤਿਕ, ਸਮਾਜਿਕ, ਰਾਜਨੀਤਿਕ ਕਦਰਾਂ-ਕੀਮਤਾਂ ਲਈ ਜੂਝਣ ਦਾ ਆਸ਼ੀਰਵਾਦ ਦਿੱਤਾ। ਗਿਆਨੀ ਸੋਹਣ ਸਿੰਘ ਸੀਤਲ ਦੱਸਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਧੋਦਾਸ ਨੂੰ ਬੈਰਾਗੀ ਤੋਂ ਖਾਲਸਾ ਬਣਾਉਂਦੇ ਹੋਏ ਅਨੇਕਾਂ ਵਰਦਾਨਾਂ ਨਾਲ ਉਸ ਨੂੰ ਸਰਸ਼ਾਰ ਕਰ ਦਿੱਤਾ। ਗਿਆਨੀ

**ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ- ੧੪੭੦੦੨; ਮੋ: +੯੧੯੮੭੨੦-੭੪੩੨੨*

ਸੋਹਣ ਸਿੰਘ ਸੀਤਲ ਦੇ ਸ਼ਬਦਾਂ ਵਿਚ— "ਟੁੱਟੀ ਹੋਈ ਕਮਾਨ ਦੀ ਥਾਂ ਤੈਨੂੰ ਨਾ ਟੁੱਟਣ ਵਾਲੀ ਕਮਾਨ ਦੇਂਦੇ ਹਾਂ। ਟੁੱਟੀਆਂ ਹੋਈਆਂ ਕਾਨੀਆਂ ਦੀ ਥਾਂ ਜ਼ਾਲਮਾਂ ਦਾ ਜ਼ੁਲਮ ਤੋੜਨ ਵਾਲੇ ਤੀਰ ਬਖਸ਼ਦੇ ਹਾਂ। ਪਹਿਲਾਂ ਤੂੰ ਨਿਰਬਲ ਜੀਵਾਂ ਦਾ ਸ਼ਿਕਾਰ ਕਰਦਾ ਸੈਂ, ਹੁਣ ਅੱਤਿਆਚਾਰੀ ਜ਼ਾਲਮਾਂ ਦਾ ਸ਼ਿਕਾਰ ਕਰ। ਅੱਜ ਤੋਂ ਤੈਨੂੰ ਗਰੀਬਾਂ ਦਾ ਸਹਾਈ 'ਖਾਲਸਾ' ਬਣਾਉਂਦੇ ਹਾਂ।"[੨] ਖਾਲਸਾ ਸਜਾਉਣ ਉਪਰੰਤ ਗੁਰੂ ਜੀ ਨੇ ਪੰਜ ਪ੍ਰਮੁੱਖ ਸਿੰਘ ਦੇ ਕੇ ਉਸ ਨੂੰ ਪੰਜਾਬ ਵੱਲ ਤੋਰਿਆ ਤਾਂ ਜੋ ਜ਼ੁਲਮ ਦੀ ਹਕੂਮਤ ਨੂੰ ਠੱਲ੍ਹ ਪਾਈ ਜਾ ਸਕੇ। ਇਸ ਦਾ ਵਿਸਥਾਰ ਸਹਿਤ ਵਰਣਨ ਕਰਦੇ ਹੋਏ ਡਾ. ਗੰਡਾ ਸਿੰਘ ਦੱਸਦੇ ਹਨ ਕਿ— "ਪੰਜਾਬ ਨੂੰ ਤੋਰਨ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਨੂੰ ਆਪਣੇ ਪਾਸ ਬੁਲਾ ਕੇ 'ਬਹਾਦਰੀ' ਦਾ ਥਾਪੜਾ ਦਿੱਤਾ, ਪੰਜ ਤੀਰ ਆਪਣੇ ਭੱਥੇ ਵਿੱਚੋਂ ਬਖਸ਼ੇ ਅਤੇ ਉਸ ਦੀ ਸਹਾਇਤਾ ਲਈ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਅਤੇ ਭਾਈ ਰਣ ਸਿੰਘ ਪੰਜ ਪਿਆਰੇ ਥਾਪੇ ਅਤੇ ਵੀਹ ਕੁ ਹੋਰ ਸੂਰਬੀਰ ਸਿੰਘ ਨਾਲ ਦਿੱਤੇ। ਇਕ ਨਿਸ਼ਾਨ ਸਾਹਿਬ ਅਤੇ ਨਗਾਰਾ ਭੀ ਬਖਸ਼ਿਆ ਜੋ ਉਸ ਦੀ ਸੰਸਾਰਕ ਸੱਤਾ ਦੀਆਂ ਬਾਹਰਮੁਖੀ ਨਿਸ਼ਾਨੀਆਂ ਸਨ।"[੩]

ਗੁਰੂ ਜੀ ਦੀਆਂ ਨਿਸ਼ਾਨੀਆਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਵੱਲ ਵਧਿਆ ਅਤੇ ਆਮ ਲੋਕਾਂ ਵਿਚ ਇਕ ਦ੍ਰਿੜ੍ਹ ਅਤੇ ਵਿਸ਼ਵਾਸੀ ਸਿੱਖ ਵਜੋਂ ਉਸ ਸਮੇਂ ਉਜਾਗਰ ਹੋਇਆ ਜਦੋਂ ਉਸ ਨੇ ਗੁਰਮਤਿ ਸਿਧਾਂਤਾਂ ਅਨੁਸਾਰ ਜਨ-ਕਲਿਆਣ ਅਤੇ ਦੱਬੇ-ਕੁਚਲੇ ਲੋਕਾਂ ਦੀ ਰਾਖੀ ਦਾ ਕਾਰਜ ਅਰੰਭਿਆ। ਮੁਢਲੇ ਤੌਰ 'ਤੇ ਪੰਜਾਬ ਪਹੁੰਚਣ ਸਮੇਂ ਉਸ ਨੇ ਜੋ ਪ੍ਰਾਪਤੀਆਂ ਕੀਤੀਆਂ ਉਨ੍ਹਾਂ ਦਾ ਜ਼ਿਕਰ ਕਰਦੇ ਹੋਏ ਭਾਈ ਰਤਨ ਸਿੰਘ (ਭੰਗੂ) ਦੱਸਦੇ ਹਨ:

*ਜੇਕਰ ਕੋਈ ਦੁਖੀਆ ਆਵੈ ਕਰ ਅਰਦਾਸ ਤਿਸ ਦੂਖ ਮਿਟਾਵੈ।*
*ਵਾਹਿਗੁਰੂ ਕਾ ਜਾਪ ਜਪਾਵੈ ਜੋ ਮਾਂਗੈ ਤਿਸ ਸੋਊ ਦਿਵਾਵੈ॥*
*ਐਸੀ ਜਗ ਮੈਂ ਪਰ ਗਈ ਧਾਂਕ ਆਇ ਮਿਲੈਂ ਰਾਣਾ ਔ ਰਾਂਕ।*
*ਦੂਰਹਿ ਤੇ ਜੋ ਨਿੰਦਤ ਆਵੈ ਹੁਇ ਨੇੜੈ ਵਹੁ ਚਰਨੀ ਪਾਵੈ॥*
*ਜਹਿ ਬੰਦਾ ਆਇ ਡੇਰਾ ਕਰੇ ਕਾਢ ਮੋਹਰ ਸੋ ਤਹਿਂ ਬਹੁ ਧਰੈ।*
*ਦੀਵੈ ਪਾਵੈ ਤੇਲੀ ਤੇਲ ਇਕ ਮੋਹਰ ਤਿਹ ਦੇਵੈ ਮੇਲ॥*
*ਠੂਠੀ ਭਾਂਡਾ ਲਯਾਵੈ ਘੁਮਯਾਰ ਦੇਵੈ ਮੋਹਰ ਕਢ ਖੀਸਯੋਂ ਡਾਰ।*
*ਲਕੜੀ ਚੂਹੜੋ ਲਯਾਵੈ ਜੋਈ ਮੋਹਰ ਖੀਸਯੋਂ ਦੇਵੈ ਓਈ॥*[੪]

ਇਸ ਤਰ੍ਹਾਂ ਜਿਵੇਂ ਬਾਬਾ ਬੰਦਾ ਸਿੰਘ ਬਹਾਦਰ ਲੋਕਾਂ ਦੀ ਹਮਦਰਦੀ ਅਤੇ ਸਹਿਯੋਗ ਪ੍ਰਾਪਤ ਕਰ ਰਿਹਾ ਸੀ। ਗੁਰੂ ਜੀ ਦੇ ਆਦੇਸ਼ਾਂ ਦਾ ਪਾਲਣ ਕਰਨ ਲਈ ਜਿਉਂ-ਜਿਉਂ ਪੰਜਾਬ ਵੱਲ ਵਧ ਰਿਹਾ ਸੀ, ਉਸ ਦੇ ਟੋਲੇ ਵਿਚ ਹੋਰ ਸਿੱਖ ਜਥੇ ਸ਼ਾਮਲ

ਹੁੰਦੇ ਜਾ ਰਹੇ ਸਨ। ਬਹੁਤ ਸਾਰੇ ਉਹ ਲੋਕ ਵੀ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਗਏ ਜੋ ਜਾਂ ਤਾਂ ਸਮੇਂ ਦੀ ਹਕੂਮਤ ਦੇ ਸਤਾਏ ਹੋਏ ਸਨ ਜਾਂ ਲੁੱਟਮਾਰ ਦੀ ਨੀਅਤ ਰੱਖਦੇ ਸਨ। ਲੁੱਟਮਾਰ ਦੀ ਨੀਅਤ ਰੱਖਣ ਵਾਲੇ ਬਹੁਤਾ ਸਮਾਂ ਬਾਬਾ ਜੀ ਦੇ ਨਾਲ ਨਾ ਰਹਿ ਸਕੇ। ਬਾਬਾ ਜੀ ਨੇ ਤਾਂ ਪਿੰਡਾਂ ਵਿਚੋਂ ਚੋਰਾਂ-ਡਾਕੂਆਂ ਦੀਆਂ ਟੋਲੀਆਂ ਦੇ ਹਮਲਿਆਂ ਨੂੰ ਰੋਕ ਕੇ ਉਨ੍ਹਾਂ ਨੂੰ ਯਥਾ ਜੋਗ ਸਜ਼ਾਵਾਂ ਵੀ ਦਿੱਤੀਆਂ। ਭਾਈ ਰਤਨ ਸਿੰਘ (ਭੰਗੂ) ਦੱਸਦੇ ਹਨ:

*ਤੌ ਲੌ ਧਾੜ ਪਿੰਡ ਆਇ ਵੜੀ, ਬੰਦੈ ਵਲ ਸਭ ਦੇਖੈ ਖੜੀ।*
*ਉਠ ਬੰਦੇ ਕਹੀ ਮਾਰੋ ਧਾੜ, ਮਾਰਨ ਆਏ ਤਿਨੈ ਲਯੋ ਮਾਰ।*
*ਯੌ ਸੁਨਿ ਸਿੰਘਨ ਹੱਲਾ ਕੀਯੋ, ਪਕੜ ਸ੍ਰਦਾਰ ਧਾੜ ਕੋ ਲੀਯੋ॥*
*ਔ ਜੋ ਉਸੈ ਛੁਡਾਵਨ ਆਵੈ, ਸੋਊ ਊਹਾਂ ਆਪ ਫਸ ਜਾਵੈ।*
*ਓਇ ਮਾਰੈਂ ਸੇਲੇ ਤਲਵਾਰ, ਢੀਮਨ ਸੰਗ ਸਿੰਘ ਲੇਵੈਂ ਮਾਰ॥*[੫]

ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਨਾਲ ਲੋਕਾਂ ਦੇ ਮਨਾਂ ਵਿਚ ਉਤਸ਼ਾਹ ਪੈਦਾ ਹੋ ਰਿਹਾ ਸੀ ਅਤੇ ਉਹ ਮੁਗ਼ਲਾਂ ਦੇ ਡਰ-ਭੈਅ ਤੋਂ ਮੁਕਤ ਹੋ ਕੇ ਉਸ ਦਾ ਸਾਥ ਦੇਣ ਲੱਗੇ ਸਨ। ਉਸ ਨੇ ਵੀ ਆਮ ਲੋਕਾਂ ਦੀ ਰੱਖਿਆ ਕਰ ਕੇ ਉਨ੍ਹਾਂ ਅੰਦਰ ਇਹ ਆਤਮ-ਵਿਸ਼ਵਾਸ ਉਜਾਗਰ ਕਰ ਦਿੱਤਾ ਕਿ ਮੁਗ਼ਲ ਅਜਿੱਤ ਨਹੀਂ ਹਨ। ਕਈ ਜ਼ਾਲਮ ਹਾਕਮਾਂ ਨੂੰ ਕਰਾਰੀ ਹਾਰ ਦੇ ਕੇ ਬਾਬਾ ਜੀ ਨੇ ਮਾਸੂਮ ਜਨਤਾ ਨੂੰ ਉਨ੍ਹਾਂ ਦੇ ਖੂਨੀ ਪੰਜੇ ਵਿੱਚੋਂ ਆਜ਼ਾਦ ਕਰਵਾਇਆ ਸੀ। ਸ੍ਰੀ ਗੋਕਲ ਚੰਦ ਨਾਰੰਗ ਅਨੁਸਾਰ ਉਸ ਦੀ ਸ਼ਖ਼ਸੀਅਤ ਗ਼ੈਰ-ਮੁਸਲਿਮ ਲੋਕਾਂ ਵਿਚ ਇਸ ਤਰ੍ਹਾਂ ਪ੍ਰਚਾਰੀ ਜਾ ਰਹੀ ਸੀ ਕਿ ਜਿਵੇਂ— "ਹਿੰਦੂ ਉਸ ਨੂੰ ਮੁਸਲਮਾਨਾਂ ਨੂੰ ਉਨ੍ਹਾਂ ਦੇ ਗੁਨਾਹਾਂ ਦੀ ਸਜ਼ਾ ਦੇਣ ਵਾਸਤੇ ਪਰਮਾਤਮਾ ਵੱਲੋਂ ਭੇਜਿਆ ਅਵਤਾਰ ਸਮਝਣ ਲੱਗ ਗਏ। ਦੁਖੀ ਹਿੰਦੂ ਉਸ ਕੋਲ ਸਹਾਇਤਾ ਲਈ ਗਏ ਜਿਹੜੀ ਇੱਛਾ ਪੂਰਵਕ ਅਤੇ ਸਫਲਤਾ ਨਾਲ ਦਿੱਤੀ ਗਈ। ਇਸ ਤੱਥ ਨੇ ਸਿੱਖ ਸੱਤਾ ਦੇ ਵਾਧੇ ਵਿਚ ਭਾਰੀ ਹਿੱਸਾ ਪਾਇਆ। ਭਰਾਵਾਂ ਦੇ ਕਾਤਲਾਂ 'ਤੇ ਕੋਈ ਰਹਿਮ ਨਾ ਕੀਤਾ ਗਿਆ ਅਤੇ ਇਹ ਸਾਰੀ ਹਿੰਦੂ ਜਾਤੀ ਦੀ ਹਮਦਰਦੀ ਜਿੱਤਣ ਲਈ ਕਾਫੀ ਸੀ।"[੬]

ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਜ਼ਾਲਮਾਂ ਨੂੰ ਸੋਧਣ ਦੇ ਕੀਤੇ ਕਾਰਨਾਮੇ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਆਮ ਲੋਕਾਂ ਵਿਚ ਸਤਿਕਾਰਦੇ ਹਨ ਕਿਉਂਕਿ ਉਨ੍ਹਾਂ ਨੇ ਸਮੇਂ ਦੀ ਮਜ਼ਬੂਤ ਮੁਗ਼ਲ ਹਕੂਮਤ ਨਾਲ ਟੱਕਰ ਲੈ ਕੇ ਜ਼ੁਲਮ ਦਾ ਸ਼ਿਕਾਰ ਹੋ ਰਹੀ ਗ਼ੈਰਮੁਸਲਿਮ ਜਨਤਾ ਨੂੰ ਭਾਰੀ ਰਾਹਤ ਦਿਵਾਈ ਸੀ। ਉਨ੍ਹਾਂ ਨੇ ਸਮਾਜ-ਸੁਧਾਰ ਦੇ ਕੰਮ ਅਰੰਭੇ ਅਤੇ ਉਨ੍ਹਾਂ ਨੂੰ ਗੁਰਮਤਿ ਦੀ ਵਿਚਾਰਧਾਰਾ ਦੇ ਅਨੁਕੂਲ ਲਾਗੂ ਕਰਵਾਇਆ। ਸਮਾਜ-ਸੁਧਾਰ ਦੇ ਕਾਰਜ ਕਰਦੇ ਸਮੇਂ ਉਨ੍ਹਾਂ ਦੁਆਰਾ ਕੀਤੇ ਗਏ ਕੁਝ ਪ੍ਰਮੁੱਖ ਯੁੱਧਾਂ ਦਾ ਇੱਥੇ ਸੰਖੇਪ ਵਰਣਨ ਕੀਤਾ ਜਾ ਰਿਹਾ ਹੈ।

ਸਮਾਣੇ ਦੀ ਜਿੱਤ

ਬਾਬਾ ਬੰਦਾ ਸਿੰਘ ਬਹਾਦਰ ਦਾ ਪ੍ਰਮੁੱਖ ਨਿਸ਼ਾਨਾ ਸਰਹਿੰਦ ਸੀ ਜਿੱਥੇ ਦੇ ਹਾਕਮ ਵਜ਼ੀਰ ਖ਼ਾਂ ਨੇ ਸਭ ਤੋਂ ਵਧੇਰੇ ਜ਼ੁਲਮ ਕਮਾਇਆ ਸੀ। ਸਰਹਿੰਦ ਲਾਹੌਰ ਅਤੇ ਦਿੱਲੀ ਦੇ ਵਿਚਕਾਰ ਮੁਗ਼ਲਾਂ ਦੀ ਸ਼ਕਤੀ ਦਾ ਇਕ ਵੱਡਾ ਕੇਂਦਰ ਸੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਉਸ 'ਤੇ ਹੱਥ ਪਾਉਣ ਤੋਂ ਪਹਿਲਾਂ ਇਕ ਤਾਂ ਉਸ ਦੀ ਆਲੇ-ਦੁਆਲੇ ਫੈਲੀ ਸ਼ਕਤੀ ਨੂੰ ਖ਼ਤਮ ਕਰਨਾ ਚਾਹੁੰਦਾ ਸੀ ਅਤੇ ਦੂਜਾ, ਉਦੋਂ ਤਕ ਮਾਝੇ ਅਤੇ ਦੁਆਬੇ ਤੋਂ ਸੱਦਾ ਭੇਜ ਕੇ ਬੁਲਾਏ ਸਿੱਖ ਜਥਿਆਂ ਦੇ ਆ ਰਲਣ ਲਈ ਸਮਾਂ ਮਿਲ ਜਾਣਾ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਕੁਝ ਛੋਟੇ-ਛੋਟੇ ਇਲਾਕੇ ਜਿੱਤਣ ਤੋਂ ਬਾਅਦ ਸਮਾਣਾ 'ਤੇ ਹਮਲਾ ਕਰ ਦਿੱਤਾ। ਸਮਾਣੇ 'ਤੇ ਹਮਲਾ ਕਰਨ ਦਾ ਕਾਰਨ ਦੱਸਦੇ ਹੋਏ ਡਾ. ਗੰਡਾ ਸਿੰਘ ਕਹਿੰਦੇ ਹਨ ਕਿ— "ਗੁਰੂ ਤੇਗ਼ ਬਹਾਦਰ ਨੂੰ ਦਿੱਲੀ ਵਿਚ ਸ਼ਹੀਦ ਕਰਨ ਵਾਲਾ ਸੱਯਦ ਜਲਾਲੁਦੀਨ ਸਮਾਣੇ ਦਾ ਰਹਿਣ ਵਾਲਾ ਸੀ ਅਤੇ ਸਰਹੰਦ ਵਿਚ ਸਾਹਿਬਜ਼ਾਦਿਆਂ ਨੂੰ ਜ਼ਿਬਹ ਕਰਨ ਅਰਥਾਤ ਕੋਹ-ਕੋਹ ਕੇ ਮਾਰਨ ਵਾਲੇ ਜੱਲਾਦ ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਭੀ ਸਮਾਣੀਏ ਹੀ ਸਨ। ਇਸਲਾਮ ਕਬੂਲਣ ਤੋਂ ਨਾਂਹ ਕਰਨ ਵਾਲਿਆਂ ਦਾ ਕਤਲ ਚੂੰਕਿ ਇਸਲਾਮ ਦੀ ਇਕ ਧਾਰਮਕ ਖ਼ਿਦਮਤ ਸਮਝੀ ਜਾਂਦੀ ਹੈ, ਇਸ ਲਈ ਇਸ ਸੇਵਾ ਦੇ ਮਾਨ ਦੇ ਹੱਕਦਾਰ ਸੱਯਦਾਂ ਨੂੰ ਹੀ ਸਮਝਿਆ ਜਾਂਦਾ ਸੀ। ਇਸੇ ਕਰਕੇ ਹੀ ਧਾਰਮਕ ਜੱਲਾਦ ਸੱਯਦ ਹੁੰਦੇ ਸਨ। ਸਮਾਣਾ ਇਸ ਇਲਾਕੇ ਦਾ ਬੜਾ ਧਨਾਢ ਸ਼ਹਿਰ ਸੀ ਅਤੇ ਖਿਆਲ ਕੀਤਾ ਜਾਂਦਾ ਸੀ ਕਿ ਇਥੋਂ ਦੀ ਲੁੱਟ ਨਾਲ ਇਕ ਤਾਂ ਸਾਰੇ ਇਲਾਕੇ ਵਿਚ ਦਹਿਲ ਪੈ ਜਾਏਗਾ ਅਤੇ ਦੂਸਰਾ ਇਥੋਂ ਇਤਨਾ ਧਨ ਮਿਲ ਜਾਏਗਾ ਜਿਸ ਨਾਲ ਅਗਲੀਆਂ ਮੁਹਿਮਾਂ ਦੇ ਖ਼ਰਚ ਵਿਚ ਸੌਖ ਹੋ ਜਾਏਗੀ।"[੭] ਸਮਾਣਾ ਧਨਾਢਾਂ ਦਾ ਸ਼ਹਿਰ ਮੰਨਿਆ ਜਾਂਦਾ ਸੀ। ਇੱਥੇ ਉਹ ਅਮੀਰ ਅਤੇ ਅਫਸਰ ਰਹਿੰਦੇ ਸਨ, ਜਿਨ੍ਹਾਂ ਨੂੰ ਬਾਦਸ਼ਾਹੀ ਦਰਬਾਰ ਤੋਂ ਵਿਸ਼ੇਸ਼ ਪਦਵੀਆਂ ਅਤੇ ਜਗੀਰਾਂ ਪ੍ਰਾਪਤ ਸਨ। ਸ਼ਹਿਰ ਦੀ ਸੁਰੱਖਿਆ ਅਤੇ ਤਕੜਾਈ ਦੇ ਮੱਦੇਨਜ਼ਰ ਇਨ੍ਹਾਂ ਨੂੰ ਬਿਲਕੁਲ ਵੀ ਇਸ ਗੱਲ ਦਾ ਅਹਿਸਾਸ ਨਹੀਂ ਸੀ ਕਿ ਕੋਈ ਇਨ੍ਹਾਂ 'ਤੇ ਹਮਲਾ ਕਰ ਸਕਦਾ ਹੈ। ਹੰਕਾਰ ਨੇ ਇਨ੍ਹਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਕਤੀ ਅਤੇ ਜੋਸ਼ ਦਾ ਅਨੁਮਾਨ ਲਗਾਉਣ ਤੋਂ ਰੋਕ ਲਿਆ। ਸਿੱਖਾਂ ਦੀ ਸ਼ਕਤੀ ਨੂੰ ਤੁੱਛ ਜਾਣ ਕੇ ਇਹ ਅਵੇਸਲੇ ਹੋਏ ਰਹੇ। ਇਨ੍ਹਾਂ ਨੂੰ ਉਸ ਸਮੇਂ ਪਤਾ ਲੱਗਿਆ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਦਾ ਲਸ਼ਕਰ ਬਿਜਲੀ ਦੀ ਤੇਜ਼ੀ ਵਾਂਗ ਇਨ੍ਹਾਂ 'ਤੇ ਆ ਧਮਕਿਆ। ਬਾਬਾ ਬੰਦਾ ਸਿੰਘ ਬਹਾਦਰ ਦਾ ਹੱਲਾ ਇੰਨਾ ਜਬਰਦਸਤ ਸੀ ਕਿ ਸ਼ਹਿਰ ਵਾਸੀਆਂ ਨੂੰ ਸੰਭਲਣ ਦਾ ਮੌਕਾ ਹੀ ਨਾ ਮਿਲਿਆ; ਜਿਸ ਨੂੰ ਜਿੱਧਰ ਰਾਹ ਲੱਭਿਆ, ਆਪਣੀ ਜਾਨ ਬਚਾਉਣ ਲਈ ਭੱਜ ਉਠਿਆ। ਬਾਬਾ ਬੰਦਾ ਸਿੰਘ ਬਹਾਦਰ ਦਾ ਸਮਾਣੇ ਤੋਂ ਅਗਲਾ ਪ੍ਰਮੁੱਖ ਨਿਸ਼ਾਨਾ ਸਰਹਿੰਦ ਸੀ ਜਿਸ ਵਿਚ ਹਿੱਸਾ ਲੈਣ ਲਈ ਹਰ ਸਿੱਖ ਉਤਾਵਲਾ ਸੀ।

ਬਾਬਾ ਬੰਦਾ ਸਿੰਘ ਬਹਾਦਰ ਨੂੰ ਆਪਣੀ ਤਾਕਤ ਦਾ ਅੰਦਾਜ਼ਾ ਸੀ ਅਤੇ ਉਹ ਮਝੈਲਾਂ ਅਤੇ ਦੁਆਬੀਆਂ ਦੇ ਨਾਲ ਆ ਰਲਣ ਦਾ ਇੰਤਜ਼ਾਰ ਕਰ ਰਹੇ ਸਨ, ਜਿਨ੍ਹਾਂ ਨੂੰ ਮਲੇਰਕੋਟਲੇ ਦੀਆਂ ਫੌਜਾਂ ਨੇ ਸਤਲੁਜ ਪਾਰ ਰੋਕਿਆ ਹੋਇਆ ਸੀ। ਉਨ੍ਹਾਂ ਦੇ ਨਾਲ ਆ ਰਲਣ ਤਕ ਬਾਬਾ ਬੰਦਾ ਸਿੰਘ ਬਹਾਦਰ ਨੇ ਹੋਰਨਾਂ ਇਲਾਕਿਆਂ ਨੂੰ ਜਿੱਤਣ ਵੱਲ ਧਿਆਨ ਕੇਂਦਰਿਤ ਕੀਤਾ ਅਤੇ ਸਢੌਰਾ ਉਨ੍ਹਾਂ ਵਿੱਚੋਂ ਇਕ ਸੀ।

## ਸਢੌਰੇ ਦੀ ਜਿੱਤ

ਜ਼ਾਲਮਾਂ ਨੂੰ ਸੋਧਣ ਦੇ ਨਾਲ-ਨਾਲ ਬਾਬਾ ਬੰਦਾ ਸਿੰਘ ਬਹਾਦਰ ਦੁਆਰਾ ਸਮਾਜ ਸੁਧਾਰ ਦੀ ਅਰੰਭ ਕੀਤੀ ਨੀਤੀ ਨਾਲ ਆਮ ਲੋਕਾਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਪ੍ਰਤੀ ਵਿਸ਼ਵਾਸ ਦੀ ਭਾਵਨਾ ਪ੍ਰਫੁਲਿਤ ਹੋਈ ਸੀ। ਹਰ ਆਮ ਖਾਸ ਦੇ ਮਨ ਵਿਚ ਇਹ ਭਾਵਨਾ ਕਾਇਮ ਹੋਣ ਲੱਗੀ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਉਨ੍ਹਾਂ ਦਾ ਇਲਾਕਾ ਸੁਰੱਖਿਅਤ ਰਹਿ ਸਕਦਾ ਹੈ। ਲੋਕਾਂ ਵਿਚ ਕਾਇਮ ਹੋਈ ਇਸ ਭਾਵਨਾ ਨਾਲ ਬਾਬਾ ਜੀ ਦਾ ਮਨੋਬਲ ਹੋਰ ਵੀ ਵਧਿਆ ਅਤੇ ਉਸ ਦਾ ਆਮ ਲੋਕਾਂ ਨਾਲ ਪਿਆਰ ਭਰਪੂਰ ਰਾਬਤਾ ਕਾਇਮ ਹੋਣਾ ਸ਼ੁਰੂ ਹੋ ਗਿਆ। ਬਾਬਾ ਬੰਦਾ ਸਿੰਘ ਬਹਾਦਰ ਦੀ ਜ਼ੁਲਮ ਵਿਰੋਧੀ ਨੀਤੀ ਨੇ ਬਹੁਤ ਸਾਰੇ ਦੱਬੇ-ਕੁਚਲੇ ਅਤੇ ਗ਼ਮਗੀਨ ਹਾਲਤ ਵਿਚ ਜ਼ਿੰਦਗੀ ਬਸਰ ਕਰ ਰਹੇ ਪੀਰ ਬੁੱਧੂ ਸ਼ਾਹ ਦੇ ਚੇਲਿਆਂ ਦੇ ਜੀਵਨ ਵਿਚ ਆਸ ਦੀ ਇਕ ਕਿਰਨ ਜਗਾਈ। ਪੀਰ ਬੁੱਧੂ ਸ਼ਾਹ ਦੇ ਕਾਤਲ ਉਸਮਾਨ ਖਾਨ ਬਾਰੇ ਜਦੋਂ ਬਾਬਾ ਜੀ ਨੂੰ ਪਤਾ ਲੱਗਾ ਤਾਂ ਉਸ ਦਾ ਖੂਨ ਖੌਲ ਉਠਿਆ। ਉੱਥੋਂ ਦੇ ਹਿੰਦੂਆਂ ਦੁਆਰਾ ਵੀ ਉਸਮਾਨ ਖਾਨ ਅਤੇ ਉਸ ਦੇ ਸਾਥੀਆਂ ਖਿਲਾਫ਼ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਿਕਾਇਤ ਮਿਲੀ ਕਿ— "ਉਸਮਾਨ ਖਾਨ ਦੇ ਹੁਕਮ ਨਾਲ ਹਿੰਦੂਆਂ ਦੇ ਘਰਾਂ ਵਿਚ ਗਊਆਂ ਕਤਲ ਕੀਤੀਆਂ ਜਾਂਦੀਆਂ ਤੇ ਰੱਤ ਦੇ ਛੱਟੇ ਹਿੰਦੂਆਂ ਦੇ ਚੌਂਕਿਆਂ ਵਿਚ ਤੇ ਕਈ ਵਾਰ ਮੂੰਹਾਂ ਉਤੇ ਮਾਰੇ ਜਾਂਦੇ। ਉਨ੍ਹਾਂ ਤੋਂ ਦੂਣਾ ਚੰਦਾ ਲਿਆ ਜਾਂਦਾ, ਧਾਰਮਿਕ ਰਸਮਾਂ ਨਹੀਂ ਕਰਨ ਦਿੱਤੀਆਂ ਜਾਂਦੀਆਂ ਤੇ ਮੁਰਦੇ ਜਲਾਉਣ ਦੀ ਥਾਂ ਹੁਕਮਨ ਦਬਾਏ ਜਾਂਦੇ ਹਨ। ਏਥੇ ਹੀ ਬੱਸ ਨਹੀਂ, ਹਿੰਦੂ ਇਸਤਰੀਆਂ ਦੀ ਬਦੋ-ਬਦੀ ਬੇਇਜ਼ਤੀ ਕੀਤੀ ਜਾਂਦੀ। ਇਨ੍ਹਾਂ ਪਾਪਾਂ ਦੇ ਕਾਰਨ ਸਿੰਘਾਂ ਨੂੰ ਸਢੌਰੇ ਉਤੇ ਤੇਗ ਉਠਾਉਣੀ ਪਈ।"[੯] ਬਾਬਾ ਬੰਦਾ ਸਿੰਘ ਬਹਾਦਰ ਨੇ ਜਦੋਂ ਸਢੌਰੇ 'ਤੇ ਹਮਲਾ ਕੀਤਾ ਤਾਂ ਹਾਕਮਾਂ ਦੇ ਸਤਾਏ ਹੋਏ ਉੱਥੋਂ ਦੇ ਵਸਨੀਕ ਵੀ ਇਸ ਵਿਚ ਸ਼ਾਮਲ ਹੋ ਗਏ ਸਨ। ਹਾਕਮ-ਪ੍ਰਸਤਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਸਖ਼ਤ ਸਜ਼ਾਵਾਂ ਦਿੱਤੀਆਂ ਸਨ ਜਿਸ ਨਾਲ ਆਮ ਲੋਕਾਂ ਨੇ ਰਾਹਤ ਮਹਿਸੂਸ ਕੀਤੀ ਸੀ ਅਤੇ ਉਨ੍ਹਾਂ ਦੇ ਮਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ ਬਹੁਤ ਸਤਿਕਾਰ ਵਧ ਗਿਆ ਸੀ।

## ਸਰਹਿੰਦ ਦੀ ਜਿੱਤ

ਸਰਹਿੰਦ ਦਿੱਲੀ ਅਤੇ ਲਾਹੌਰ ਵਿਚਕਾਰ ਹਕੂਮਤ ਦਾ ਇਕ ਵੱਡਾ ਕੇਂਦਰ ਸੀ

ਜਿੱਥੋਂ ਦੇ ਨਵਾਬ ਵਜ਼ੀਰ ਖ਼ਾਨ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਸੀ। ਕਿਸੇ ਵੀ ਹਕੂਮਤ ਵੱਲੋਂ ਕੀਤੀ ਗਈ ਇਹ ਜ਼ੁਲਮ ਦੀ ਸਿਖਰ ਸੀ ਜਿਸ ਨੇ ਪੰਜ ਅਤੇ ਸੱਤ ਸਾਲ ਦੇ ਛੋਟੇ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ। ਸ਼ਾਹੀ ਦਰਬਾਰ ਵਿਚ ਮਲੇਰਕੋਟਲੇ ਦੇ ਨਵਾਬ ਨੇ ਇਸ ਅਣਮਨੁੱਖੀ ਕਾਰੇ ਦਾ ਵਿਰੋਧ ਕੀਤਾ। ਸਿੱਖਾਂ ਵਿਚ ਤਾਂ ਜ਼ੁਲਮ ਦੀ ਇਸ ਸਿਖਰ ਨੇ ਭਾਰੀ ਰੋਹ ਦੀ ਭਾਵਨਾ ਕਾਇਮ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਦੀ ਪੰਜਾਬ ਵਿਚ ਆਮਦ ਨੇ ਸਿੱਖਾਂ ਵਿਚ ਇਕ ਕੇਂਦਰੀ ਲੀਡਰਸ਼ਿਪ ਪੈਦਾ ਕੀਤੀ। ਸਿੱਖਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੋਣ ਦੀ ਦਿਸ਼ਾ ਵੱਲ ਇਹ ਇਕ ਵੱਡਾ ਸੰਕੇਤ ਸੀ। ਪੰਜਾਬ ਦੇ ਸਿੱਖਾਂ ਵੱਲ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਜੀ ਦਾ ਸੁਨੇਹਾ ਘੱਲਿਆ ਤਾਂ ਬਹੁਤ ਸਾਰੇ ਸਿੱਖ ਉਸ ਦੀ ਕਮਾਨ ਹੇਠ ਇਕੱਠੇ ਹੋਣ ਲਈ ਆ ਤੁਰੇ। ਉਨ੍ਹਾਂ ਨੂੰ ਰਸਤੇ ਵਿਚ ਰੋਕਣ ਦੇ ਪ੍ਰਬੰਧ ਕੀਤੇ ਗਏ ਤਾਂ ਉਹ ਭੇਸ ਬਦਲ-ਬਦਲ ਕੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਰਲਣ ਲੱਗੇ। ਬਾਬਾ ਬੰਦਾ ਸਿੰਘ ਬਹਾਦਰ ਵੀ ਸਿੱਖਾਂ ਦੇ ਪਹੁੰਚਣ ਤੋਂ ਪਹਿਲਾਂ ਛੋਟੇ-ਛੋਟੇ ਮੁਗ਼ਲ ਸਰਦਾਰਾਂ ਅਤੇ ਜਰਵਾਣਿਆਂ ਨੂੰ ਸੋਧ ਕੇ ਆਪਣੀ ਸ਼ਕਤੀ ਨੂੰ ਇਕਮੁੱਠ ਕਰਨ ਵਿਚ ਲੱਗਾ ਰਿਹਾ। ਇਸ ਸਮੇਂ ਦੌਰਾਨ ਬਾਬਾ ਜੀ ਨੇ ਬਹੁਤ ਸਾਰੇ ਛੋਟੇ-ਛੋਟੇ ਨਗਰਾਂ ਅਤੇ ਕਸਬਿਆਂ 'ਤੇ ਕਬਜ਼ਾ ਕਰ ਕੇ ਆਪਣੀ ਸੈਨਿਕ ਸ਼ਕਤੀ ਨੂੰ ਸੰਗਠਿਤ ਕਰ ਲਿਆ ਅਤੇ ਆਮ ਲੋਕਾਂ ਵਿਚ ਵਿਸ਼ਵਾਸ ਦੀ ਭਾਵਨਾ ਕਾਇਮ ਕੀਤੀ। ਇਨ੍ਹਾਂ ਜਿੱਤਾਂ ਨਾਲ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀਆਂ ਦਾ ਮਨੋਬਲ ਬਹੁਤ ਉੱਚਾ ਹੋਇਆ, ਉਨ੍ਹਾਂ ਨੇ ਮੁਗ਼ਲਾਂ ਦੀ ਭੈਅ-ਭੀਤ ਕਰਨ ਵਾਲੀ ਨੀਤੀ ਦੇ ਉਲਟ ਲੋਕਾਂ ਦਾ ਵਿਸ਼ਵਾਸ ਹਾਸਲ ਕਰਨ ਵਾਲੀ ਨੀਤੀ ਅਪਣਾਈ। ਭਾਵੇਂ ਕਿ ਬਾਬਾ ਜੀ ਇਨ੍ਹਾਂ ਛੋਟੀਆਂ-ਛੋਟੀਆਂ ਕਾਰਵਾਈਆਂ ਵਿਚ ਹੀ ਆਪਣੇ ਆਪ ਨੂੰ ਉਲਝਾਉਣਾ ਨਹੀਂ ਸਨ ਚਾਹੁੰਦੇ ਪਰ ਇਨ੍ਹਾਂ ਜਿੱਤਾਂ ਦੇ ਚਲਦੇ ਬਾਬਾ ਬੰਦਾ ਸਿੰਘ ਬਹਾਦਰ ਦੀ ਤਾਕਤ ਬਹੁਤ ਵਧ ਗਈ, ਜਿਸ ਉੱਤੇ ਟਿੱਪਣੀ ਕਰਦੇ ਸ੍ਰੀ ਗੋਕਲ ਚੰਦ ਨਾਰੰਗ ਨੇ ਲਿਖਿਆ ਹੈ ਕਿ— "ਭਾਵੇਂ ਇਹ ਜਿੱਤਾਂ ਛੋਟੀਆਂ ਸਨ ਪਰ ਇਨ੍ਹਾਂ ਨਾਲ ਬਾਬਾ ਬੰਦਾ ਸਿੰਘ ਬਹਾਦਰ ਦੇ ਅਨੁਯਾਈਆਂ ਦੇ ਹੌਂਸਲੇ ਵਧ ਗਏ ਅਤੇ ਸਰਹਿੰਦ ਪਹੁੰਚਦੇ-ਪਹੁੰਚਦੇ ਹਜ਼ਾਰਾਂ ਹੋਰ ਉਸ ਦੇ ਝੰਡੇ ਥੱਲੇ ਜਮ੍ਹਾਂ ਹੋ ਗਏ।"[੯] ਬਾਬਾ ਬੰਦਾ ਸਿੰਘ ਬਹਾਦਰ ਨੂੰ ਮਜ਼ਬੂਤ ਹੁੰਦਾ ਵੇਖ ਹਾਕਮਾਂ ਨੇ ਇਹ ਪੂਰੀ ਕੋਸ਼ਿਸ਼ ਕੀਤੀ ਕਿ ਸਿੱਖ ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਇਕੱਠੇ ਨਾ ਹੋ ਸਕਣ, ਪਰ ਸਿੱਖਾਂ ਵਿਚ ਗੁਰੂ ਜੀ ਦੇ ਹੁਕਮਨਾਮੇ ਦੀ ਪਾਲਣਾ ਕਰਨ ਦਾ ਇੰਨਾ ਉਤਸ਼ਾਹ ਸੀ ਕਿ ਕੋਈ ਵੀ ਜਰਨੈਲ ਉਨ੍ਹਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਨਾਲ ਰਲਣ ਤੋਂ ਨਾ ਰੋਕ ਸਕਿਆ। ਮਾਝੇ ਦੇ ਸਿੱਖਾਂ ਦਾ ਇਕ ਵੱਡਾ ਜਥਾ ਵੀ ਮਲੇਰਕੋਟਲੇ ਦੇ ਨਵਾਬ ਸ਼ੇਰ ਖਾਨ ਨੂੰ ਰੋਪੜ ਕੋਲ ਹਰਾ ਕੇ ਬਾਬਾ ਜੀ ਨਾਲ ਆ ਰਲਿਆ। ਸ੍ਰੀ ਗੋਕਲ ਚੰਦ ਨਾਰੰਗ ਨੇ ਸਿੱਖਾਂ ਵਿਚ ਪੈਦਾ ਹੋਏ ਉਤਸ਼ਾਹ ਬਾਰੇ ਟਿੱਪਣੀ ਕਰਦਿਆਂ ਲਿਖਿਆ

ਹੈ ਕਿ "ਸਰਹਿੰਦ ਦੀ ਲੜਾਈ ਵਿਚ ਭਾਗ ਲੈਣਾ ਧਾਰਮਿਕ ਕਰਤੱਵ ਸਮਝਿਆ ਜਾਣ ਲੱਗ ਪਿਆ ਸੀ ਅਤੇ ਸ਼ਹੀਦੀ ਦੀ ਇੱਛਾ ਮਾਝੇ ਅਤੇ ਮਾਲਵੇ ਵਿੱਚੋਂ ਹਜ਼ਾਰਾਂ ਵਿਅਕਤੀਆਂ ਨੂੰ ਹਮਲੇ ਵਿਚ ਸ਼ਾਮਲ ਹੋਣ ਲਈ ਖਿੱਚ ਲਿਆਈ ਸੀ।"[੧੦]

ਵਜ਼ੀਰ ਖਾਨ ਭਾਵੇਂ ਹਕੂਮਤ ਦੇ ਇਕ ਵੱਡੇ ਜਰਨੈਲ ਦੇ ਤੌਰ 'ਤੇ ਜਾਣਿਆ ਜਾਂਦਾ ਸੀ ਪਰ ਜਦੋਂ ਉਸ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਸਿੱਖਾਂ ਦੇ ਉਤਸ਼ਾਹ ਬਾਰੇ ਪਤਾ ਲੱਗਿਆ ਤਾਂ ਅੰਦਰੋਂ ਡਰਨ ਲੱਗਾ। ਵਜ਼ੀਰ ਖਾਨ ਦੇ ਡਰ ਦਾ ਜ਼ਿਕਰ ਕਰਦੇ ਹੋਏ ਭਾਈ ਰਤਨ ਸਿੰਘ (ਭੰਗੂ) ਨੇ ਲਿਖਿਆ ਹੈ:

*ਤਬਹਿ ਬਜੀਰੈ ਚਿੰਤਾ ਪਈ ਹਮ ਕੋ ਬੰਦਾ ਛਾਡਤ ਨਹੀਂ॥*
*ਇਸ ਕੈ ਪਾਸ ਅਹੈਂ ਦੋਊ ਬੀਰ ਔਰ ਪੰਚ ਗੁਰ ਦੀਨੇ ਤੀਰ।*
*ਪ੍ਰਿਥਮੈ ਬੰਦਾ ਕਾਲਾ ਨਾਗ ਤੀਰ ਭਏ ਤਿਸ ਫੰਘੇ ਲਾਗ॥*[੧੧]

ਪਰ ਬਾਹਰੀ ਦਿਖਾਵੇ ਦੇ ਤੌਰ 'ਤੇ ਉਸ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਧਮਕੀ ਭਰੇ ਲਹਿਜ਼ੇ ਵਿਚ ਚਿੱਠੀ ਭੇਜੀ ਜਿਸ ਦਾ ਜ਼ਿਕਰ ਕਰਦੇ ਹੋਏ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ ਵਜ਼ੀਰ ਖਾਨ ਨੇ ਕਿਹਾ— "ਮੈਂ ਉਹੋ ਵਜ਼ੀਰ ਖਾਨ (ਵਜ਼ੀਰ ਖਾਨ) ਹਾਂ ਜਿਸ ਨੇ ਤੁਹਾਡੇ ਗੁਰੂ ਨੂੰ ਦੇਸ ਤੋਂ ਕੱਢਿਆ ਹੈ ਹੁਣ ਮੈਂ ਤੈਨੂੰ ਦੀਨ ਦੁਨੀਆਂ ਦੋਹਾਂ ਤੋਂ ਕੱਢਾਂਗਾ, ਅਜੇ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਤੈਨੂੰ ਬੈਰਾਗੀ ਫਕੀਰ ਮੰਗਤਾ ਜਾਣ ਕੇ ਛੱਡਦਾ ਹਾਂ, ਫਕੀਰਾਂ ਦਾ ਕੰਮ ਨਹੀਂ ਬਾਦਸ਼ਾਹਾਂ ਨਾਲ ਆਢੇ ਲਾਉਣੇ।" ਬਾਬਾ ਬੰਦਾ ਸਿੰਘ ਬਹਾਦਰ ਨੇ ਜੁਆਬ ਦਿੱਤਾ— "ਜਿਸ ਕੰਮ ਨੂੰ ਆਇਆ ਹਾਂ ਉਹ ਕਰੇ ਬਿਨਾਂ ਨਹੀਂ ਹਟਦਾ ਅਤੇ ਨਾ ਕਿਸੇ ਦਾ ਮਾਰਿਆ ਮਰਾਂਗਾ, ਹੋਵੇਗਾ ਭੀ ਉਹੋ ਜੋ ਮੇਰੇ ਗੁਰੂ ਦਾ ਭਾਣਾ ਹੈ, ਮੈਂ ਤੈਨੂੰ ਨਹੀਂ ਮਾਰਣਾ ਤੇਰੇ ਪਾਪ ਤੈਨੂੰ ਮਾਰਨਗੇ। ਸਾਨੂੰ ਹੁਕਮ ਹੈ ਜੋ ਲੋਗ ਜ਼ਾਲਮ, ਜਬਰ-ਜ਼ੁਲਮ ਕਰਨ ਵਾਲੇ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਕਰਮਾਂ ਦਾ ਫ਼ਲ ਦਿਓ।"[੧੨] ਬਾਬਾ ਬੰਦਾ ਸਿੰਘ ਬਹਾਦਰ ਦੇ ਵਾਕਾਂ ਤੋਂ ਸਪੱਸ਼ਟ ਹੈ ਕਿ ਉਹ ਬੈਰਾਗੀ ਜੀਵਨ ਪੂਰੀ ਤਰ੍ਹਾਂ ਤਿਆਗ ਕੇ ਮਾਨਸਿਕ ਅਤੇ ਸਰੀਰਿਕ ਤੌਰ 'ਤੇ ਗੁਰੂ ਦਾ ਸਿੱਖ ਅਖਵਾਉਣਾ ਪਸੰਦ ਕਰਦਾ ਸੀ ਅਤੇ ਗੁਰੂ ਜੀ ਦੇ ਦੱਸੇ ਹੋਏ ਮਾਰਗ 'ਤੇ ਚੱਲਣਾ ਆਪਣਾ ਪਹਿਲਾ ਕਰਤੱਵ ਸਮਝਦਾ ਸੀ। ਅਖੀਰ ਉਹ ਦਿਨ ਆ ਗਿਆ ਜਿਸ ਦਾ ਸਿੱਖ ਬੜੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਵਜ਼ੀਰ ਖ਼ਾਂ ਦੁਆਰਾ ਮੁਕਾਬਲੇ ਲਈ ਖੜ੍ਹੀ ਕੀਤੀ ਇਕ ਮਜ਼ਬੂਤ ਫੌਜ ਦਾ ਟਾਕਰਾ ਸਿੱਖਾਂ ਨੇ ਆਪਣੇ ਧਾਰਮਿਕ ਜੋਸ਼ ਅਤੇ ਉਤਸ਼ਾਹ ਨਾਲ ਕੀਤਾ। ਹਾਕਮਾਂ ਦੇ ਵੱਡੇ-ਵੱਡੇ ਹਥਿਆਰ ਸਿੱਖਾਂ ਦੇ ਜੋਸ਼ ਦਾ ਸਾਹਮਣਾ ਨਾ ਕਰ ਸਕੇ ਅਤੇ ੧੨ ਮਈ, ੧੭੧੦ ਈ. ਨੂੰ ਹੋਈ ਇਸ ਲੜਾਈ ਵਿਚ ਸਿੱਖਾਂ ਦੀ ਜਿੱਤ ਹੋਈ। ਸਰਹਿੰਦ 'ਤੇ ਪੂਰੀ ਤਰ੍ਹਾਂ ਨਾਲ ਕਬਜ਼ਾ ਕਰ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਭਾਈ ਬਾਜ ਸਿੰਘ ਨੂੰ ਇੱਥੋਂ ਦਾ ਸੂਬੇਦਾਰ ਅਤੇ ਭਾਈ ਆਲੀ ਸਿੰਘ ਸਲੌਦੀ ਵਾਲੇ ਨੂੰ ਨਾਇਬ ਸੂਬੇਦਾਰ ਥਾਪ ਦਿੱਤਾ। ਸਰਹਿੰਦ ਦੀ ਜਿੱਤ ਨੇ ਸਿੱਖਾਂ ਦਾ

ਪੂਰੇ ਇਲਾਕੇ ਵਿਚ ਇਨ੍ਹਾਂ ਦਬਦਬਾ ਕਾਇਮ ਕਰ ਦਿੱਤਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਬਾਕੀ ਫਤਿਹ ਕਰਨ ਵਿਚ ਕੋਈ ਮੁਸ਼ਕਲ ਨਹੀਂ ਆਈ। ਭਾਈ ਸੰਤੋਖ ਸਿੰਘ ਚੂੜਾਮਣਿ ਹੋਰਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਪੂਰੇ ਇਲਾਕੇ ਵਿਚ ਕਾਇਮ ਹੋਏ ਦਬਦਬੇ ਦਾ ਜ਼ਿਕਰ ਕਰਦਿਆਂ ਹੋਇਆਂ ਲਿਖਿਆ ਹੈ:

*ਇਮ ਬੰਦੇ ਦੇਸ਼ਨ ਜੈ ਪਾਈ।*
*ਸਭਿ ਪਰ ਅਪਨਿ ਅਮਲ ਠਹਿਰਾਈ॥*[੧੩]

'ਸਿੱਖ ਇਨਕਲਾਬ' ਵਿਚ ਸ. ਜਗਜੀਤ ਸਿੰਘ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਸਿੱਖਾਂ ਦੀ ਚੜ੍ਹਦੀ ਕਲਾ ਉੱਤੇ ਟਿੱਪਣੀ ਕਰਦਿਆਂ ਹੋਇਆਂ ਲਿਖਿਆ ਹੈ ਕਿ— "ਖਾਲਸੇ ਨੇ ਵੱਡੀਆਂ-ਵੱਡੀਆਂ ਕੁਰਬਾਨੀਆਂ ਕੀਤੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਜਿਹੜੀ ਜੋਤ ਜਗਾਈ ਸੀ, ਉਹ ਪ੍ਰਚੰਡ ਹੋ ਉਠੀ।"[੧੪] ਬਾਬਾ ਬੰਦਾ ਸਿੰਘ ਬਹਾਦਰ ਦੀਆਂ ਜਿੱਤਾਂ ਨੇ ਆਮ ਲੋਕਾਂ ਨੂੰ ਸੰਕੇਤ ਦੇ ਦਿੱਤਾ ਕਿ ਜ਼ੁਲਮ ਦਾ ਟਾਕਰਾ ਜਨ-ਚੇਤਨਾ ਰਾਹੀਂ ਇਕਜੁਟ ਹੋ ਕੇ ਕੀਤਾ ਜਾ ਸਕਦਾ ਹੈ, ਲੋੜ ਹੈ ਤਾਂ ਕੇਵਲ ਮਜ਼ਬੂਤ ਇੱਛਾ ਸ਼ਕਤੀ ਅਤੇ ਦ੍ਰਿੜ੍ਹ ਇਰਾਦੇ ਦੀ। ਵੱਡੇ ਤੋਂ ਵੱਡੇ ਹਥਿਆਰ ਵੀ ਜਨਸਮੂਹ ਦੀ ਤਾਕਤ ਦਾ ਟਾਕਰਾ ਨਹੀਂ ਕਰ ਸਕਦੇ।

ਹਵਾਲੇ:


੧. ਭਾਈ ਸਰੂਪ ਸਿੰਘ (ਕੌਸ਼ਿਸ਼), *ਗੁਰੂ ਕੀਆਂ ਸਾਖੀਆਂ*, ਸੰਪਾ. ਪ੍ਰੋ. ਪਿਆਰਾ ਸਿੰਘ ਪਦਮ, ਸਫ਼ਾ ੧੯੯

੨. ਗਿਆਨੀ ਸੋਹਣ ਸਿੰਘ ਸੀਤਲ, *ਬੰਦਾ ਸਿੰਘ ਸ਼ਹੀਦ*, ਸਫ਼ਾ ੧੨

੩. ਡਾ. ਗੰਡਾ ਸਿੰਘ, *ਬੰਦਾ ਸਿੰਘ ਬਹਾਦਰ*, ਸਫ਼ਾ ੧੩

੪. ਭਾਈ ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼*, ਸੰਪਾ. ਡਾ. ਜੀਤ ਸਿੰਘ ਸੀਤਲ, ਸਫ਼ਾ੧੩੦

੫. ਉਹੀ, ਸਫ਼ਾ ੧੩੧

੬. ਸ੍ਰੀ ਗੋਕਲ ਚੰਦ ਨਾਰੰਗ, *ਸਿੱਖ ਮਤ ਦਾ ਪਰਿਵਰਤਨ*, ਫੁਟ ਨੋਟ, ਸਫ਼ਾ ੧੧੨

੭. ਡਾ. ਗੰਡਾ ਸਿੰਘ, *ਬੰਦਾ ਸਿੰਘ ਬਹਾਦਰ*, ਸਫ਼ਾ ੧੮

੮. ਗਿਆਨੀ ਸੋਹਣ ਸਿੰਘ ਸੀਤਲ, *ਬੰਦਾ ਸਿੰਘ ਸ਼ਹੀਦ*, ਸਫ਼ਾ ੩੧

੯. ਗੋਕਲ ਚੰਦ ਨਾਰੰਗ, *ਸਿੱਖ ਮਤ ਦਾ ਪਰਿਵਰਤਨ*, ਸਫ਼ਾ ੧੧੧

੧੦. ਉਹੀ, ਸਫਾ ੧੧੧

੧੧. ਭਾਈ ਰਤਨ ਸਿੰਘ ਭੰਗੂ, *ਸ੍ਰੀ ਗੁਰ ਪੰਥ ਪ੍ਰਕਾਸ਼*, ਸੰਪਾ. ਜੀਤ ਸਿੰਘ ਸੀਤਲ, ਸਫ਼ਾ ੧੪੦

੧੨. ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖ਼ਾਲਸਾ*, ਭਾਗ ਦੂਜਾ, ਸਫ਼ਾ ੨੦

੧੩. ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, ਐਨ ੨, ਅੰਸੂ ੧੧, ਸਫ਼ਾ ੬੨੭੫

੧੪. ਸ. ਜਗਜੀਤ ਸਿੰਘ, *ਸਿੱਖ ਇਨਕਲਾਬ*, ਸਫ਼ਾ ੨੦੯.

# ਸਿਰ-ਸੀਸ-ਸਿਦਕ ਤੇ ਸੰਦੇਸ਼

*-ਡਾ. ਇੰਦਰਜੀਤ ਸਿੰਘ ਗੋਗੋਆਣੀ**

'ਸਿਰ' ਸਰੀਰ ਦਾ ਸਿਰਮੌਰ ਭਾਗ ਹੈ। ਸਿਰ ਸਰੀਰਕ ਭਾਸ਼ਾ ਦਾ ਪ੍ਰਗਟ ਰੂਪ ਕਿਉਂਕਿ ਗ਼ੁਲਾਮਾਂ ਦੇ ਸਿਰ ਸਦਾ ਨੀਵੇਂ ਅਤੇ ਸੁਤੰਤਰ ਸੋਚ ਵਾਲਿਆਂ ਦੇ ਸਿਰ ਸਦਾ ਉੱਚੇ ਰਹਿੰਦੇ ਹਨ। ਸਿਰ ਤੋਂ ਹੀ ਸਿਰਦਾਰ ਬਣਿਆ। ਸੰਸਾਰ ਸਿਰਾਂ ਦੀ ਗਿਣਤੀ ਹੈ। ਹਰੇਕ ਸਿਰ ਵਾਲਾ ਸਿਰਦਾਰ ਨਹੀਂ ਹੁੰਦਾ। ਜਿਨ੍ਹਾਂ ਸਿਰਾਂ ਉੱਪਰ ਗੁਰੂ ਦੀ ਬਖ਼ਸ਼ਿਸ਼ ਹੋਈ ਉਹ ਸਿਰਦਾਰ ਬਣੇ। ਪਹਿਲੇ ਜਾਮੇ ਵਿਚ ਨਿਰਮਲ-ਪੰਥ ਦੇ ਬਾਨੀ ਨੇ ਰੂਹਾਨੀ ਵਜਦ ਵਿਚ ਆ ਕੇ ਬੋਲ ਉਚਾਰੇ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)*

'ਸਿਰ' ਸੋਚ ਦਾ ਕੇਂਦਰ ਹੈ, ਦਿਮਾਗੀ ਟਿਕਾਣਾ। ਦਿਮਾਗ ਬਹੁਤ ਕੁਝ ਸਾਂਭ ਕੇ ਰੱਖਦਾ ਹੈ, 'ਗਿਆਨ ਵੀ ਅਗਿਆਨ ਵੀ, ਤਰਕ ਵੀ ਬਿਬੇਕ ਵੀ, ਆਸਤਿਕਤਾ ਵੀ ਨਾਸਤਿਕਤਾ ਵੀ, ਨਿਮਰਤਾ ਵੀ ਹਉਮੈਂ ਵੀ, ਧਰਮ ਵੀ ਅਧਰਮ ਵੀ, ਮਨਮਤ ਵੀ ਤੇ ਗੁਰਮਤਿ ਵੀ। ' ਜਿਨ੍ਹਾਂ ਨੂੰ ਗੁਰਮਤਿ ਸਮਝ ਆਈ ਅਤੇ ਹਿਰਦੇ ਵਿਚ ਵੱਸ ਗਈ ਤਾਂ ਉਨ੍ਹਾਂ ਯੋਧਿਆਂ ਦੇ ਬੋਲ ਫ਼ਿਜ਼ਾਵਾਂ ਵਿਚ ਗੂੰਜ ਉਠੇ ਅਤੇ ਸਦਾ ਗੂੰਜਦੇ ਰਹਿਣਗੇ:-

*'ਮੇਰਾ ਸਿਰ ਜਾਵੇ ਤਾਂ ਜਾਵੇ ਪਰ ਸਿੱਖੀ ਸਿਦਕ ਨਾ ਜਾਵੇ'*

ਅਜਿਹੇ ਧਰਮੀਆਂ, ਸਿਦਕੀਆਂ ਦੇ ਸਿਰ ਫਿਰ 'ਸੀਸ' ਹੋ ਕੇ ਮਾਣ ਪਾਉਂਦੇ ਹਨ। 'ਸੀਸ' ਅਸੀਸ ਦਾ ਸੰਖੇਪ ਰੂਪ ਵੀ ਹੈ। ਭਾਵੇਂ ਸੀਸ ਤੇ ਸਿਰ ਸਮ-ਅਰਥੀ ਹਨ, ਪਰ ਹਰੇਕ ਸਿਰ ਸੀਸ ਨਹੀਂ ਬਣਦਾ ਭਾਵੇਂ ਸਿਰ ਸਾਰਿਆਂ ਦੇ ਹੀ ਹੁੰਦੇ ਹਨ। ਸੀਸ ਗੰਜ ਹੋਵੇ ਜਾਂ *ਸੀਸੁ ਦੀਆ ਪਰ ਸਿਰਰੁ ਨ ਦੀਆ* ਸ਼ਬਦ ਹੋਵੇ। ਕਈ ਵਾਰ ਜਾਪਦਾ ਜਿਨ੍ਹਾਂ ਨੇ ਸਿਦਕ ਨਿਭਾਉਂਦਿਆਂ ਸਿਰ ਵਾਰੇ ਉਨ੍ਹਾਂ ਨੂੰ ਸੀਸ ਦਾ ਰੁਤਬਾ ਅਸੀਸ ਰੂਪ ਵਿਚ ਕੌਮੀ ਵਾਰਸਾਂ ਵੱਲੋਂ ਦਿੱਤਾ ਗਿਆ ਹੋਵੇ।

'ਸਿਰ' ਮਨੁੱਖਾਂ ਦੇ ਹੀ ਨਹੀਂ ਸਗੋਂ ਸਭ ਜੀਵ-ਜੰਤੂਆਂ ਦੇ ਹਿੱਸੇ ਆਏ ਹਨ। ਉਹ ਸਾਰਾ ਦਿਨ ਸਿਰ ਭਿੜਾਉਂਦੇ ਹਨ। ਉਨ੍ਹਾਂ ਦੀ ਦੋਸਤੀ-ਦੁਸ਼ਮਣੀ ਸਿਰਾਂ ਉੱਪਰ ਖੜੀ ਹੈ। ਜ਼ਰੂਰੀ ਨਹੀਂ ਕਿ ਹਰ ਸਿਰ ਉੱਪਰ ਸਿੰਗ ਹੋਣ, ਕਈ ਬਿਨਾ ਸਿੰਗਾਂ ਤੋਂ ਵੀ ਸਾਰਾ ਦਿਨ ਭਿੜਦੇ ਹਨ। ਕਈਆਂ ਦੇ ਸਿਰਾਂ ਦਾ ਭੇੜ ਦੂਜਿਆਂ ਲਈ ਤਮਾਸ਼ਾ ਵੀ ਬਣਿਆ ਰਹਿੰਦਾ ਹੈ। ਅਸ਼ਰਧਕ ਤੇ ਅਗਿਆਨੀ ਹਮੇਸ਼ਾਂ ਸਿਰਾਂ ਦੇ ਭੇੜ ਵਿਚ ਰਹਿੰਦੇ ਹਨ। ਇਨ੍ਹਾਂ ਕੌਮ ਨੂੰ

*ਪ੍ਰਿੰਸੀਪਲ, ਖ਼ਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ, ਸ੍ਰੀ ਅੰਮ੍ਰਿਤਸਰ। ਮੋ. ੯੮੧੫੯੮੫੫੫੯

ਕਦੀ ਕੁਝ ਨਹੀਂ ਦਿੱਤਾ ਨਾ ਦੇਣਯੋਗ ਹਨ, ਨਾ ਦੇਣਗੇ। ਇਹ ਗੁਰੂ ਦੀ ਮੱਤ ਤੋਂ ਬਿਨਾਂ ਆਪਣੇ ਸਿਰਾਂ ਨਾਲ ਜਿਉਂਦੇ ਹਨ। ਕੇਵਲ ਤਰਕ, ਸ਼ੰਕੇ, ਬੇਲੋੜੇ ਮੁੱਦੇ, ਨਿਰਾਸ਼ਾਵਾਦ ਤੇ ਢਹਿੰਦੀ ਕਲਾ ਇਨ੍ਹਾਂ ਦੀ ਤੋਤੇ ਰੱਟਨੀ ਹੈ ਅਤੇ ਰਹੇਗੀ। ਬਹੁਗਿਣਤੀ ਅਜਿਹੇ ਬੰਦਿਆਂ ਦੇ ਸਿਰ ਵੀ ਬਿਨਾਂ ਧਰਮ ਜਾਂ ਸ਼ਰਧਾ-ਭਾਵਨਾ ਤੋਂ ਹੀ ਜਹਾਨੋਂ ਕੂਚ ਕਰ ਜਾਂਦੇ ਹਨ। ਸ਼ਾਇਦ ਮਨੁੱਖ ਦੀ ਵਿਕਾਸ ਪ੍ਰਕਿਰਿਆ ਤੇ ਫਿਰ ਅੰਤਿਮ ਕਿਰਿਆ ਵਿਚ ਕਪਾਲ ਕਿਰਿਆ ਵੀ ਹੋਰਨਾਂ ਡਰਾਂ ਦੀ ਮੁਕਤੀ ਦੇ ਨਾਲ ਇਕ ਸੰਦੇਸ਼ ਵੀ ਸੀ ਕਿ ਇਹ ਸਿਰ ਅਗਨ ਭੇਟ ਹੋ ਕੇ ਆਹੋ ਕੁਝ ਹੈ। ਜੇ ਇਸ ਸਿਰ ਵਿਚ ਦੈਵੀ ਪੁਰਸ਼ਾਂ ਦੀ, ਗੁਰੂਆਂ-ਪੈਗ਼ੰਬਰਾਂ ਦੀ ਮੱਤ ਹੋਵੇ ਤਾਂ ਕਪਾਲ ਕਿਰਿਆ ਵਰਗੇ ਫੋਕਟ ਕਰਮਾਂ ਤੋਂ ਉੱਪਰ ਉੱਠ ਕੇ ਇਨਸਾਨ ਗੁਰੂ ਦੀ ਮੱਤ ਨਾਲ ਜੀਵੇਗਾ, ਕਿਉਂਕਿ ਜਿਸ ਸਿਰ ਉੱਪਰ ਗੁਰੂ ਦੀ ਰਹਿਮਤ , ਬਖਸ਼ਿਸ਼ ਹੋਵੇ ਉਹ ਸੀਸ ਹੋ ਕੇ ਸੰਸਾਰ ਵਿਚ ਸਤਿਕਾਰ ਪਾਉਂਦਾ ਹੈ। ਗੁਰੂ ਦੇ ਦਰ 'ਤੇ ਸਿਰ ਮੰਗੇ ਗਏ ਤਾਂ ਗੁਰੂ ਭੇਟ ਹੋਏ ਸਿਰ ਫਿਰ ਪਿਆਰਿਆਂ ਦੇ ਸੀਸ ਬਣ ਕੇ ਸਾਹਮਣੇ ਆਏ। ਸਦੀਵ-ਕਾਲ ਅਮਰ, ਅਜਿਹੇ ਗੁਰਮਤੀ ਸੀਸ ਵਾਲੇ ਬੇਅੰਤ ਸਿੰਘਾਂ-ਸਿੰਘਣੀਆਂ ਨੂੰ ਅਸੀਂ ਰੋਜ਼ਾਨਾ ਅਰਦਾਸ ਵਿਚ ਯਾਦ ਕਰਦੇ ਹਾਂ, "ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ............।" ਫਿਰ ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਵਾਹਿਗੁਰੂ ਬੋਲਦੇ ਹਾਂ।

ਗੁਰੂ-ਵਰੋਸਾਈਆਂ ਰੂਹਾਂ ਦੇ ਸੀਸ ਬੰਦਗੀ, ਭਰੋਸਾ ਤੇ ਬਿਬੇਕ ਭਰਪੂਰ ਹੁੰਦੇ ਹਨ। ਇਹ ਸੀਸ ਹੀ ਯੋਧੇ, ਸੂਰਬੀਰ ਭਗਤ, ਵਿਦਯਾਵਾਨ, ਸਾਧੂ, ਸੰਤ, ਬ੍ਰਹਮ ਗਿਆਨੀ ਦੇ ਰੂਪ ਵਿਚ ਕੌਮਾਂ ਦਾ ਮਾਣ ਬਣਦੇ ਹਨ। ਅਜਿਹੇ ਸੀਸਾਂ ਨੂੰ ਵਿਸ਼ੇਸ਼ਣ ਫਿਰ ਕੌਮੀ ਵਾਰਸ ਦਿੰਦੇ ਹਨ। ਅਜਿਹੇ ਸੀਸ ਹੀ ਗੁਰੂ ਦਰ 'ਤੇ ਪ੍ਰਵਾਨ ਹੋਣ ਲਈ ਪੁਕਾਰਦੇ ਹਨ:

*-ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੧੪)*

*-ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥*
*ਸੀਸੁ ਵਢੇ ਕਰਿ ਬੈਸਣਿ ਦੀਜੈ ਵਿਣੁ ਸਿਰ ਸੇਵ ਕਰੀਜੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੮)*

ਅਜਿਹੇ ਬੇਅੰਤ ਪ੍ਰਮਾਣ ਸਤਿਗੁਰਾਂ ਨੇ ਸਿਰ ਜਾਂ ਸੀਸ ਲਈ ਗੁਰਬਾਣੀ ਵਿਚ ਬਖਸ਼ਿਸ਼ ਕੀਤੇ ਹਨ। ਗੁਰੂ ਦੀ ਮੱਤ ਵਾਲੇ ਸੀਸ ਦੀ ਪੁਕਾਰ ਵਿਸ਼ੇਸ਼ ਭਾਵਅਰਥਾਂ ਦੀ ਲਖਾਇਕ ਹੁੰਦੀ ਹੈ। ਅਜਿਹੇ ਸੀਸ ਜ਼ੁਲਮ ਲਈ ਵੰਗਾਰ ਬਣਦੇ ਹਨ, ਇਹੋ ਸੀਸ ਇਤਿਹਾਸ ਦਾ ਸ਼ਿੰਗਾਰ ਬਣਦੇ ਹਨ। ਅਜਿਹੇ ਸੀਸਾਂ ਦਾ ਸਦਾ ਸਤਿਕਾਰ ਹੁੰਦਾ ਹੈ ਅਤੇ ਜੈ-ਜੈਕਾਰ ਹੁੰਦੀ ਹੈ। ਅਜਿਹੇ ਸੀਸਾਂ ਬਾਰੇ ਕੁਝ ਮਨ ਦੇ ਵਲਵਲੇ ਹਨ:

*ਹੈ ਦੁਨੀਆਂ ਵਿਚ ਵੰਗਾਰ ਸੀਸ*
*ਹੈ ਹੱਕਾਂ ਲਈ ਲਲਕਾਰ ਸੀਸ*
*ਹੈ ਯਾਰ ਦੀ ਗਲੀ ਪਿਆਰ ਸੀਸ*
*ਹੈ ਯੋਧਿਆਂ ਦਾ ਸ਼ਿੰਗਾਰ ਸੀਸ*

*ਹੈ ਢਾਲ ਸੀਸ ਤਲਵਾਰ ਸੀਸ*
*ਹੈ ਦੁਨੀਆਂ ਦਾ ਸਤਿਕਾਰ ਸੀਸ*
*ਹੈ ਜ਼ਿੰਦਗੀ ਵਿਚ ਵੀਚਾਰ ਸੀਸ*
*ਹੈ ਯੁੱਧ ਸੀਸ ਤਕਰਾਰ ਸੀਸ*
*ਹੈ ਜਿੱਤ ਸੀਸ ਹੈ ਹਾਰ ਸੀਸ*
*ਇਕਨਾ ਲਈ ਤਨ 'ਤੇ ਭਾਰ ਸੀਸ*
*ਇਕਨਾ ਲਈ ਮਿੱਤਰ ਯਾਰ ਸੀਸ*
*ਗੁਰੂ ਨਦਰ ਪਏ ਇੱਕ ਵਾਰ ਸੀਸ*
*ਉਹ ਸੀਸ ਬਣੇ ਸਿਰਦਾਰ ਸੀਸ*
*ਉਹ ਨਹੀਂ ਹੁੰਦਾ ਝੁਕਣਹਾਰ ਸੀਸ*
*ਉਹ ਕੌਮ ਲਈ ਜਾਏ ਵਾਰ ਸੀਸ*
*ਜੋ ਕੌਮ ਲਈ ਜਾਂਦੇ ਵਾਰ ਸੀਸ*
*ਉਹਨਾਂ ਨੂੰ ਪਾਉਂਦੇ ਹਾਰ ਸੀਸ*
*ਉਥੇ ਆ ਝੁਕਦੇ ਸੰਸਾਰ ਸੀਸ*
*ਇਤਿਹਾਸ ਦੇ ਉਹ ਸ਼ਿੰਗਾਰ ਸੀਸ*
*ਉਥੇ ਕਰਦੇ ਨਮਸਕਾਰ ਸੀਸ*
*ਉਹ ਪੂਜਣਯੋਗ ਮੀਨਾਰ ਸੀਸ*
*ਸਭ ਕਹਿਣ ਪੁਕਾਰ ਪੁਕਾਰ ਸੀਸ*
*ਹਰ ਯੁੱਗ ਵਿਚ ਜੈ-ਜੈਕਾਰ ਸੀਸ*
*ਹਰ ਯੁੱਗ ਵਿਚ ਜੈ-ਜੈਕਾਰ ਸੀਸ*

ਇਸ ਜੈ-ਜੈਕਾਰਤਾ ਦਾ ਹੀ ਜਲੌ ਪ੍ਰਤਾਪ ਹੈ ਕਿ ਅਸੀਂ ਮਹਾਨ ਸ਼ਹੀਦ, ਸਿਦਕੀ ਮਰਜੀਵੜੇ ਭਾਈ ਤਾਰੂ ਸਿੰਘ ਜੀ ਦਾ ਜਨਮ ਦਿਨ-ਤ੍ਰੈ ਸ਼ਤਾਬਦੀ ਸਮਾਗਮ ਦੇ ਰੂਪ ਵਿਚ ਮਨਾ ਰਹੇ ਹਾਂ। ਉਹ ਭਾਈ ਵੀ ਸਨ, ਤਾਰੂ ਵੀ ਤੇ ਸਿੰਘ ਵੀ।

ਉਨ੍ਹਾਂ ਨਿਰਭਉਤਾ ਤੇ ਨਿਰਵੈਰਤਾ ਦੇ ਗੁਰਬਾਣੀ ਰੂਪੀ ਦੈਵੀ ਸੰਦੇਸ਼ ਨੂੰ ਪੜ੍ਹ-ਸੁਣ ਕੇ ਅਤੇ ਫਿਰ ਜੀਵਨ ਵਿਚ ਕਮਾ ਕੇ ਉੱਚ ਰੁਤਬਾ ਪਾਇਆ। ਉਹ ਕੌਮੀ ਪਰਵਾਨਿਆਂ ਨੂੰ ਸਕੇ ਭਾਈ ਲੱਗਦੇ ਹਨ। ਇਹ ਮੋਹ ਦੀਆਂ ਤੰਦਾਂ ਦੇ ਸ਼ਬਦ ਹਨ। ਜਿਸ ਕੌਮ ਦਾ ਧਰਮੀ ਬਾਬਲ ਕਲਗੀਧਰ ਮਹਾਰਾਜ, ਧਰਮ ਮਾਤਾ ਸਾਹਿਬ ਕੌਰ ਜੀ ਤੇ ਵਾਸੀ ਅਨੰਦਪੁਰ ਸਾਹਿਬ ਦੇ ਹੋਣ, ਉਨ੍ਹਾਂ ਦੇ ਮੁਖੋਂ ਭਾਈ ਸ਼ਬਦ ਹੋਰ ਵੀ ਪਿਆਰਾ ਬਣ ਜਾਂਦਾ। ਫਿਰ ਅੱਧੇ ਅਧੂਰਿਆਂ ਨੂੰ ਭਾਈ ਬਣਨ ਦਾ ਸੰਦੇਸ਼ ਵੀ ਦਿੰਦਾ ਹੈ।

ਤਵਾਰੀਖ ਗਵਾਹ ਹੈ ਕਿ ਨਾਨਕ ਨਿਰਮਲ ਪੰਥ, ਤੀਸਰ ਪੰਥ, ਨਿਆਰਾ ਪੰਥ, ਖ਼ਾਲਸਾ ਪੰਥ ਦੇ ਯੋਧੇ ਜਦ ਸ਼ਹਾਦਤ ਦਾ ਸਾਗਰ ਤਰਦੇ ਤਾਂ ਗੁਰੂ ਭਰੋਸਾ, ਗੁਰਬਾਣੀ, ਗੌਰਵਮਈ ਇਤਿਹਾਸ ਤੇ ਅਰਦਾਸ ਕਰਦੇ ਹੋਏ ਖਿੜੇ ਮੱਥੇ, ਚੜ੍ਹਦੀ ਕਲਾ 'ਚ ਵਿਦਾ

ਹੁੰਦੇ। ਭਾਈ ਤਾਰੂ ਸਿੰਘ ਜੀ ਨੇ ਤਾਰੂ ਬਣ ਕੇ ਸ਼ਹਾਦਤ ਦੇ ਸਾਗਰ ਨੂੰ ਤਰਿਆ। ਉਹ ਜ਼ੁਲਮ ਨਾਲ ਟਕਰਾਇਆ। ਉਹ ਮਨਤਾਰੂਆਂ ਤੇ ਅਨਤਾਰੂਆਂ ਦਾ ਰੋਲ-ਮਾਡਲ ਹੈ। ਉਸ ਦੇ ਸਿੰਘਊਪੁਣੇ ਦੀ ਗਰਜ ਅੱਜ ਵੀ ਫ਼ਿਜ਼ਾਵਾਂ ਵਿਚ ਹੈ। ਸਿੰਘਊਪੁਣਾ-ਇਕ ਸੋਚ, ਸਿਦਕ ਤੇ ਸਿੱਖੀ ਨੂੰ ਸਮਰਪਿਤ ਭਾਵਨਾ ਦਾ ਨਾਂ ਹੈ। ਜਾਲਮ ਲੋਕਾਂ ਨੇ ਉਸ ਦੇ ਸਿੰਘਊ ਸਰੂਪ ਭਾਵ ਕਲਗੀਧਰ ਪਾਤਸ਼ਾਹ ਜੀ ਦੀ ਮੋਹਰ ਨੂੰ ਕੱਟਣਾ ਚਾਹਿਆ ਪਰ ਕੱਟ ਨਾ ਸਕੇ। ਕੇਸਾਂ ਦੀ ਉਪਜਾਊ ਧਰਤੀ ਇਨਸਾਨੀ ਖੋਪਰੀ ਹੈ। ਖੋਪਰੀ ਹੇਠਾਂ ਸਿਦਕੀ ਸੋਚ, ਗੁਰੂ ਭਰੋਸਾ, ਆਤਮ-ਵਿਸ਼ਵਾਸ ਤੇ ਨਿਆਰੇਪਨ ਦਾ ਚਾਉ ਸੀ। ਭਾਈ ਤਾਰੂ ਸਿੰਘ ਜੀ ਨੇ ਖੋਪਰ ਦਾ ਦੀਵਾ ਬਾਲਿਆ, ਵਿਚ ਸਿਦਕ ਦੀ ਵੱਟੀ ਤੇ ਰੱਤ ਰੂਪੀ ਤੇਲ ਪਾਇਆ, ਜੋ ਜੁਗਾਂ-ਜੁਗਾਂਤਰਾਂ ਤਕ ਪੰਥਕ ਮਾਰਗ ਦੇ ਪਾਂਧੀਆਂ ਲਈ ਚਾਨਣ-ਮੁਨਾਰਾ ਹੈ ਅਤੇ ਸਹੀ ਮਾਰਗ ਤੋਂ ਭੁੱਲੇ-ਭਟਕਿਆਂ ਦੀ ਵੀ ਰਾਹ-ਰੁਸ਼ਨਾਈ ਕਰਦਾ ਰਹੇਗਾ।

ਕੌਮਾਂ ਦੇ ਇਤਿਹਾਸ ਬਹਾਦਰ ਯੋਧੇ, ਸਿਦਕੀ ਤੇ ਬੰਦਗੀ ਵਾਲੀਆਂ ਰੂਹਾਂ ਸਿਰਜਦੀਆਂ ਹਨ। ਇਨ੍ਹਾਂ ਉੱਪਰ ਖੋਜਾਂ ਹੁੰਦੀਆਂ ਰਹਿਣਗੀਆਂ। ਕਵੀ, ਕਥਾਕਾਰ, ਇਤਿਹਾਸਕਾਰ, ਸਾਹਿਤਕਾਰ ਨਵੇਂ-ਨਵੇਂ ਸ਼ਬਦ ਸਿਰਜਦੇ ਰਹਿਣਗੇ, ਇਹੋ ਹੀ ਮਹਾਨ ਕੁਰਬਾਨੀਆਂ ਦੇ ਰਹੱਸ ਹੁੰਦੇ ਹਨ। ਅਜਿਹੇ ਯੋਧਿਆਂ ਨੂੰ ਜਨਮ ਦੇਣ ਵਾਲੇ ਮਾਪੇ ਅਤੇ ਨਗਰ, ਪਿੰਡ, ਕਸਬੇ ਧੰਨਤਾਯੋਗ ਹਨ। ਪਿੰਡ ਪੂਹਲਾ ਕੇਵਲ ਧਰਤੀ ਦੇ ਟੋਟੇ ਉੱਪਰ ਉੱਸਰਿਆ ਇੱਕ ਪਿੰਡ ਹੀ ਨਹੀਂ, ਸਗੋਂ ਮਹਾਨ ਇਤਿਹਾਸ ਦਾ ਗੌਰਵਮਈ ਹਿੱਸਾ ਹੈ। ਇਸ ਦੇ ਵੱਟਾਂ ਬੰਨਿਆਂ ਅਤੇ ਰਾਹਾਂ ਪਗਡੰਡੀਆਂ ਵਿੱਚੋਂ ਕੋਈ ਸੰਦੇਸ਼ ਵੀ ਮਿਲਦਾ ਹੈ। ਇੱਥੇ ਧਰਮੀ ਤੇ ਭਾਵਨਾ ਵਾਲੇ ਹਿਰਦੇ ਸਦਾ ਸਿਜਦੇ ਕਰਦੇ ਰਹਿਣਗੇ। ਇਤਿਹਾਸਿਕ ਸਥਾਨ ਪੂਹਲਾ ਪਿੰਡ ਹੋਵੇ ਜਾਂ ਲਹੌਰ ਦਾ ਨਖ਼ਾਸ ਚੌਕ, ਅਦ੍ਰਿਸ਼ਟ ਰੂਪ ਵਿਚ ਬਹੁਤ ਕੁਝ ਗਵਾਹੀਆਂ ਦੇ ਰਿਹਾ ਹੈ। ਸੁਣਨ ਵੇਲੇ ਸਾਰੇ ਸਿਰਾਂ ਉੱਪਰਲੇ ਕੰਨ ਸੁਣਨਯੋਗ ਨਹੀਂ ਹੁੰਦੇ, ਜੋ ਸੁਣ ਲੈਂਦੇ ਹਨ ਉਹ ਕੇਸਾਂ ਨੂੰ ਕੈਂਚੀ ਨਹੀਂ ਛੂਹਣ ਦਿੰਦੇ। ਭਾਈ ਤਾਰੂ ਸਿੰਘ ਜੀ ਦੀ ਯਾਦ ਦੀ ਇਹੋ ਕਰਾਮਾਤ ਹੈ। ਸਿੱਖੀ ਸਰੂਪ ਵਿਚ ਸੱਜਿਆ-ਫੱਬਿਆ ਨੌਜਵਾਨ ਭਾਈ ਤਾਰੂ ਸਿੰਘ ਦਾ ਅਸਲ ਵਾਰਸ ਕਹਾਉਂਦਾ ਹੈ। ਇਹ ਸਰੂਪ ਦਾ ਸਵੈਮਾਣ ਹੀ ਸਿਦਕ ਦੀਆਂ ਗੰਢਾਂ ਹਨ। ਉਸ ਮਹਾਨ ਯੋਧੇ ਦੇ ਮਹਾਨ ਸਿੱਖੀ ਜੀਵਨ ਨੂੰ ਨਮਸਕਾਰ ਹੈ। ਜੁਗਾਂ-ਜੁਗਾਂਤਰਾਂ ਤਕ ਢਾਡੀ/ਕਵੀਸ਼ਰ ਵਾਰਾਂ ਗਾਉਂਦੇ ਰਹਿਣਗੇ। ਇਹ ਬੀਰ-ਰਸੀ ਕਥਾਵਾਂ ਹੀ ਪਤਿਤਪੁਣੇ ਦੇ ਹਨੇਰੇ ਵਿਚ ਸਿਦਕੀ ਰੋਸ਼ਨੀ ਦੀਆਂ ਲਾਟਾਂ ਹਨ। ਜਿਸ ਕੌਮੀ ਮਹੱਲ ਦੇ ਥੰਮ੍ਹ ਏਨੇ ਮਜਬੂਤ ਹੋਣ, ਉਸ ਦੀ ਹੋਂਦ ਨੂੰ ਕਦੀ ਖ਼ਤਰਾ ਨਹੀਂ ਹੁੰਦਾ। ਇਹ ਥੰਮ੍ਹ ਹੀ ਡੋਲਦੇ ਵਿਚਾਰਾਂ ਨੂੰ ਥੰਮ੍ਹ ਕੇ ਰੱਖਦੇ ਹਨ। ਆਓ, ਸਿਰਾਂ ਨੂੰ ਸੀਸ ਬਣਾਈਏ ਤੇ ਗੁਰੂ ਦੇ ਸਿਦਕੀ ਸਿੱਖ ਬਣ ਕੇ ਕੌਮੀ ਸੰਦੇਸ਼ ਨੂੰ ਧਾਰਨ ਕਰੀਏ ਅਤੇ ਘਰ ਘਰ ਤਕ ਪਹੁੰਚਾਈਏ! ਬਿਬੇਕਸ਼ੀਲਤਾ, ਆਸ਼ਾਵਾਦ ਤੇ ਚੜ੍ਹਦੀ ਕਲਾ ਸਾਡਾ ਵਿਵਹਾਰ ਰਹੇ, ਗੁਰੂ ਭਰੋਸਾ ਤੇ ਬਾਣੀ-ਬਾਣੇ ਨਾਲ ਸਦਾ ਪਿਆਰ ਰਹੇ, ਅਜਿਹੇ ਸਿਦਕੀਆਂ ਦੀ ਸਦਾ ਜੈ-ਜੈਕਾਰ ਰਹੇ, ਇਹੋ ਗੌਰਵਮਈ ਇਤਿਹਾਸ ਦਾ ਤੱਤਸਾਰ ਤੇ ਮਹਾਨ ਸੰਦੇਸ਼ ਹੈ!! ■

# ਭਾਈ ਤਾਰੂ ਸਿੰਘ ਦੇ ਵਾਰਸ

*-ਡਾ. ਜਸਵੰਤ ਸਿੰਘ**

ਭਾਰਤੀ ਪਰੰਪਰਾ ਦੇ ਹੀ ਨਹੀਂ ਬਲਕਿ ਵਿਸ਼ਵ ਦੇ ਪੁਰਾਤਨ ਇਤਿਹਾਸ ਤੇ ਨਜ਼ਰ ਮਾਰਦਿਆਂ ਸਹਿਜੇ ਹੀ ਸਾਨੂੰ ਨਜ਼ਰੀਂ ਆਵੇਗਾ ਕਿ ਵਿਸ਼ਵ ਵਿਚ ਹੋ ਚੁੱਕੀਆਂ ਵੱਡੀਆਂ ਸ਼ਖ਼ਸੀਅਤਾਂ ਜਿਨ੍ਹਾਂ ਨੇ ਸਮੇਂ-ਸਮੇਂ ਸਮਾਜ ਨੂੰ ਨਵੀਆਂ ਸੇਧਾਂ ਦਿੱਤੀਆਂ ਉਹ ਸਾਰੇ ਕੇਸਾਧਾਰੀ ਹੋਏ ਹਨ। ਕਿਉਂਕਿ ਵੱਡੇ ਆਦਰਸ਼ਾਂ ਵਿਚ ਉਹੀ ਮਨੁੱਖ ਜੀਅ ਸਕਦਾ ਹੈ ਜੋ ਕੁਦਰਤ ਦੇ ਗੂੜ ਰਹੱਸਾਂ ਨੂੰ ਸਮਝਦਾ ਹੈ। ਸਾਮੀ ਧਰਮਾਂ ਦੀ ਲੜੀ ਵਿਚ ਹੋ ਚੁੱਕੇ ਪੈਗੰਬਰ ਹਜ਼ਰਤ ਮੂਸਾ ਤੋਂ ਲੈ ਕੇ ਹਜ਼ਰਤ ਈਸਾ ਦੀਆਂ ਤਸਵੀਰਾਂ ਨੂੰ ਦੇਖਦਿਆਂ ਉਨ੍ਹਾਂ ਦੇ ਸਾਬਤ-ਸੂਰਤ ਚਿਹਰਿਆਂ ਤੋਂ ਆਪ-ਮੁਹਾਰੇ ਅੰਦਾਜ਼ਾ ਹੁੰਦਾ ਹੈ ਕਿ ਸਾਡੇ ਭਾਰਤੀ ਰਿਸ਼ੀਆਂ ਵਾਂਗ ਉਸ ਧਰਤੀ ਦੇ ਵਡੇਰੇ ਵੀ ਸਾਬਤ ਸੂਰਤ ਕੇਸਾਂ ਵਾਲੇ ਸਨ, ਕਿਉਂਕਿ ਧਾਰਮਿਕ ਗ੍ਰੰਥਾਂ ਵਿਚ ਇਹ ਜ਼ਿਕਰ ਮਿਲਦਾ ਹੈ ਕਿ ਮਨੁੱਖ ਨੂੰ ਪਰਮਾਤਮਾ ਨੇ ਆਪਣੇ ਵਰਗਾ ਹੀ ਬਣਾਇਆ ਹੈ। ਮਨੁੱਖੀ ਸੁਭਾਅ ਹੈ ਕਿ ਇਹ ਸਮਾਂ ਪਾ ਕੇ ਆਪਣੇ ਪੁਰਖਿਆਂ ਦੇ ਬਚਨਾਂ ਤੋਂ ਨਾਬਰ ਹੋ ਕੇ ਆਪਣੇ ਬਣਾਏ ਛੋਟੇ ਆਦਰਸ਼ਾਂ ਵਿਚ ਜ਼ਿੰਦਗੀ ਜਿਉਣ ਨੂੰ ਹੀ ਆਖਰੀ ਸੱਚ ਸਮਝਣ ਲੱਗਦਾ ਹੈ ਅਜਿਹਾ ਵਿਸ਼ਵ ਦੇ ਹਰ ਇਕ ਧਰਮ ਵਿਚ ਵੇਖਣ ਨੂੰ ਮਿਲਦਾ ਹੈ।

ਇਸੇ ਹੀ ਤਰ੍ਹਾਂ ਜੇ ਸਿੱਖ ਪੰਥ ਦੀ ਗੱਲ ਕਰੀਏ ਤਾਂ ਇਸ ਦਾ ਆਗਾਜ਼ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੋਇਆ। ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਅਕਾਲ ਪੁਰਖ ਦੇ ਭੈਅ ਵਿਚ ਰਹਿਣ ਦਾ ਮਾਰਗ ਦਰਸਾਇਆ ਜਿਸ ਕਾਰਨ ਗੁਰੂ ਸਾਹਿਬ ਜਿੱਥੇ ਵੀ ਗਏ ਉੱਥੇ ਹੀ ਆਪਣੇ ਉਪਦੇਸ਼ਾਂ ਵਿਚ ਲੋਕਾਈ ਨੂੰ ਸਾਬਤ-ਸੂਰਤ ਰਹਿਣ ਦੀ ਤਾਕੀਦ ਕੀਤੀ। ਅਜਿਹਾ ਹੀ ਉਨ੍ਹਾਂ ਤੋਂ ਬਾਅਦ ਸਿੱਖ ਗੁਰੂ ਸਾਹਿਬਾਨ ਜੀ ਦੇ ਆਦਰਸ਼ਾਂ ਵਿਚ ਦੇਖਣ ਨੂੰ ਮਿਲਦਾ ਹੈ। ਦਸਮ ਪਿਤਾ ਨੇ ਖਾਲਸੇ ਦੀ ਸਿਰਜਣਾ ਸਮੇਂ ਕੇਸਾਂ ਨੂੰ ਕਕਾਰ ਵਿਚ ਸ਼ਾਮਿਲ ਕਰ ਕੇ ਹਮੇਸ਼ਾਂ ਲਈ ਖਾਲਸੇ ਨੂੰ ਕੇਸਾਧਾਰੀ ਰਹਿਣ ਦਾ ਪ੍ਰਣ ਦ੍ਰਿੜ੍ਹ ਕਰਵਾਇਆ। ਸਿੱਖ ਪੰਥ ਵਿਚ ਕੇਸਾਂ ਦੀ ਬੜੀ ਮਹਾਨਤਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਵਡਹੰਸ ਰਾਗ ਵਿਚ ਪਰਮਾਤਮਾ ਦੇ ਸਰੂਪ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ :

*ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥*
*ਸੋਹਣੇ ਨਕ ਜਿਨ ਲੰਮੜੇ ਵਾਲਾ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੬੭)*

ਗੁਰਬਾਣੀ ਵਿਚ ਇਸ ਬਾਬਤ ਪੰਜਵੇਂ ਪਾਤਸ਼ਾਹ ਜੀ ਦਾ ਫੁਰਮਾਨ ਹੈ :

*ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੮੪)*

*ਪ੍ਰਿੰਸੀਪਲ, ਬੇਬੇ ਨਾਨਕੀ ਸਿੱਖ ਮਿਸ਼ਨਰੀ ਕਾਲਜ, ਸੁਲਤਾਨਪੁਰ ਲੋਧੀ-੧੪੪੬੨੬ (ਕਪੂਰਥਲਾ)। ਮੋ. +੯੧੯੪੬੩੦-੯੪੦੧੭

ਅਸੀਂ ੨੦੨੦ ਈ. ਦੇ ਅਕਤੂਬਰ ਮਹੀਨੇ ਵਿਚ ਜਦੋਂ ਭਾਈ ਤਾਰੂ ਸਿੰਘ ਜੀ ਦੀ ੩੦੦-ਸਾਲਾ ਜਨਮ ਦਿਹਾੜਾ ਮਨਾ ਰਹੇ ਹਾਂ ਤਾਂ ਸਾਡਾ ਸਾਰਿਆਂ ਦਾ ਫ਼ਰਜ਼ ਹੈ ਕਿ ਸਾਡੇ ਜੋ ਨੌਜਵਾਨ ਵੀਰ ਸਿੱਖੀ ਦੇ ਰਾਹ ਤੋਂ ਭਟਕ ਚੁੱਕੇ ਹਨ ਉਨ੍ਹਾਂ ਨੂੰ ਵਾਪਸ ਆਪਣੇ ਘਰ ਲਿਆਈਏ। ਅਜਿਹੇ ਸਿੱਖ ਨੌਜਵਾਨਾਂ/ਪਾਠਕਾਂ ਨਾਲ ਮੈਂ ਇਕ-ਦੋ ਘਟਨਾਵਾਂ ਜੋ ਮੈਂ ਇੱਥੇ ਸਾਂਝੀਆਂ ਕਰ ਰਿਹਾ ਹਾਂ, ਜਿਹੜੇ ਸਿੱਖ ਨੌਜਵਾਨਾਂ ਨੇ ਕੇਸਾਂ ਨੂੰ ਤਿਲਾਂਜਲੀ ਦੇ ਚੁੱਕੇ ਹਨ ਉਨ੍ਹਾਂ ਸਾਡੇ ਸਿੱਖ ਨੌਜਵਾਨਾਂ ਲਈ ਕੇਸ ਰੱਖਣ ਪ੍ਰਤੀ ਪ੍ਰੇਰਨਾ-ਸ੍ਰੋਤ ਸਿੱਧ ਹੋ ਸਕਦੀਆਂ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਦੇ ਗੁਰੂ ਨਾਨਕ ਅਧਿਐਨ ਵਿਭਾਗ ਵਿਚ ਐਮ. ਏ. ਧਰਮ ਅਧਿਐਨ ਕਰਦਿਆਂ ਮੈਨੂੰ ਅਤੇ ਮੇਰੇ ਦੋ ਹੋਰ ਸਹਿਪਾਠੀਆਂ ਸ. ਸੁਖਪਾਲ ਸਿੰਘ ਅਤੇ ਸ. ਜੋਗਿੰਦਰ ਸਿੰਘ ਨੂੰ ਸੰਨ ੨੦੦੯ ਵਿਚ ਜੂਨ ਦੀਆਂ ਛੁੱਟੀਆਂ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਬਿਹਾਰ ਵਿਚ ਉਦਾਸੀਆਂ ਦੇ ਜੋ ਕੁਝ ਅਸਥਾਨ ਹੁੰਦੇ ਸਨ, ਉਨ੍ਹਾਂ ਬਾਰੇ ਜਾਣਕਾਰੀ ਇਕੱਤਰ ਕਰਨ ਦਾ ਪ੍ਰੋਜੈਕਟ ਦਿੱਤਾ ਗਿਆ। ਇਸ ਸਮੇਂ ਦੌਰਾਨ ਸਾਨੂੰ ਬਿਹਾਰ ਵਿਚ ਅਲੱਗ-ਅਲੱਗ ਥਾਵਾਂ 'ਤੇ ਜਾਣ ਅਤੇ ਵੱਖ-ਵੱਖ ਲੋਕਾਂ ਨੂੰ ਮਿਲਣ ਦਾ ਮੌਕਾ ਮਿਲਿਆ, ਜਿਸ ਦਾ ਸਾਰਾ ਵੇਰਵਾ ਅਸੀਂ ਆਪਣੇ ਕੋਲ ਇਕੱਤਰ ਕਰਦੇ ਰਹੇ ਅਤੇ ਬਾਅਦ ਵਿਚ ਇਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਿਚ ਸੰਬੰਧਿਤ ਨੁਮਾਇੰਦਿਆਂ ਨੂੰ ਇਹ ਵੇਰਵਾ ਜਮ੍ਹਾਂ ਕਰਵਾ ਦਿੱਤਾ ਸੀ। ਇਸ ਸਮੇਂ ਦੌਰਾਨ ਸਾਨੂੰ ਬਿਹਾਰ ਦੇ ਇਕ ਪਿੰਡ ਲਛਮੀਪੁਰ (ਸਰਦਾਰ ਨਗਰ) ਜਾਣ ਦਾ ਮੌਕਾ ਮਿਲਿਆ ਜਿਹੜਾ ਕਿ ਕਟਿਹਾਰ ਜ਼ਿਲ੍ਹੇ ਵਿਚ ਕੜਾਹਗੋਲਾ ਰੇਲਵੇ ਸਟੇਸ਼ਨ ਦੇ ਨਜ਼ਦੀਕ ਹੈ। ਜਦੋਂ ਅਸੀਂ ਇਸ ਪਿੰਡ ਪੁੱਜੇ ਤਾਂ ਅਸੀਂ ਹੈਰਾਨ ਸਾਂ ਕਿ ਅਜਿਹਾ ਪਿੰਡ ਤੇ ਪੰਜਾਬ ਵਿਚ ਵੀ ਨਹੀਂ ਹੋਵੇਗਾ, ਕਿਉਂਕਿ ਉਸ ਪਿੰਡ ਦੇ ਜਿੰਨੇ ਵੀ ਨੌਜਵਾਨ ਦੇਖੇ ਸਾਰੇ ਹੀ ਸਾਬਤ-ਸੂਰਤ ਸਨ। ਇਸ ਤੋਂ ਇਲਾਵਾ ਸਾਰੇ ਪਿੰਡ ਦਾ ਗੁਰਬਾਣੀ ਨਾਲ ਪ੍ਰੇਮ ਦੇਖ ਕੇ ਸਾਡੀ ਆਤਮਾ ਤ੍ਰਿਪਤ ਹੋ ਗਈ। ਸਾਡੇ ਵੱਲੋਂ ਪੁੱਛਣ 'ਤੇ ਪਤਾ ਲੱਗਾ ਕਿ ਇਹ ਇਕ ਇਤਿਹਾਸਿਕ ਨਗਰ ਹੈ, ਇਸ ਨਗਰ ਵਿਚ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚਰਨ ਪਾਏ ਸਨ ਤੇ ਉਨ੍ਹਾਂ ਨੇ ਇਸ ਨਗਰ ਨੂੰ ਸਿੱਖੀ ਦੀ ਦਾਤ ਬਖਸ਼ੀ ਸੀ, ਜਿਸ ਨੂੰ ਉਨ੍ਹਾਂ ਲੋਕਾਂ ਨੇ ਹੁਣ ਤਕ ਬਾਖੂਬੀ ਸਾਂਭਿਆ ਹੋਇਆ ਹੈ।

ਕੁਝ ਦਿਨ ਉੱਥੇ ਰਹਿਣ ਕਾਰਨ ਸਾਡਾ ਉਨ੍ਹਾਂ ਨਾਲ ਗੁਰਸਿੱਖਾਂ ਵਾਲਾ ਪ੍ਰੇਮ ਬਣ ਗਿਆ। ਇਕ ਦਿਨ ਅਸੀਂ ਅਚਾਨਕ ਨਗਰ ਦੇ ਪਤਵੰਤਿਆਂ ਨੂੰ ਇਹ ਗੱਲ ਪੁੱਛੀ ਕਿ ਤੁਹਾਡੇ ਨਗਰ ਵਿਚ ਅਜਿਹਾ ਕੋਈ ਨੌਜਵਾਨ ਨਹੀਂ ਜੋ ਬਿਨਾਂ ਕੇਸਾਂ ਤੋਂ ਹੋਵੇ? ਤਾਂ ਉਨ੍ਹਾਂ ਨੇ ਅੱਗੋਂ ਨੀਵੀਂ ਪਾ ਲਈ ਤਾਂ ਸਾਨੂੰ ਇੰਞ ਮਹਿਸੂਸ ਹੋਇਆ ਜਿਵੇਂ ਅਸੀਂ ਕੋਈ ਗ਼ਲਤ ਸਵਾਲ ਪੁੱਛ ਬੈਠੇ ਹਾਂ, ਤਾਂ ਥੋੜ੍ਹਾ ਰੁਕ ਕੇ ਇਕ ਸੱਜਣ ਨੇ ਦੱਸਿਆ ਕਿ ਅਜਿਹੀ

ਕੁਰਹਿਤ ਹੁਣ ਤਕ ਇੱਕ ਹੀ ਨੌਜਵਾਨ ਨੇ ਕੀਤੀ ਸੀ। ਜਿਸ ਦਾ ਕਾਰਨ ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਉਹ ਨੌਜਵਾਨ ਪੰਜਾਬ ਗਿਆ ਸੀ ਅਤੇ ਉਸ ਨੂੰ ਇੱਥੇ ਇਹ ਪਤਾ ਲੱਗਾ ਕਿ ਗੁਰਸਿੱਖਾਂ ਦੇ ਘਰਾਂ ਵਿਚ ਜਨਮ ਲੈ ਕੇ ਵੀ ਪੰਜਾਬੀ ਨੌਜਵਾਨ ਕੇਸਾਂ ਤੋਂ ਬਿਨਾਂ ਰਹਿ ਰਹੇ ਹਨ ਅਤੇ ਉਸ ਦੀ ਮੱਤ ਉੱਤੇ ਵੀ ਪਰਦਾ ਪੈ ਗਿਆ ਅਤੇ ਉਸ ਨੇ ਸਾਡੇ ਨਗਰ ਦੇ ਸ਼ਾਨਾਂਮੱਤੇ ਇਤਿਹਾਸ ਨੂੰ ਕਲੰਕਿਤ ਕਰ ਦਿੱਤਾ। ਪਰੰਤੂ ਜਿਉਂ ਹੀ ਉਹ ਨੌਜਵਾਨ ਪੰਜਾਬ ਤੋਂ ਪਤਿਤ ਹੋ ਕੇ ਪਿੰਡ ਦੀ ਜੂਹ ਵਿਚ ਵੜਨ ਲੱਗਾ ਤਾਂ ਪਿੰਡ ਦੇ ਨੌਜਵਾਨਾਂ ਨੇ ਉਸ ਨੂੰ ਫੜ ਕੇ ਉਸ ਦਾ ਮਾਂਜਾ ਲਾਹਿਆ ਅਤੇ ਬਾਅਦ ਵਿਚ ਉਹ ਨੌਜਵਾਨ ਪਿੰਡ ਦੇ ਪਤਵੰਤਿਆਂ ਨੂੰ ਨਾਲ ਲੈ ਕੇ ਉਸ ਦੇ ਘਰ ਗਏ ਅਤੇ ਉਨ੍ਹਾਂ ਦੇ ਸਾਰੇ ਪਰਵਾਰ ਨੂੰ ਪਿੰਡ ਛੱਡ ਕੇ ਜਾਨ ਲਈ ਸ਼ਾਮ ਤਕ ਦਾ ਸਮਾਂ ਦਿੱਤਾ। ਫਿਰ ਗੁਰੂ ਸਾਹਿਬ ਦੀ ਕਿਰਪਾ ਨਾਲ ਉਸ ਨੌਜਵਾਨ ਨੇ ਭੁੱਲ ਬਖ਼ਸ਼ਾਈ ਅਤੇ ਅੱਗੇ ਤੋਂ ਅਜਿਹਾ ਨਾ ਕਰਨ ਦਾ ਭਰੋਸਾ ਦਿਵਾਇਆ। ਪੂਰੀ ਗੱਲ ਸੁਣ ਕੇ ਪੰਜਾਬ ਦਾ ਨਾਂ ਸੁਣ ਕੇ ਸਾਡੀਆਂ ਨੀਵੀਆਂ ਪੈ ਗਈਆਂ, ਪਰੰਤੂ ਇਸ ਗੱਲ ਦੀ ਸਮਾਪਤੀ 'ਤੇ ਉਨ੍ਹਾਂ ਸਾਰਿਆਂ ਦੀਆਂ ਅੱਖਾਂ ਵਿਚ ਗੁਰੂ ਸਾਹਿਬ ਦੀ ਬਖ਼ਸ਼ਿਸ਼ ਦੀ ਖਾਸ ਚਮਕ ਸੀ। ਅਜਿਹਾ ਤਾਂ ਪੰਜਾਬ ਦੇ ਹਰ ਪਿੰਡ ਦਾ ਦ੍ਰਿਸ਼ ਹੋਣਾ ਚਾਹੀਦਾ ਸੀ। ਪਰ ਅਫਸੋਸ ਪੰਜਾਬ ਦੇ ਨੌਜਵਾਨਾਂ ਨੇ ਕੇਸਾਂ ਨੂੰ ਤਿਲਾਂਜਲੀ ਤਾਂ ਦਿੱਤੀ ਹੀ ਹੈ ਅਤੇ ਨਾਲ ਹੀ ਨਸ਼ੇ, ਫੁਕਰਪੁਣਾ, ਝੂਠੀ ਐਸ਼ਪ੍ਰਸਤੀ ਵਿਚ ਆਪਣਾ ਜੀਵਨ ਤਬਾਹ ਕਰ ਰਹੇ ਹਨ। ਲਛਮੀਪੁਰ (ਬਿਹਾਰ) ਵਰਗੇ ਨਗਰ ਨਿਵਾਸੀ ਜਿੱਥੇ ਗੁਰੂ ਦੀ ਬਖ਼ਸ਼ਿਸ਼ ਦੇ ਪਾਤਰ ਹਨ, ਉੱਥੇ ਵਧਾਈ ਦੇ ਵੀ ਹੱਕਦਾਰ ਹਨ ਜਿਨ੍ਹਾਂ ਨੇ ਸਿੱਖ ਗੁਰੂ ਸਾਹਿਬਾਨ ਦੇ ਆਦਰਸ਼ਾਂ 'ਤੇ ਚਲਦਿਆਂ ਹੋਇਆਂ ਸਾਨੂੰ ਭਾਈ ਤਾਰੂ ਸਿੰਘ ਜੀ ਦੀ ਨਿੱਘੀ ਯਾਦ ਦਿਵਾਈ ਹੈ ਜਿਨ੍ਹਾਂ ਨੇ ਕੇਸਾਂ ਨਾਲ ਪਿਆਰ ਦਿਖਾਉਂਦਿਆਂ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ। ਅਸੀਂ ਮਹਿਸੂਸ ਕੀਤਾ ਕਿ ਭਾਈ ਤਾਰੂ ਸਿੰਘ ਦੇ ਅਸਲ ਵਾਰਸ ਤਾਂ ਇਹ ਗੁਰਸਿੱਖ ਹਨ।

ਮੈਂ ਅਜਿਹੀ ਹੀ ਇਕ ਹੋਰ ਘਟਨਾ ਦਾ ਜ਼ਿਕਰ ਕਰਨ ਲੱਗਾ ਹਾਂ ਜੋ ਪੰਜਾਬ ਤੋਂ ਬਾਹਰ ਜੰਮੂ-ਕਸ਼ਮੀਰ ਦੀ ਹੈ। ਜਦੋਂ ਪਿਛਲੇ ਸਮੇਂ ਵਿਚ ਪੰਜਾਬ ਦੇ ਨੌਜਵਾਨ ਜੰਮੂ ਵਿਚ ਬੀ. ਐੱਡ. ਕਰਨ ਜਾਂਦੇ ਸਨ ਤਾਂ ਅਜਿਹਾ ਇਕ ਸਿੱਖ ਪਰਵਾਰ ਨਾਲ ਸਬੰਧਿਤ ਨੌਜਵਾਨ ਜੋ ਸਿਰ 'ਤੇ ਤਾਂ ਦਸਤਾਰ ਸਜਾਉਂਦਾ ਸੀ, ਪਰ ਦਾੜ੍ਹੀ ਦੇ ਕੇਸ ਕਤਲ ਕਰਦਾ ਸੀ, ਉਸ ਨਾਲ ਸਾਡੀ ਇਕ ਵਾਰ ਮੁਲਾਕਾਤ ਹੋਈ। ਉਸ ਨੇ ਦੱਸਿਆ ਕਿ ਜੰਮੂ ਵਿਖੇ ਬੀ. ਐੱਡ ਕਰਨ ਦੌਰਾਨ ਮੈਂ ਇਕ ਦਿਨ ਛੁੱਟੀ ਵਾਲੇ ਦਿਨ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਗਿਆ ਤਾਂ ਸਮਾਗਮ ਦੀ ਸਮਾਪਤੀ ਤੋਂ ਬਾਅਦ ਇਕ ਬੀਬੀ ਨੇ ਮੈਨੂੰ ਪੁੱਛਿਆ ਕਿ, ਤੁਸੀਂ ਕਿੱਥੋਂ ਆਏ ਹੋ? ਤਾਂ ਮੈਂ ਬੜੇ ਮਾਣ ਨਾਲ ਕਿਹਾ ਕਿ ਪੰਜਾਬ ਤੋਂ! ਤਾਂ ਉਹ ਬੀਬੀ ਕਹਿਣ ਲੱਗੀ ਕਿ, ਤੁਹਾਨੂੰ ਵੇਖ ਕੇ ਹੀ ਅੰਦਾਜ਼ਾ ਲਾ ਲਿਆ ਸੀ, ਕਿਉਂਕਿ ਸਾਡੇ ਇੱਥੋਂ ਦੇ ਨੌਜਵਾਨ ਤਾਂ ਸਾਰੇ ਸਾਬਤ ਸੂਰਤ ਹਨ, ਉਹ ਤਾਂ ਅਜੇ ਗੁਰੂ

ਤੋਂ ਬੇਮੁਖ ਨਹੀਂ ਹੋਏ! ਉਹ ਨੌਜਵਾਨ ਕਹਿੰਦਾ ਕਿ ਮੈਂ ਬੜਾ ਸ਼ਰਮਿੰਦਾ ਹੋਇਆ ਕਿ ਅਸੀਂ ਪੰਜਾਬ ਵਿਚ ਰਹਿ ਕੇ ਹੀ ਗੁਰੂ ਸਾਹਿਬਾਨ ਦੇ ਆਦਰਸ਼ਾਂ ਨੂੰ ਤਿਲਾਂਜਲੀ ਦੇ ਚੁੱਕੇ ਹਾਂ ਜਦਕਿ ਪੰਜਾਬ ਤੋਂ ਬਾਹਰ ਬੈਠੇ ਗੁਰਸਿੱਖਾਂ ਨੇ ਸਿੱਖ ਪਰੰਪਰਾਵਾਂ ਵਿਚ ਜਿਊਣ ਨੂੰ ਹੀ ਆਪਣੀ ਜ਼ਿੰਦਗੀ ਦਾ ਮਰਕਜ਼ ਮੰਨਿਆ ਹੈ। ਮੈਂ ਸੁਣਿਆ ਵੀ ਹੈ ਅਤੇ ਦੇਖਣ ਵਿਚ ਵੀ ਆਇਆ ਹੈ ਕਿ ਹਜ਼ੂਰ ਸਾਹਿਬ, ਨਾਂਦੇੜ ਅਤੇ ਇਸ ਦੇ ਲਾਗਲੇ ਇਲਾਕਿਆਂ ਵਿਚ ਰਹਿੰਦੇ ਸਿੱਖ ਪਰਵਾਰਾਂ ਦੇ ਬੱਚੇ ਵੀ ਕਦੇ ਕੇਸ ਕਤਲ ਨਹੀਂ ਕਰਵਾਉਂਦੇ ਅਤੇ ਉਨ੍ਹਾਂ ਨੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਬਖ਼ਸ਼ੀ ਸਿੱਖੀ ਨੂੰ ਸਾਂਭ ਕੇ ਰੱਖਿਆ ਹੈ। ਪੰਜਾਬ ਦੀ ਤਾਂ ਹਾਲਤ ਇਸ ਪੱਖੋਂ ਇਕ ਅਦੀਬ ਦੇ ਕਹਿਣ ਅਨੁਸਾਰ ਇਹ ਹੋਈ ਪਈ ਹੈ :

*ਬੜੇ ਸ਼ੌਂਕ ਸੇ ਸੁਨ ਰਹਾ ਥਾ ਜ਼ਮਾਨਾ*
*ਹਮ ਹੀ ਸੋ ਗਏ ਦਾਸਤਾਂ ਕਹਿਤੇ ਕਹਿਤੇ।*

ਸੋ ਵਿਚਾਰਨ ਵਾਲੀ ਗੱਲ ਹੈ ਕਿ ਪੰਜਾਬ ਤੋਂ ਬਾਹਰਲੇ ਸਾਰੇ ਸੂਬਿਆਂ ਵਿਚ ਸਿੱਖ ਨੌਜਵਾਨ ਕੇਸਾਂ 'ਤੇ ਮਾਣ ਕਰਦੇ ਹਨ, ਪਰ ਪੰਜਾਬ ਦੇ ਨੌਜਵਾਨ ਦੀ ਜ਼ਿੰਦਗੀ ਜਿਊਣ ਦੀਆਂ ਦਿਸ਼ਾਵਾਂ ਫੋਕੇ ਦਿਖਾਵੇ ਵਿਚ ਹੀ ਉਲਝ ਕੇ ਰਹਿ ਗਈਆਂ ਹਨ। ਕੇਸਾਂ ਨੂੰ ਤਿਲਾਂਜਲੀ ਤੋਂ ਬਾਅਦ ਹੁਣ ਇਹ ਨਸ਼ਿਆਂ ਵੱਲ ਵਧ ਰਿਹਾ ਹੈ। ਹਥਿਆਰਾਂ, ਗੁੰਡਾਗਰਦੀ ਅਤੇ ਗੈਂਗਸਟਰ ਕਲਚਰ ਨੇ ਪੰਜਾਬ ਦੀ ਸ਼ਾਂਤੀ, ਖੁਸ਼ਹਾਲੀ ਨੂੰ ਨੇਸਤ-ਓ-ਨਾਬੂਦ ਕਰ ਦਿੱਤਾ ਹੈ। ਵਿਚਾਰਨ ਵਾਲੀ ਗੱਲ ਤਾਂ ਇਹ ਵੀ ਹੈ ਕਿ ਅਜੋਕੇ ਭੁੱਲੜ ਨੌਜਵਾਨਾਂ ਨੇ ਪੰਜਾਬ ਦੀ ਧਰਤੀ ਜੋ ਗੁਰੂ ਸਾਹਿਬਾਨ ਦੀ ਸਿੱਖਿਆਵਾਂ ਦੀ ਖੁਸ਼ਬੂ ਨੂੰ ਵਿਸ਼ਵ ਵਿਚ ਫੈਲਾਉਣਾ ਸੀ ਉਹ ਆਪ ਹੀ ਦਿਸ਼ਾਹੀਣ ਹੋ ਕੇ ਕੇਵਲ ਆਪਣੀ ਜ਼ਿੰਦਗੀ ਹੀ ਤਬਾਹ ਨਹੀਂ ਕਰ ਰਹੇ, ਸਗੋਂ ਪੰਜਾਬ ਹੀ ਨਹੀਂ ਸਗੋਂ ਇੱਥੋਂ ਦੇ ਨੌਜਵਾਨ ਜੋ ਵਿਦੇਸ਼ਾਂ ਵਿਚ ਜਾ ਰਹੇ ਹਨ, ਆਪਣੇ ਮਨ ਦੇ ਛੋਟੇ ਉਲਾਰਾਂ ਕਾਰਨ, ਬਲਕਿ ਉਸ ਧਰਤੀ ਨੂੰ ਵੀ ਗੰਧਲਾ ਕਰ ਰਹੇ ਹਨ। ਸੋ ਜੇ ਅਸੀਂ ਭਾਈ ਤਾਰੂ ਸਿੰਘ ਜੀ ਨੂੰ ਸਮਰਪਿਤ ਸ਼ਤਾਬਦੀ ਮਨਾ ਰਹੇ ਹਾਂ ਤਾਂ ਸਾਡਾ ਫਰਜ਼ ਹੈ ਕਿ ਬੜੇ ਹੀ ਪ੍ਰੇਮ, ਸਤਿਕਾਰ ਅਤੇ ਸਮਰਪਿਤ ਭਾਵਨਾ ਨਾਲ ਪੰਜਾਬ ਦੇ ਨੌਜਵਾਨਾਂ ਵਿਚ ਭਾਈ ਤਾਰੂ ਸਿੰਘ ਜੀ ਦੇ ਜੀਵਨ ਦੇ ਉੱਚੇ ਆਦਰਸ਼ਾਂ ਨਾਲ ਸਾਂਝ ਪੁਆਈਏ ਅਤੇ ਗੁਰੂ ਸਾਹਿਬਾਨ ਅਨੁਸਾਰ ਦੱਸੇ ਹੋਏ ਮਾਰਗ 'ਤੇ ਚੱਲ ਕੇ ਸਿੱਖ ਸਮਾਜ ਦੀ ਪੁਨਰ-ਸੁਰਜੀਤੀ ਲਈ ਯਤਨਸ਼ੀਲ ਹੋਈਏ! ਪੰਜਾਬ ਦੇ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਵੀ ਵਾਪਸ ਗੁਰੂ ਨਾਨਕ ਪਾਤਸ਼ਾਹ ਦੁਆਰਾ ਚਲਾਏ ਨਿਰਮਲ ਪੰਥ ਦਾ ਅਟੁੱਟ ਅੰਗ ਬਣ ਕੇ ਹਲਤ-ਪਲਤ ਸੰਵਾਰਨ। ■

# ਭਾਈ ਤਾਰੂ ਸਿੰਘ ਪੂਹਲਾ ਜੀ ਦੀ ਸ਼ਹੀਦੀ

*-ਡਾ. ਅਮਰਜੀਤ ਕੌਰ ਇੱਬਣ ਕਲਾਂ**

ਸਾਹਸੀ ਅਤੇ ਨਿਧੜਕ ਸਿੰਘ ਸੂਰਮੇ ਕਿਉਂਕਿ ਸਰਕਾਰ ਦੀ ਪਹੁੰਚ ਤੋਂ ਬਾਹਰ ਸਨ, ਇਸ ਲਈ ਨੀਚ ਪ੍ਰਵਿਰਤੀ ਵਾਲੇ ਝੋਲੀਚੁਕਾਂ ਨੇ ਸ਼ਰੀਫ਼ ਅਤੇ ਇਹੋ ਜਿਹੇ ਸਿੱਖਾਂ ਤੋਂ ਆਪਣਾ ਬਦਲਾ ਲਿਆ ਜੋ ਕਿਸੇ ਦਾ ਕੁਝ ਨਹੀਂ ਵਿਗਾੜਦੇ ਸਨ। ਮਾਝੇ ਦੇ ਇਲਾਕੇ ਦੇ ਪੂਹਲਾ* ਪਿੰਡ ਵਿਚ ਭਾਈ ਤਾਰੂ ਸਿੰਘ ਨਾਮ ਦਾ ਇਕ ਸਿੱਖ ਰਹਿੰਦਾ ਸੀ। ਇਹ ਸਦਾ ਨਾਮ ਦੇ ਰੰਗ ਵਿਚ ਰੰਗਿਆ ਹੋਇਆ, ਸਾਧੂ ਬਿਰਤੀ ਵਾਲਾ ਦਰਵੇਸ਼ ਨੌਜਵਾਨ ਸੀ। ਇਸ ਦਾ ਕਿਸੇ ਨਾਲ ਕੋਈ ਸਰੋਕਾਰ ਨਹੀਂ ਸੀ। ਇਸ ਦੇ ਪਰਵਾਰ ਵਿਚ ਇਸ ਦੀ ਮਾਤਾ ਅਤੇ ਇਕ ਭੈਣ ਸੀ। ਇਹ ਆਪਣੇ ਡੇਰੇ ’ਤੇ ਸਦਾ ਬਰਤ ਲੰਗਰ ਜਾਰੀ ਰੱਖਦੇ ਸਨ। ਹਰ ਇਕ ਨੂੰ ਬਿਨਾਂ ਕਿਸੇ ਭਿੰਨ-ਭੇਦ ਤੋਂ ਲੰਗਰ ਛਕਾਉਂਦੇ ਸਨ। ਭਾਈ ਤਾਰੂ ਸਿੰਘ ਜੀ ਅੰਦਰਖ਼ਾਤੇ ਆਪਣੇ ਬਨਵਾਸੀ ਭਰਾਵਾਂ ਦੀ ਮਦਦ ਵੀ ਕਰਦੇ ਸਨ।

ਜੰਡਿਆਲੇ ਦਾ ਹਰਿਭਗਤ ਨਿਰੰਜਣੀਆਂ ਜੋ ਕਿ ਸਿੱਖਾਂ ਦਾ ਵੱਡਾ ਵੈਰੀ ਸੀ। ਇਸ ਨੇ ਭਾਈ ਸਾਹਿਬ ਜੀ ਨੂੰ ਚੁਗਲੀ ਕਰ ਕੇ ਫੜਵਾ ਦਿੱਤਾ। ਭਾਈ ਜੀ ਨੂੰ ਲਾਹੌਰ ਲਿਆਂਦਾ ਗਿਆ। ਇਸਲਾਮ ਧਾਰਨ ਕਰਨ ਅਤੇ ਕੇਸ ਕਟਾਉਣ ਲਈ ਕਿਹਾ ਗਿਆ। ਭਾਈ ਜੀ ਨੇ ਕਿਹਾ ਕਿ ਉਨ੍ਹਾਂ ਦੇ ਕੇਸ ਉਨ੍ਹਾਂ ਦੀ ਖੋਪਰੀ ਨਾਲੋਂ ਵੱਖ ਨਹੀਂ ਕੀਤੇ ਜਾ ਸਕਦੇ। ਜ਼ਕਰੀਆ ਖ਼ਾਨ ਨੇ ਹੁਕਮ ਦਿੱਤਾ ਕਿ ਉਸ ਦੀ ਖੋਪਰੀ ਤੋਂ ਉਸ ਦੇ ਵਾਲ ਉਤਾਰ ਦਿੱਤੇ ਜਾਣ। ਜਦੋਂ ਜੱਲਾਦ ਕੇਸ ਕੱਟਣ ਲੱਗਾ ਤਾਂ ਕੈਂਚੀ ਮੋਮ ਦੀ ਬਣ ਗਈ। ਕੈਂਚੀ ਭਾਈ ਸਾਹਿਬ ਜੀ ਦਾ ਇਕ ਵਾਲ ਵੀ ਨਾ ਕੱਟ ਸਕੀ। ਨਵਾਬ ਨੇ ਝੁੰਜਲਾ ਕੇ ਜੱਲਾਦ ਨੂੰ ਕਿਹਾ ਕਿ ਇਸ ਦੀ ਖੋਪਰੀ ਵਾਲਾਂ ਸਮੇਤ ਲਾਹ ਦਿਉ। ਜੱਲਾਦ ਨੇ ਖੋਪਰੀ ਕੇਸਾਂ ਸਮੇਤ ਉਤਾਰ ਦਿੱਤੀ। ਭਾਈ ਤਾਰੂ ਸਿੰਘ ਜੀ ਦਾ ਸਾਰਾ ਚਿਹਰਾ,

**ਅੰਮ੍ਰਿਤਸਰ ਤੋਂ ਦੱਖਣ ਵੱਲ ਖੇਮਕਰਨ ਜਾਣ ਵਾਲੀ ਸੜਕ ੬੫ ਕਿਲੋਮੀਟਰ ਲੰਮੀ ਹੈ। ਇਸ ਤੋਂ ਬਾਅਦ ਪਾਕਿਸਤਾਨ ਦੀ ਹੱਦ ਆ ਜਾਣ ਕਾਰਨ ਇਹ ਸੜਕ ਖੇਮਕਰਨ ਪੁੱਜ ਕੇ ਮੁੱਕ ਜਾਂਦੀ ਹੈ। ਅੰਮ੍ਰਿਤਸਰ ਤੋਂ ਭਿੱਖੀਵਿੰਡ ਇਸ ਦੇ ਐਨ ਵਿਚਕਾਰ ਹੈ। ਅੰਮ੍ਰਿਤਸਰ ਤੋਂ ਭਿੱਖੀਵਿੰਡ ਪੁੱਜਦਿਆਂ ਪਹਿਲਾਂ ਬਸ ਸਟਾਪ ਜਿੱਥੇ ਬੱਸਾਂ ਰੁਕਦੀਆਂ ਹਨ, ਸੱਜੇ ਹੱਥ ਪੱਛਮ ਵੱਲ ਸੜਕ ਨਿਕਲਦੀ ਹੈ। ਦੋ ਕੁ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਪੂਹਲਾ ਹੈ। ਵਰਣਨਯੋਗ ਹੈ ਕਿ ਭਾਈ ਤਾਰੂ ਸਿੰਘ ਦਾ ਡੇਰਾ ਪਿੰਡੋਂ ਬਾਹਰ ਵਾਰ ਸੀ ਸੋ ਇਸ ਸਥਾਨ ’ਤੇ ਗੁਰਦੁਆਰਾ ਸਾਹਿਬ ਦੀ ਇਮਾਰਤ ਤਾਂ ਜ਼ਰੂਰ ਅੱਧੀ-ਪਚੱਧੀ ਬਣੀ ਹੋਈ ਸੀ ਪਰ ਇੱਥੇ ਜੀਤੇ ਪੂਹਲੇ ਨਿਹੰਗ (ਅਜੀਤ ਸਿੰਘ ਪੂਹਲਾ) ਦਾ ਕਬਜ਼ਾ ਹੋਣ ਕਰਕੇ ਸਿੱਖ ਸੰਗਤ ਜਾਂਦੀ ਨਹੀਂ ਸੀ। ਇਸ ਦੂਜੇ ਮੱਸਾ ਰੰਘੜ ਦੇ ਕੁਕਰਮਾਂ ਦੀ ਸਜ਼ਾ, ਦੋ ਨੌਜਵਾਨ ਸਿੰਘਾਂ ਇਕ ਕੰਬੋਕੀ ਦਾ ਹੀ ਮਜ਼ਬੀ ਸਿੰਘਾਂ ਦਾ ਪੁੱਤਰ ਸੁੱਖਾ ਸਿੰਘ ਅਤੇ ਦੂਜਾ ਬਟਾਲੇ ਦਾ ਨੌਜਵਾਨ ਹੈ, ਇਨ੍ਹਾਂ ਨੇ ਉਸ ਨੂੰ ਅੰਮ੍ਰਿਤਸਰ ਦੀ ਜੇਲ੍ਹ ਵਿਚ ਜਿੰਦਾ ਸਾੜ ਕੇ ਦਿੱਤੀ, ਤਾਂ ਹੁਣ ਅੱਜਕਲ ਇਲਾਕੇ ਦੀ ਕਮੇਟੀ ਇਸ ਇਤਿਹਾਸਿਕ ਸਥਾਨ ਦੀ ਸੇਵਾ-ਸੰਭਾਲ ਕਰ ਰਹੀ ਹੈ। ਇਲਾਕੇ ਦੀ ਸੰਗਤ ਦੀ ਆਮਦ ਵੱਧ ਗਈ ਹੈ।*

**ਪਿੰਡ ਤੇ ਡਾਕਖਾਨਾ: ਇੱਬਣ ਕਲਾਂ, ਝਬਾਲ ਰੋਡ, ਸ੍ਰੀ ਅੰਮ੍ਰਿਤਸਰ- ੧੪੩੦੦੯; ਮੋ. +੯੧੯੭੮੦੬-੩੫੧੯੭*

ਸਾਰਾ ਸਰੀਰ ਲਹੂ ਵਿਚ ਭਿੱਜ ਗਿਆ। ਭਾਈ ਸਾਹਿਬ ਨੇ ਜ਼ਕਰੀਆ ਖ਼ਾਨ ਨੂੰ ਕਿਹਾ— "ਖ਼ਾਨ, ਅਸੀਂ ਜਾਣ ਤੋਂ ਪਹਿਲਾਂ ਤੈਨੂੰ ਅੱਗੇ ਲਾ ਕੇ, ਲੈ ਕੇ ਚੱਲਾਂਗੇ! ਭਾਈ ਸਾਹਿਬ ਜੀ ਦੇ ਇਹ ਵਾਕ ਕਹਿਣ ਦੀ ਦੇਰ ਸੀ ਕਿ ਜ਼ਕਰੀਆ ਖ਼ਾਨ ਨੂੰ ਪਿਸ਼ਾਬ ਦਾ ਬੰਨ੍ਹ ਪੈ ਗਿਆ। ਉਹ ਬਹੁਤ ਤੜਫੇ ਰੋਵੇ ਪਰ ਤੀਰ ਕਮਾਨ ਵਿੱਚੋਂ ਨਿਕਲ ਚੁੱਕਾ ਸੀ। ਖ਼ਾਨ ਨੇ ਭਾਈ ਸੁਬੇਗ ਸਿੰਘ ਨੂੰ ਭਾਈ ਤਾਰੂ ਸਿੰਘ ਵੱਲ ਭੇਜਿਆ। ਜੱਲਾਦਾਂ ਨੇ ਲਹੂ-ਲੁਹਾਣ ਹੋਏ ਭਾਈ ਤਾਰੂ ਸਿੰਘ ਨੂੰ ਨੀਵੀਂ ਥਾਂ ਸੁੱਟ ਦਿੱਤਾ। ਉੱਥੇ ਦੋ ਤਰਖਾਣ ਭਰਾਵਾਂ ਨੇ ਭਾਈ ਸਾਹਿਬ ਜੀ ਨੂੰ ਆਪਣੇ ਘਰ ਲਿਆ ਕੇ, ਮਿੱਠੇ ਤੇਲ ਦਾ ਕੜਾਹ ਬਣਾ ਕੇ ਸਿਰ 'ਤੇ ਰੱਖਦੇ ਰਹੇ ਸਨ। ਜਦੋਂ ਸੁਬੇਗ ਸਿੰਘ ਭਾਈ ਤਾਰੂ ਸਿੰਘ ਕੋਲ ਖ਼ਾਨ ਵੱਲੋਂ ਮੁਆਫ਼ੀ ਮੰਗਣ ਆਇਆ ਤਾਂ ਭਾਈ ਤਾਰੂ ਸਿੰਘ ਨੇ ਕਿਹਾ— "ਮੈਂ ਕੌਣ ਹਾਂ ਮੁਆਫ਼ ਕਰਨ ਵਾਲਾ, ਗੁਰੂ-ਪੰਥ ਪਾਸ ਜਾਓ, ਜੇ ਉਹ ਮਾਫ ਕਰ ਦੇਣ! ਭਾਈ ਸੁਬੇਗ ਸਿੰਘ ਝਬਾਲ-ਲਾਲੂ ਘੁੰਮਣ ਦੀ ਰੱਖ ਵਿਚ ਸਿੰਘਾਂ ਪਾਸ ਪੁੱਜੇ। ਅਰਦਾਸ ਕੀਤੀ ਤਾਂ ਪੰਥ ਖ਼ਾਲਸੇ ਨੇ ਹੁਕਮ ਕੀਤਾ ਕਿ ਭਾਈ ਤਾਰੂ ਸਿੰਘ ਦੇ ਪੈਰ ਦਾ ਛਿੱਤਰ (ਜੁੱਤੀ) ਜ਼ਕਰੀਆ ਖ਼ਾਨ ਦੇ ਸਿਰ ਵਿਚ ਮਾਰੋ। ਜਿਉਂ-ਜਿਉਂ ਛਿੱਤਰ ਮਾਰੋਗੇ ਤਾਂ ਪਿਸ਼ਾਬ ਆਈ ਜਾਏਗਾ।

ਸੁਬੇਗ ਸਿੰਘ ਭਾਈ ਤਾਰੂ ਸਿੰਘ ਨੂੰ ਗੁਰੂ-ਪੰਥ ਦਾ ਹੁਕਮ ਦੱਸ ਕੇ, ਭਾਈ ਸਾਹਿਬ ਦਾ ਛਿੱਤਰ ਲੈ ਗਿਆ। ਇਸ ਤਰ੍ਹਾਂ ਜਿਉਂ-ਜਿਉਂ ਖ਼ਾਨ ਦੇ ਸਿਰ ਵਿਚ ਛਿੱਤਰ ਵੱਜਦੇ ਤਿਉਂ-ਤਿਉਂ ਉਸ ਨੂੰ ਪਿਸ਼ਾਬ ਆਈ ਜਾਂਦਾ। ਖ਼ਾਨ ਚਿਲਾਉਂਦਾ ਹੋਇਆ ਕਹਿੰਦਾ, ਹੋਰ ਜ਼ੋਰ ਦੀ ਮਾਰੋ!

ਇਸ ਤਰ੍ਹਾਂ ਜ਼ਕਰੀਆ ਖ਼ਾਨ ਭਾਈ ਤਾਰੂ ਸਿੰਘ ਜੀ ਦੇ ਛਿੱਤਰ ਸਿਰ ਵਿਚ ਖਾਂਦਾ-ਖਾਂਦਾ ਮਰ ਗਿਆ। ਇਹ ਘਟਨਾ ਪਹਿਲੀ ਜੁਲਾਈ, ੧੭੪੫ ਈ. ਨੂੰ ਹੋਈ ਸੀ। ਜਦੋਂ ਭਾਈ ਸਾਹਿਬ ਜੀ ਨੂੰ ਪਤਾ ਲੱਗਾ ਤਾਂ ਉਹ ਵੀ ਜਪੁਜੀ ਸਾਹਿਬ ਦਾ ਪਾਠ ਸੁਣਦੇ ਗੁਰੂ-ਚਰਨਾਂ ਵਿਚ ਜਾ ਬਿਰਾਜੇ। ਦੋਵਾਂ ਰਾਮਗੜ੍ਹੀਆ ਭਰਾਵਾਂ, ਜਿਨ੍ਹਾਂ ਵਿੱਚੋਂ ਇਕ ਦਾ ਨਾਮ ਰੂਪ ਸਿੰਘ ਸੀ, ਨੇ ਭਾਈ ਸਾਹਿਬ ਜੀ ਦਾ ਅੰਤਮ ਸਸਕਾਰ ਆਪਣੇ ਵਿਹੜੇ ਵਿਚ ਕੀਤਾ ਅਤੇ ਉਨ੍ਹਾਂ ਦੀ ਯਾਦਗਾਰ ਆਪਣੇ ਵਿਹੜੇ ਵਿਚ 'ਸ਼ਹੀਦ ਗੰਜ' ਵਿਖੇ ਬਣਾ ਦਿੱਤੀ ਜੋ ਕਿ ਮੌਜੂਦਾ ਸਮੇਂ ਲਾਹੌਰ ਵਿਖੇ ਸਥਿਤ ਹੈ। ਉਨ੍ਹਾਂ ਦਾ ਘਰ 'ਸ਼ਹੀਦ ਗੰਜ' ਦੇ ਨਾਲ ਲੱਗਦੀ ਕੰਧ ਦੇ ਨਾਲ ਸੀ। ਭਾਈ ਤਾਰੂ ਸਿੰਘ ਜੀ ੨੨ ਦਿਨ ਬਿਨਾਂ ਖੋਪੜੀ ਤੋਂ ਇਸ ਸਰੀਰ ਵਿਚ ਰਹੇ ਤੇ ਬਾਈ ਦਿਨ ਦੋਵੇਂ ਭਰਾ ਮਿੱਠੇ ਤੇਲ ਦਾ ਕੜਾਹ ਬਣਾ-ਬਣਾ ਕੇ ਭਾਈ ਸਾਹਿਬ ਜੀ ਦੇ ਸੀਸ ਉੱਤੇ ਰੱਖਦੇ ਰਹੇ ਸਨ। ■

*ਸਤੰਬਰ ੨੦੨੦ ਦਾ ਬਾਕੀ*

# ਧਾਰਮਿਕ ਸੂਝ ਅਤੇ ਸਮਾਜਿਕ ਇਕਸੁਰਤਾ - ਸਿੱਖ ਦ੍ਰਿਸ਼ਟੀਕੋਣ

*-ਡਾ. ਪਰਮਵੀਰ ਸਿੰਘ**

੩. ਸਹਿਹੋਂਦ: ਸਹਿਹੋਂਦ ਵਿਚ ਦੂਜਿਆਂ ਦੀ ਹੋਂਦ ਨੂੰ ਪ੍ਰਵਾਨ ਕਰ ਕੇ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਏ ਬਗ਼ੈਰ ਜੀਵਨ ਬਸਰ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਇਹ ਭਾਵਨਾ ਮਨੁੱਖ ਨੂੰ ਅਨੇਕਤਾ ਵਿਚ ਏਕਤਾ ਦੀ ਹੋਂਦ ਦਾ ਅਹਿਸਾਸ ਕਰਾਉਣ ਦਾ ਕਾਰਜ ਕਰਦੀ ਹੈ। ਰਿਗਵੇਦ ਵਿਚ 'ਏਕਮ ਸਦਵਿਪ੍ਰਾ ਬਹੁਦਾ ਵਦੰਤਿ' 'ਤੇ ਜ਼ੋਰ ਦਿੱਤਾ ਗਿਆ ਹੈ, ਜਿਸ ਦਾ ਭਾਵ ਹੈ ਕਿ ਪਰਮਸਤਿ ਕੇਵਲ ਇੱਕ ਹੈ ਅਤੇ ਬੁੱਧੀਵਾਨ ਉਸ ਦੀ ਵਿਆਖਿਆ ਵਿਭਿੰਨ ਤਰੀਕਿਆਂ ਨਾਲ ਕਰਦੇ ਹਨ। ਰਿਗਵੇਦ ਦੇ ਇਸ ਸਲੋਕ ਦੀ ਵਿਆਖਿਆ ਪਰਮਸਤਿ ਨਾਲ ਜੋੜਨ ਦਾ ਕਾਰਜ ਕਰਦੀ ਹੋਈ ਵਿਭਿੰਨ ਵਿਸ਼ਵਾਸੀਆਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਦਾ ਕਾਰਜ ਕਰਦੀ ਹੈ। ਗੁਰਬਾਣੀ ਮਨੁੱਖ ਦੇ ਮਨ ਵਿਚ ਪਰਮਾਤਮਾ ਦੀ ਸਰਬਉੱਚ ਹਸਤੀ ਦਾ ਅਹਿਸਾਸ ਹੀ ਪੈਦਾ ਨਹੀਂ ਕਰਦੀ ਬਲਕਿ ਸਮੂਹ ਲੋਕਾਈ ਨੂੰ ਆਪਸ ਵਿਚ ਜੁੜਨ ਦੀ ਪ੍ਰੇਰਨਾ ਵੀ ਪੈਦਾ ਕਰਦੀ ਹੈ, ਜਿਸ ਵਿੱਚੋਂ ਸਵੈ-ਭਲਾਈ ਦੇ ਨਾਲ-ਨਾਲ ਸਮੂਹਿਕ-ਭਲਾਈ ਦੀ ਭਾਵਨਾ ਦਾ ਅਹਿਸਾਸ ਪੈਦਾ ਹੁੰਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੮੫੩)*

ਸ੍ਰੀ ਗੁਰੂ ਅਰਜਨ ਦੇਵ ਜੀ ਦੱਸਦੇ ਹਨ:

*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧਸੰਗਤਿ ਮੋਹਿ ਪਾਈ॥੧॥ਰਹਾਉ॥*
*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੯)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਹਿਹੋਂਦ ਦੀ ਭਾਵਨਾ ਦਾ ਪ੍ਰਗਟਾਵਾ ਕਰਦੇ ਹੋਏ ਫੁਰਮਾਉਂਦੇ ਹਨ:

*ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ*
*ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ ॥*
*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ*
*ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥* *(ਅਕਾਲ ਉਸਤਤ)*

**ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ- ੧੪੭੦੦੨; ਮੋ: +੯੧੯੮੭੨੦-੭੪੩੨੨*

ਸਹਿਹੋਂਦ ਸ਼ਾਂਤੀ, ਪ੍ਰੇਮ ਤੇ ਭਾਈਚਾਰੇ ਦੀ ਭਾਵਨਾ ਨੂੰ ਜਨਮ ਦਿੰਦੀ ਹੈ। ਸਮਾਜ ਨੂੰ ਸੁਚਾਰੂ ਰੂਪ ਵਿਚ ਚਲਾਉਣ ਅਤੇ ਇਸ ਦੇ ਵਿਕਾਸ ਵਿਚ ਲੋਕਾਈ ਦਾ ਸਮੂਹਿਕ ਯੋਗਦਾਨ ਪਾਉਣ ਵਿਚ ਇਸ ਦੀ ਮਹੱਤਵਪੂਰਨ ਭੂਮਿਕਾ ਹੈ।

੪. ਸੰਵਾਦ: ਸੰਵਾਦ ਸਮੂਹ ਸਮੱਸਿਆਵਾਂ ਦਾ ਸਾਰਥਕ ਹੱਲ ਪ੍ਰਦਾਨ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਸਮਾਜ, ਪਰਵਾਰ ਅਤੇ ਦੇਸ਼ ਦੀਆਂ ਸਮੂਹ ਸਮੱਸਿਆਵਾਂ ਦਾ ਹੱਲ ਸੰਵਾਦ ਰਾਹੀਂ ਹੀ ਸੰਭਵ ਮੰਨਿਆ ਗਿਆ ਹੈ। ਸੰਵਾਦ ਦੀ ਅਣਹੋਂਦ ਈਰਖਾ, ਸਾੜਾ, ਨਿੰਦਿਆ, ਵੈਰ-ਵਿਰੋਧ ਆਦਿ ਪੈਦਾ ਕਰਦੀ ਹੈ ਜਿਹੜੀ ਕਿ ਸਮੱਸਿਆਵਾਂ ਨੂੰ ਸੁਲਝਾਉਣ ਦੀ ਬਜਾਏ ਉਲਝਾਉਣ ਦਾ ਕੰਮ ਕਰਦੀ ਹੈ। ਸਾਡਾ ਸੰਵਾਦ ਇਕ-ਮੁਖੀ ਹੋ ਗਿਆ ਹੈ। "ਕਿਛੁ ਸੁਣੀਐ ਕਿਛੁ ਕਹੀਐ" ਦੀ ਭਾਵਨਾ ਲੱਗਭਗ ਖਤਮ ਹੋ ਗਈ ਹੈ। ਦੂਜਿਆਂ ਦੀ ਗੱਲ ਸੁਣਨ ਦੀ ਘੱਟ ਰਹੀ ਭਾਵਨਾ ਨੇ ਸੂਝਵਾਨ ਲੋਕਾਂ ਨੂੰ ਚਿੰਤਿਤ ਕੀਤਾ ਹੈ। ਆਪਣੀ ਗੱਲ 'ਤੇ ਅੜੇ ਰਹਿਣ ਅਤੇ ਦੂਜਿਆਂ ਦੀ ਸਹੀ ਗੱਲ ਪ੍ਰਤੀ ਵੀ ਨਕਾਰਾਤਮਕ ਰਵੱਈਆ ਧਾਰਨ ਕਰਨ ਦੀ ਵਧ ਰਹੀ ਭਾਵਨਾ ਦਾ ਵਿਸ਼ਲੇਸ਼ਣ ਕਰਦੇ ਹੋਏ ਉਹ ਕਹਿੰਦੇ ਹਨ ਕਿ ਅਸੀਂ ਸਮਝਦੇ ਘੱਟ ਤੇ ਸਮਝਾਉਂਦੇ ਜ਼ਿਆਦਾ ਹਾਂ, ਏਸੇ ਕਰਕੇ ਸੁਲਝਦੇ ਘੱਟ ਤੇ ਉਲਝਦੇ ਜ਼ਿਆਦਾ ਹਾਂ।

ਸੰਵਾਦ ਕਿਸ ਨਾਲ ਕੀਤਾ ਜਾਵੇ? ਇਹ ਇਕ ਮਹੱਤਵਪੂਰਨ ਪ੍ਰਸ਼ਨ ਹੈ। ਹਰ ਇਕ ਆਗੂ ਅਤੇ ਵਿਦਵਾਨ ਦੂਜਿਆਂ ਨਾਲ ਸੰਵਾਦ ਕਰਨ 'ਤੇ ਜ਼ੋਰ ਦਿੰਦਾ ਹੈ। ਗੁਰਬਾਣੀ ਵਿਚ ਦਰਜ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਦੱਸਦੀ ਹੈ ਕਿ ਮਨੁੱਖ ਨੂੰ ਆਪਣੇ ਆਪ ਨਾਲ ਸੰਵਾਦ ਕਰਨਾ ਚਾਹੀਦਾ ਹੈ:

*ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥*
*ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੭੮)*

ਆਪਣੇ ਆਪ ਨਾਲ ਕੀਤਾ ਗਿਆ ਸੰਵਾਦ ਅਨੇਕਾਂ ਸਮੱਸਿਆਵਾਂ ਦਾ ਨਿਵਾਰਨ ਕਰ ਦਿੰਦਾ ਹੈ। ਸੰਵਾਦ ਦੀ ਇਹ ਭਾਵਨਾ ਦੂਜਿਆਂ ਅੰਦਰ ਖੋਟ ਲੱਭਣ ਦੀ ਬਜਾਏ ਆਪਣੇ ਅੰਦਰ ਪੈਦਾ ਹੋਈ ਖੋਟ ਪ੍ਰਤੀ ਚੇਤੰਨ ਕਰਦੀ ਹੈ, ਜਿਸ ਨੂੰ ਦੂਰ ਕਰਨ ਲਈ ਉਹ ਯਤਨਸ਼ੀਲ ਹੋ ਜਾਂਦਾ ਹੈ। ਆਪੇ ਨਾਲ ਸੰਵਾਦ ਕਰਨ ਦੀ ਭਾਵਨਾ ਵਿੱਚੋਂ ਨਿਮਰਤਾ, ਸਹਿਣਸ਼ੀਲਤਾ, ਸੰਜਮ ਆਦਿ ਸਦਗੁਣ ਜਨਮ ਲੈਂਦੇ ਹਨ। ਮਨ ਦੀ ਇਹ ਭਾਵਨਾ ਸਮਾਜ ਨੂੰ ਬਦਲਣ ਦਾ ਕਾਰਜ ਕਰਦੀ ਹੈ ਅਤੇ ਇੱਥੋਂ ਹੀ ਦੂਜਿਆਂ ਨਾਲ ਸੰਵਾਦ ਦੀ ਸੁਚਾਰੂ ਭਾਵਨਾ ਦਾ ਜਨਮ ਹੁੰਦਾ ਹੈ। ਸੰਵਾਦ ਕਰਨ ਦੀ ਸਹੀ ਸੋਝੀ 'ਮਨਿ ਜੀਤੈ ਜਗੁ ਜੀਤੁ' ਦੀ ਭਾਵਨਾ ਨੂੰ ਜਨਮ ਦਿੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਦਾਸੀਆਂ ਦੌਰਾਨ ਜੋਗੀਆਂ, ਜਪੀਆਂ, ਤਪੀਆਂ, ਗ੍ਰਿਹਸਥੀਆਂ, ਤੀਰਥ-ਯਾਤਰੂਆਂ, ਪੰਡਤਾਂ, ਮੌਲਾਣਿਆਂ ਆਦਿ ਨਾਲ ਕੀਤੇ ਸੰਵਾਦ ਗੁਰਬਾਣੀ ਅਤੇ ਜਨਮਸਾਖੀਆਂ

ਰਾਹੀਂ ਸਾਡੇ ਸਾਹਮਣੇ ਆਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰਸਿੱਧ ਬਾਣੀ 'ਸਿਧ ਗੋਸਟਿ' ਸੰਵਾਦ ਕਰਨ ਦੀ ਸਦੀਵੀਂ ਮਿਸਾਲ ਰੂਪ ਵਿਚ ਸਾਡੇ ਸਾਹਮਣੇ ਹੈ। ਗੁਰੂ ਸਾਹਿਬਾਨ ਨੇ ਸੰਵਾਦ ਨੂੰ ਇਕਸੁਰਤਾ ਕਾਇਮ ਕਰਨ ਦਾ ਮਹੱਤਵਪੂਰਨ ਸਾਧਨ ਮੰਨਿਆ ਹੈ।

੫. ਸੇਵਾ ਤੇ ਪਰਉਪਕਾਰ: ਸੇਵਾ ਅਤੇ ਪਰਉਪਕਾਰ ਸੁਆਰਥ ਰਹਿਤ ਕਾਰਜ ਕਰਨ 'ਤੇ ਜ਼ੋਰ ਦਿੰਦੇ ਹਨ। ਸੁਆਰਥ ਅਧੀਨ ਕੀਤਾ ਜਾਣ ਵਾਲਾ ਕੋਈ ਵੀ ਕਾਰਜ ਪਰਉਪਕਾਰ ਦੀ ਭਾਵਨਾ ਪੈਦਾ ਨਹੀਂ ਕਰ ਸਕਦਾ। ਜਿਹੜਾ ਕਾਰਜ ਸੁਆਰਥ ਰਹਿਤ ਸੇਵਾ ਪ੍ਰਤੀ ਉਤਸ਼ਾਹਿਤ ਕਰਦਾ ਹੈ ਉਸ ਵਿੱਚੋਂ ਪਰਉਪਕਾਰ ਦੀ ਭਾਵਨਾ ਦਾ ਜਨਮ ਹੁੰਦਾ ਹੈ। ਇਸ ਜਗਤ ਦੇ ਸਮੂਹ ਜੀਵ ਕਿਸੇ ਨਾ ਕਿਸੇ ਕਾਰਜ ਵਿਚ ਲੱਗੇ ਹੋਏ ਹਨ ਅਤੇ ਆਪਣੇ ਪੇਟ ਦੀ ਪੂਰਤੀ ਲਈ ਸਭਨਾਂ ਨੂੰ ਯਤਨ ਕਰਨਾ ਪੈਂਦਾ ਹੈ। ਪੰਛੀ ਅਤੇ ਜਾਨਵਰ ਆਪਣੇ ਪੇਟ ਦੀ ਪੂਰਤੀ ਅਤੇ ਮੌਜ ਲਈ ਸੈਂਕੜੇ ਮੀਲਾਂ ਦਾ ਸਫ਼ਰ ਤੈਅ ਕਰਦੇ ਹਨ। ਉਹ ਆਪਣੇ ਬੱਚਿਆਂ ਨੂੰ ਵਿਕਸਿਤ ਅਤੇ ਸੁਰੱਖਿਅਤ ਰੱਖਣ ਲਈ ਅਨੇਕਾਂ ਯਤਨ ਕਰਦੇ ਹਨ ਅਤੇ ਜਦੋਂ ਉਨ੍ਹਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੇ ਬੱਚੇ ਆਪਣੇ ਤੌਰ 'ਤੇ ਆਪਣਾ ਜੀਵਨ ਬਸਰ ਕਰਨ ਦੇ ਯੋਗ ਹੋ ਗਏ ਹਨ ਤਾਂ ਉਨ੍ਹਾਂ ਨੂੰ ਅਜ਼ਾਦ ਕਰ ਦਿੰਦੇ ਹਨ। ਝੁੰਡ ਵਿਚ ਰਹਿਣ ਵਾਲੇ ਜੀਵ ਝੁੰਡਾਂ ਵਿਚ ਹੀ ਰਹਿ ਜਾਂਦੇ ਹਨ ਅਤੇ ਸ਼ਿਕਾਰ ਕਰਨ ਵਾਲੇ ਜੀਵ ਝੁੰਡ ਤੋਂ ਅਜ਼ਾਦ ਹੋ ਜਾਂਦੇ ਹਨ। ਜੀਵਾਂ ਵਿੱਚੋਂ ਮਨੁੱਖ ਸਭ ਤੋਂ ਸ੍ਰੇਸ਼ਟ ਮੰਨਿਆ ਜਾਂਦਾ ਹੈ ਜਿਹੜਾ ਆਪਣੇ ਤੋਂ ਇਲਾਵਾ ਦੂਜਿਆਂ ਪ੍ਰਤੀ ਵੀ ਚੇਤਨਾ ਰੱਖਦਾ ਹੈ। ਇਸ ਕਰਕੇ ਉਸ ਨੂੰ ਹਮੇਸ਼ਾਂ ਕਾਰਜ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ। ਭਾਗਵਦ ਗੀਤਾ ਵਿਚ ਕਰਮ ਕਰਨ 'ਤੇ ਜ਼ੋਰ ਦਿੰਦੇ ਹੋਏ ਵਿਸ਼ੇਸ਼ ਤੌਰ 'ਤੇ ਕਿਹਾ ਗਿਆ ਹੈ ਅਤੇ ਨਾਲ ਹੀ ਸਮਝਾਇਆ ਗਿਆ ਹੈ ਕਿ ਹਰ ਇਕ ਕਰਮ ਧਰਮ ਦੀ ਭਾਵਨਾ ਅਨੁਸਾਰ ਕਰਨਾ ਹੈ। ਧਰਮ ਦੀ ਭਾਵਨਾ ਨਾਲ ਕੀਤੇ ਗਏ ਕਰਮ ਨਾਲ ਮਨ ਵਿਚ ਫਲ ਦੀ ਇੱਛਾ ਪੈਦਾ ਨਹੀਂ ਹੁੰਦੀ ਜਿਸ ਨਾਲ ਲੋਕਾਈ ਦੀ ਭਲਾਈ ਦਾ ਮਾਰਗ ਖੁੱਲਦਾ ਹੈ।

ਗੁਰਬਾਣੀ ਵਿਚ ਦੁਨੀਆ ਨੂੰ ਦਰਗਾਹ ਨਾਲ ਜੋੜਿਆ ਗਿਆ ਹੈ। ਜਿਹੜਾ ਮਨੁੱਖ ਦੁਨੀਆ ਵਿਚ ਰਹਿੰਦੇ ਹੋਏ ਦੁਨਿਆਵੀ ਜੀਵਾਂ ਪ੍ਰਤੀ ਪਰਉਪਕਾਰ ਦੀ ਭਾਵਨਾ ਰੱਖਦਾ ਹੈ, ਦਰਗਾਹ ਵਿਚ ਉਸ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੁੰਦਾ ਹੈ। ਗੁਰੂ ਸਾਹਿਬਾਨ ਨੇ ਸੇਵਾ ਰਾਹੀਂ ਪਰਉਪਕਾਰ ਦੀ ਭਾਵਨਾ ਪੈਦਾ ਕਰਨ 'ਤੇ ਜ਼ੋਰ ਦਿੱਤਾ ਹੈ। ਸੇਵਾ ਤੋਂ ਬਗ਼ੈਰ ਕਿਸੇ ਵੀ ਤਰ੍ਹਾਂ ਦੇ ਫਲ ਦੀ ਆਸ ਨਹੀਂ ਕੀਤੀ ਜਾ ਸਕਦੀ। ਇਸ ਕਰਕੇ ਸੇਵਾ ਨੂੰ ਜੀਵਨ ਦਾ ਜ਼ਰੂਰੀ ਅੰਗ ਮੰਨਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

*ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੪)*

ਜਿਹੜੇ ਮਨੁੱਖ ਨਿਸ਼ਕਾਮ ਸੇਵਾ ਕਰਦੇ ਹਨ ਉਹ ਪ੍ਰਭੂ ਦੀ ਬਖ਼ਸ਼ਿਸ਼ ਦਾ ਪਾਤਰ ਬਣਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ "ਮਿਥਿਆ ਤਨ ਨਹੀ ਪਰਉਪਕਾਰਾ" ਦੇ ਸੰਦੇਸ਼ ਰਾਹੀਂ ਮਨੁੱਖ ਦਾ ਜੀਵਨ ਉਦੇਸ਼ ਨਿਰਧਾਰਿਤ ਕਰਦੇ ਹੋਏ ਕਹਿੰਦੇ ਹਨ ਕਿ ਸੇਵਾ ਕਰਨ ਵਾਲੇ ਪਰਉਪਕਾਰੀ ਜੀਵ ਜਨਮ ਮਰਣ ਦੇ ਬੰਧਨ ਤੋਂ ਮੁਕਤ ਹੋ ਜਾਂਦੇ ਹਨ:

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੪੯)*

ਮੌਜੂਦਾ ਮਨੁੱਖੀ ਸਮਾਜ ਜਿਸ ਤਰ੍ਹਾਂ ਦੇ ਸਮਾਜਿਕ, ਧਾਰਮਿਕ, ਰਾਜਨੀਤਕ, ਭੂਗੋਲਿਕ, ਖੇਤਰੀ, ਭਾਸ਼ਾਈ ਆਦਿ ਵਖਰੇਵਿਆਂ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਉਹ ਮਨੁੱਖੀ ਭਾਈਚਾਰੇ ਨੂੰ ਖੇਰੂੰ-ਖੇਰੂੰ ਕਰ ਸਕਦੇ ਹਨ। ਵਖਰੇਵਿਆਂ ਦੇ ਦੌਰ ਵਿਚ ਮਨੁੱਖੀ ਸਮਾਜ ਨੂੰ ਇਕਮੁੱਠ ਅਤੇ ਇਕਜੁੱਟ ਕਿਵੇਂ ਰੱਖਿਆ ਜਾ ਸਕਦਾ ਹੈ, ਇਹੀ ਮੌਜੂਦਾ ਸਮੇਂ ਦਾ ਸਭ ਤੋਂ ਵੱਡਾ ਚਿੰਤਾ ਅਤੇ ਚਿੰਤਨ ਦਾ ਵਿਸ਼ਾ ਬਣਿਆ ਹੋਇਆ ਹੈ। ਅਜਿਹਾ ਨਹੀਂ ਕਿ ਇਹ ਅਸੰਭਵ ਹੈ। ਬਦਲਦੀਆਂ ਪ੍ਰਸਥਿਤੀਆਂ ਦੇ ਸਨਮੁਖ ਸਮਾਜ ਵਿਚ ਵਖਰੇਵੇਂ ਦਿਖਾਈ ਦੇਣੇ ਕੋਈ ਵਿਸ਼ੇਸ਼ ਹੈਰਾਨੀ ਜਾਂ ਅਚੰਭੇ ਵਾਲੀ ਗੱਲ ਨਹੀਂ ਬਲਕਿ ਇਸ ਨੂੰ ਸੁਭਾਵਿਕ ਤੌਰ 'ਤੇ ਦੇਖਣ ਦੀ ਲੋੜ ਹੈ। ਸਮਾਜ ਨੂੰ ਇਕੱਠੇ ਰੱਖਣ ਦਾ ਜਿਹੜਾ ਮਾਡਲ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜ ਦੇ ਸਾਹਮਣੇ ਰੱਖਿਆ ਸੀ, ਅੱਜ ਵੀ ਉਹੀ ਸਭ ਤੋਂ ਵਧੇਰੇ ਕਾਰਗਾਰ ਸਿੱਧ ਹੋ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੇਕਤਾ ਵਿਚ ਏਕਤਾ ਦੇ ਸਿਧਾਂਤ ਦੇ ਮੁਦੱਈ ਸਨ, ਜਿਸ ਵਿੱਚੋਂ ਸਹਿਹੋਂਦ, ਪ੍ਰੇਮ ਅਤੇ ਭਾਈਚਾਰੇ ਦੀ ਭਾਵਨਾ ਦਾ ਵਿਕਾਸ ਹੋਇਆ ਸੀ। ਸਮੇਂ ਦੇ ਗੇੜ ਨਾਲ ਅਸੀਂ ਉਸ ਸਿਧਾਂਤ ਤੋਂ ਦੂਰ ਜਾ ਚੁੱਕੇ ਹਾਂ ਅਤੇ ਸੁਆਰਥ ਅਧੀਨ ਦੂਜਿਆਂ ਨੂੰ ਆਪਣੇ ਅਧੀਨ ਰੱਖਣ ਦੇ ਕਾਰਜ ਵਿਚ ਲੱਗੇ ਹੋਏ ਹਾਂ ਜਿਸ ਵਿੱਚੋਂ ਈਰਖਾ, ਦਵੈਖ, ਬੇਈਮਾਨੀ, ਅਸ਼ਾਂਤੀ ਅਤੇ ਅਰਾਜਕਤਾ ਜਨਮ ਲੈ ਰਹੇ ਹਨ। ਜਿਹੜੀਆਂ ਕਦਰਾਂ-ਕੀਮਤਾਂ ਨੂੰ ਸਾਹਮਣੇ ਰੱਖ ਕੇ ਗੁਰੂ ਸਾਹਿਬਾਨ ਨੇ ਸਮਾਜ ਦੀ ਸਿਰਜਣਾ ਕੀਤੀ ਸੀ, ਉਸੇ ਦਾ ਪੁਨਰ-ਉੱਥਾਨ ਸਮੇਂ ਦੀ ਪ੍ਰਮੁੱਖ ਲੋੜ ਹੈ। ਗੁਰੂ ਵੱਲ ਪਿੱਠ ਕਰਨ ਦੀ ਬਜਾਏ ਮੂੰਹ ਕਰਨ ਨਾਲ ਸਮੂਹ ਸਮੱਸਿਆਵਾਂ ਤੋਂ ਮੁਕਤੀ ਪ੍ਰਾਪਤ ਹੋ ਸਕਦੀ ਹੈ। ■

# ਪੁਸਤਕ ਰੀਵਿਊ


ਪੁਸਤਕ : ਪਰਚੀਆਂ ਭਗਤ ਨਾਮਦੇਵ

ਸੰਪਾਦਕ : ਡਾ. ਧਰਮ ਸਿੰਘ

ਪ੍ਰਕਾਸ਼ਕ : ਪੰਜ ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਹਾਲ,ਜਲੰਧਰ।

ਪ੍ਰਕਾਸ਼ਨ ਵਰ੍ਹਾ : ੨੦੧੩

ਕੀਮਤ : ੧੫੦ ਰੁਪਏ

ਸਫ਼ੇ : ੧੬੦

**ISBN** : ੯੭੮-੯੩-੮੨੪੧੩-੫੬-੧


ਪਰਚੀ ਪੁਰਾਤਨ ਵਾਰਤਕ ਦੀ ਇਕ ਅਜਿਹੀ ਵੰਨਗੀ ਹੈ, ਜਿਸ ਵਿਚ ਕਿਸੇ ਅਧਿਆਤਮਿਕ ਨਾਇਕ ਦੀ ਸੰਖੇਪ ਜਾਣ-ਪਛਾਣ ਕਰਾਈ ਜਾਂਦੀ ਹੈ। ਪਰਚੀ ਸ਼ਬਦ ਸੰਸਕ੍ਰਿਤ ਭਾਸ਼ਾ ਦੇ 'ਪਰਿਚਯ' ਦਾ ਤਦਭਵ ਰੂਪ ਹੈ, ਜਿਸ ਦਾ ਅਰਥ ਹੈ 'ਜਾਣ-ਪਛਾਣ'। ਪਰਚੀਆਂ ਦੇ ਕਈ ਹੋਰ ਭਾਵਬੋਧਕ ਸ਼ਬਦ ਵੀ ਮਿਲਦੇ ਹਨ, ਜਿਵੇਂ: ਸਾਖੀਆਂ, ਕਥਾਵਾਂ, ਮਸਲੇ ਅਤੇ ਜਨਮਸਾਖੀ, ਪਰ ਇਨ੍ਹਾਂ ਸਾਰੇ ਸ਼ਬਦਾਂ ਵਿਚ ਸੂਖਮ ਭਾਂਤ ਦੇ ਅੰਤਰ ਹਨ। ਪਰਚੀ ਸਾਹਿਤ ਦਾ ਜ਼ਿਆਦਾ ਸੰਬੰਧ ਭਗਤਾਂ ਅਤੇ ਸਿੱਖਾਂ ਨਾਲ ਰਿਹਾ ਹੈ। ਅਠਾਰ੍ਹਵੀਂ ਸਦੀ ਵਿਚ ਬਹੁਤ ਸਾਰੇ ਭਗਤਾਂ ਦੀਆਂ ਪਰਚੀਆਂ ਲਿਖੀਆਂ ਜਾਣ ਲੱਗੀਆਂ ਜਿਸ ਵਿਚ ਭਗਤ ਨਾਮਦੇਵ ਜੀ ਦੀਆਂ ਪਰਚੀਆਂ ਵੀ ਸ਼ਾਮਿਲ ਹਨ। ਵਿਚਾਰਾਧੀਨ ਪੁਸਤਕ 'ਪਰਚੀਆਂ ਭਗਤ ਨਾਮਦੇਵ' ਦਾ ਸੰਪਾਦਨ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਦੇ ਸੇਵਾ-ਮੁਕਤ ਪ੍ਰੋਫ਼ੈਸਰ ਤੇ ਮੁਖੀ ਡਾ. ਧਰਮ ਸਿੰਘ ਨੇ ਕੀਤਾ ਹੈ ਜੋ ਇਕ ਪ੍ਰਬੁੱਧ ਖੋਜਕਾਰ ਹਨ। ਡਾ. ਧਰਮ ਸਿੰਘ ਨੇ ਪੁਸਤਕ ਦੇ ਅਰੰਭ ਵਿਚ ਸਤਾਰਾਂ ਪੰਨਿਆਂ ਦੀ ਖੋਜ-ਭਰਪੂਰ ਭੂਮਿਕਾ ਅੰਕਿਤ ਕੀਤੀ ਹੈ। ਇਸ ਭੂਮਿਕਾ ਅੰਦਰ 'ਭਗਤ ਨਾਮਦੇਵ ਜੀ ਦੇ ਪੰਜਾਬੀ ਸਾਹਿਤ ਉੱਪਰ ਪਏ ਪ੍ਰਭਾਵ' ਵਿਸ਼ੇ ਨੂੰ ਛੋਹਿਆ ਗਿਆ ਹੈ। ਸੰਪਾਦਕ ਨੇ ਭਗਤ ਨਾਮਦੇਵ ਜੀ ਦੇ ਪੰਜਾਬੀ ਸਾਹਿਤ ਉੱਪਰ ਪਏ ਪ੍ਰਭਾਵ ਨੂੰ ਤਿੰਨ ਕਾਲਾਂ ਵਿਚ ਵੰਡ ਕੇ ਵੇਖਿਆ ਹੈ :-

ੳ. ਗੁਰੂ ਨਾਨਕ ਕਾਲ ਜਾਂ ਗੁਰਮਤਿ ਕਾਲ (੧੭੦੦ ਈ. ਤਕ)

ਅ. ਉੱਤਰ ਨਾਨਕ ਕਾਲ ਜਾਂ ਉੱਤਰ ਮੱਧ ਕਾਲ (੧੯੦੦ ਈ. ਤਕ)

ੲ. ਆਧੁਨਿਕ ਕਾਲ (੧੯੦੦ ਈ. ਤੋਂ ਹੁਣ ਤਕ)

ਸੰਪਾਦਕ ਨੇ 'ਗੁਰਮਤਿ ਕਾਲ ਵਿਚ (੧੭੦੦ ਈ. ਤਕ)' ਗੁਰੂ ਸਾਹਿਬਾਨ,

ਗੁਰੂ ਗ੍ਰੰਥ ਸਾਹਿਬ ਦੇ ਭਗਤ ਸਾਹਿਬਾਨ, ਭੱਟ ਬਾਣੀਕਾਰਾਂ ਅਤੇ ਭਾਈ ਗੁਰਦਾਸ ਜੀ ਦੁਆਰਾ ਭਗਤ ਨਾਮਦੇਵ ਜੀ ਬਾਰੇ ਲਿਖੀ ਰਚਨਾ ਨੂੰ ਲੈ ਕੇ ਭਗਤ ਨਾਮਦੇਵ ਜੀ ਦੀ ਸਿੱਖ ਸਾਹਿਤ ਵਿਚ ਉਸਰੀ ਸ਼ਖ਼ਸੀਅਤ ਦਾ ਵਖਿਆਨ ਕੀਤਾ ਹੈ। ਸੰਪਾਦਕ ਨੇ ਭਗਤ ਨਾਮਦੇਵ ਜੀ ਦੇ ਪੰਜਾਬੀ ਸਾਹਿਤ ਉੱਪਰ ਪਏ ਪ੍ਰਭਾਵ ਦਾ ਦੂਜੇ ਕਾਲ ਖੰਡ ਵਿਚ ਅਠਾਰ੍ਹਵੀਂ ਸਦੀ ਤੋਂ ਉਨੀਵੀਂ ਸਦੀ ਦੇ ਅਖੀਰ ਤਕ ਦਾ ਵਰਣਨ ਕੀਤਾ ਹੈ। ਇਸ ਕਾਲ ਖੰਡ ਵਿਚ ਭਗਤ ਨਾਮਦੇਵ ਜੀ ਨਾਲ ਸੰਬੰਧਿਤ ਪਰਚੀ ਸਾਹਿਤ ਲਿਖਿਆ ਗਿਆ ਸੀ।

ਇਸ ਸੰਪਾਦਿਤ ਪੁਸਤਕ ਵਿਚ ਸੰਪਾਦਕ ਨੇ ਭਗਤ ਨਾਮਦੇਵ ਜੀ ਨਾਲ ਸੰਬੰਧਿਤ ਚਾਰ ਪਰਚੀਆਂ ਨੂੰ ਦਰਜ ਕੀਤਾ ਹੈ। ਸੰਪਾਦਕ ਨੇ ਪਹਿਲੀ ਪਰਚੀ 'ਪ੍ਰੇਮ ਅੰਬੋਧ' ਜਾਂ 'ਪਰਚੀਆਂ ਭਗਤਾਂ ਦੀਆਂ' ਵਿਚ ਭਗਤ ਨਾਮਦੇਵ ਜੀ ਦੀ ਪਰਚੀ ਨੂੰ ਸ਼ਾਮਲ ਕੀਤਾ ਹੈ। ਇਸ ਪਰਚੀ ਦਾ ਰਚਨਾ-ਕਾਲ ੧੬੯੩ ਈ. ਮੰਨਿਆ ਗਿਆ ਹੈ। ਇਸ ਪਰਚੀ ਦਾ ਲੇਖਕ ਕੇਵਲ ਦਾਸ ਸੀ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਕਵੀ ਸੀ। ਇਸ ਪਰਚੀ ਦੇ ਕੁੱਲ ੪੦ ਬੰਦ ਹਨ, ਜਿਸ ਵਿਚ ਸੰਖੇਪ ਰੂਪ ਵਿਚ ਭਗਤ ਨਾਮਦੇਵ ਜੀ ਦਾ ਜੀਵਨ ਕਾਵਿ ਵਿਚ ਅੰਕਿਤ ਕੀਤਾ ਹੈ।

ਇਸ ਪੁਸਤਕ ਵਿਚਲੀ ਦੂਜੀ ਪਰਚੀ 'ਪਰਚੀ ਨਾਮਦੇਵ ਕੀ' ਭਾਈ ਦਰਬਾਰੀ ਦਾਸ ਦੀ ਲਿਖਤ ਹੈ। ਭਾਈ ਦਰਬਾਰੀ ਦਾਸ, ਮਿਹਰਬਾਨ ਸੰਪਰਦਾਇ ਦੀ ਸ਼ਾਖਾ ਦਾ ੧੭੭੯ ਈ. ਤੋਂ ੧੮੦੩ ਈ. ਤਕ ਉਤਰਾਧਿਕਾਰੀ ਰਿਹਾ ਹੈ। ਭਾਈ ਦਰਬਾਰੀ ਦਾਸ ਨੇ ਪੋਥੀ ਹਰਿਜਸ ਨਾਮ ਹੇਠ ਇਕ ਗ੍ਰੰਥ ਲਿਖਿਆ ਸੀ ਜਿਸ ਦਾ ਇਕ ਭਾਗ 'ਪਰਚੀਆਂ ਭਗਤਾਂ ਦੀਆਂ' ਹਨ। ਪਰਚੀਆਂ ਭਗਤਾਂ ਦੀਆਂ ਵਿਚ ਉਨੀਵੀਂ ਪਰਚੀ ਭਗਤ ਨਾਮਦੇਵ ਜੀ ਨਾਲ ਸੰਬੰਧਿਤ ਹੈ। ਭਗਤ ਨਾਮਦੇਵ ਜੀ ਦੀ ਇਸ ਪਰਚੀ ਦੇ ਵੱਡੇ-ਛੋਟੇ ਕੁੱਲ ੪੦੫ ਬੰਦ ਹਨ।

ਇਸ ਪੁਸਤਕ ਵਿਚਲੀ ਤੀਸਰੀ ਪਰਚੀ 'ਪਰਚੀ ਭਗਤ ਨਾਮਦੇਵ ਜੀ' ਪਟਿਆਲਾ ਨਿਵਾਸੀ ਇਕ ਉਦਾਸੀ ਸਾਧੂ ਬਾਵਾ ਰਾਮਦਾਸ ਦੀ ਰਚਨਾ ਹੈ, ਜੋ ਉਸ ਦੇ ਗ੍ਰੰਥ 'ਬਿਰਦ ਪ੍ਰਤਾਪ' ਵਿਚ ਅੰਕਿਤ ਹੈ। ਬਾਵਾ ਰਾਮਦਾਸ ਦਾ ਜੀਵਨ-ਕਾਲ ੧੭੪੦ ਈ. ਤੋਂ ੧੮੦੨ ਈ. ਦੇ ਲੱਗਭਗ ਮੰਨਿਆ ਗਿਆ ਹੈ। ਬਾਵਾ ਰਾਮਦਾਸ ਉਦਾਸੀ ਸੰਪਰਦਾ ਦੀ ਬਖਸ਼ਿਸ਼ ਦੀਵਾਨ ਸਾਹਿਬ ਨਾਲ ਸੰਬੰਧਿਤ ਸੀ। ਲੇਖਕ ਦੀ ਇਸ ਪਰਚੀ ਦੇ ੧੩ ਅਧਿਆਇ ਅਤੇ ੨੯੪ ਵੱਡੇ ਛੋਟੇ ਬੰਦ ਹਨ, ਜੋ ਭਗਤ ਨਾਮਦੇਵ ਜੀ ਦੇ ਜੀਵਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕਰਦੇ ਹਨ।

ਇਸ ਪੁਸਤਕ ਵਿਚ ਦਰਜ ਚੌਥੀ ਪਰਚੀ ਹੰਦਾਲੀ ਸੰਪਰਦਾ ਦੁਆਰਾ ਲਿਖੇ

ਗਏ ਗ੍ਰੰਥ 'ਪਰਚੀ ਹੰਦਾਲ ਕੀ' ਵਿੱਚੋਂ ਲਈ ਗਈ ਹੈ। ਇਸ ਦਾ ਰਚਨਾ-ਕਾਲ ਉਨੀਵੀਂ ਸਦੀ ਮੰਨਿਆ ਜਾਂਦਾ ਹੈ। ਇਹ ਪਰਚੀ ਪੁਸਤਕ ਵਿਚ ਦਰਜ ਸਾਰੀਆਂ ਪਰਚੀਆਂ ਨਾਲੋਂ ਛੋਟੀ ਪਰਚੀ ਹੈ ਜੋ ੩੪ ਪਦਿਆਂ ਦੀ ਰਚਨਾ ਹੈ। ਇਸ ਪਰਚੀ ਵਿਚ ਭਗਤ ਨਾਮਦੇਵ ਜੀ ਨਾਲ ਸੰਬੰਧਿਤ ਕੇਵਲ ਇੱਕੋ ਸਾਖੀ ਹੈ ਅਤੇ ਇਹ ਭਗਤ ਨਾਮਦੇਵ ਜੀ ਨਾਲ ਸੰਬੰਧਿਤ ਕਿਸੇ ਵੀ ਹੋਰ ਸਾਹਿਤ ਵਿਚ ਨਹੀਂ ਮਿਲਦੀ। ਇਹ ਸਾਖੀ ਭਗਤ ਨਾਮਦੇਵ ਜੀ ਅਤੇ ਇਕ ਰਾਜੇ ਨਾਲ ਸੰਬੰਧਿਤ ਹੈ ਜਿਸ ਵਿਚ ਭਗਤ ਨਾਮਦੇਵ ਜੀ ਦਾ ਕੀਰਤਨ ਸਰਵਣ ਕਰਨ ਆਈ ਸੰਗਤ ਉੱਪਰ ਰਾਜਾ ਜ਼ੁਲਮ ਕਰਦਾ ਹੈ। ਬਾਅਦ ਵਿਚ ਰਾਜਾ ਭਗਤ ਨਾਮਦੇਵ ਜੀ ਪਾਸ ਆਪਣੀ ਗ਼ਲਤੀ ਦੀ ਭੁੱਲ ਬਖਸ਼ਾਉਂਦਾ ਹੈ।

ਡਾ. ਧਰਮ ਸਿੰਘ ਦੁਆਰਾ ਭਗਤ ਨਾਮਦੇਵ ਜੀ ਨਾਲ ਸੰਬੰਧਿਤ ਇਕੱਤਰ ਕੀਤਾ ਇਹ ਪਰਚੀ ਸਾਹਿਤ ਖੋਜਾਰਥੀਆਂ ਲਈ ਸ੍ਰੋਤ ਪੁਸਤਕ ਹੋ ਨਿਬੜਿਆ ਹੈ। ਇਸ ਸ੍ਰੋਤ ਗ੍ਰੰਥ ਵਿਚ ਆਏ ਨਵੇਂ ਤੱਥ ਭਗਤ ਨਾਮਦੇਵ ਜੀ ਬਾਰੇ ਭਵਿੱਖ ਵਿਚਲੀ ਖੋਜ ਨੂੰ ਉਤਸ਼ਾਹਿਤ ਕਰਦੇ ਰਹਿਣਗੇ। ਇਸ ਪੁਸਤਕ ਨੇ ਭਗਤ ਨਾਮਦੇਵ ਜੀ ਨਾਲ ਸੰਬੰਧਿਤ ਪਰਚੀ ਸਾਹਿਤ ਦੀ ਜਾਣ-ਪਛਾਣ ਦੇ ਨਾਲ-ਨਾਲ ਖੋਜ ਸੰਬੰਧੀ ਨਵਾਂ ਮਾਰਗ ਵੀ ਦਰਸਾਇਆ ਹੈ।

*ਰੀਵਿਊਕਾਰ*
*-ਡਾ. ਗੁਰਪ੍ਰੀਤ ਸਿੰਘ*
*ਮੋ. +੯੧੯੭੨੫੦-੧੫੧੬੩*

## ਬਾਬਾ ਬਕਾਲਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ

ਮੈਨੇਜਰ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਉਕਤ ਗੁਰਦੁਆਰਾ ਸਾਹਿਬ ਵਿਖੇ ੫ ਜੁਲਾਈ, ੨੦੨੦ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਵਿਚ ਕੁੱਲ ੬੫ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

ਕਵਿਤਾ

# ਰੱਤਾ ਗੁਰੂ ਦੇ ਸ਼ਬਦ ਵਿਚ ਸਦਾ ਨਾਮਾ...

-ਸ. ਸਤਿਨਾਮ ਸਿੰਘ ਕੋਮਲ*

*ਗੋਨਾ ਬਾਈ ਦੀ ਕੀਤੀ ਕੁੱਖ ਸਫ਼ਲੀ, ਦਾਮ ਸ਼ੇਟੀ ਦਾ ਰੋਸ਼ਨ ਜਹਾਨ ਕੀਤਾ।*
*ਨਰਸੀ ਬਾਮਨੀ ਪਿੰਡ ਦੇ ਭਾਗ ਜਾਗੇ, ਵੱਡਾ ਕਰਮ ਉਸ 'ਤੇ ਭਗਵਾਨ ਕੀਤਾ।*
*ਕੁਲਾਂ ਤਾਰ ਦਿੱਤੀਆਂ ਦਾਮ ਸ਼ੇਟੀ ਦੀਆਂ, ਪੁੱਤਰ ਖੁਸ਼ੀ ਵਿਚ ਰੱਜ ਉਸ ਦਾਨ ਕੀਤਾ।*
*ਚਰਚੇ ਹੋਣ ਸਾਰੇ ਨੂਰੀ ਮੁਖੜੇ ਦੇ, ਭਗਵਾਨ ਰੂਪ ਹੈ, ਪੈਦਾ ਇਨਸਾਨ ਕੀਤਾ।*
*ਬਾਲ ਰੂਪ ਨਾਮਾ ਗਹਿਰ ਗੰਭੀਰ ਰਹਿੰਦਾ, ਬਾਲਾਂ ਵਾਲੀ ਉਸ ਵਿਚ ਕੋਈ ਗੱਲ ਨਹੀਂ ਸੀ।*
*ਚਿਹਰੇ ਮਸਤੀਆਂ ਨੈਣੀ ਖੁਮਾਰੀਆਂ ਸੀ, ਧੋਤਾ ਦੁੱਧ ਦਾ ਕੋਈ ਵੱਲ ਛੱਲ ਨਹੀਂ ਸੀ।*
*ਛੀਂਬਾ ਪੁੱਤ ਸੀ, ਕਿੱਤਾ ਵੀ ਪਿਤਾ ਪੁਰਖੀ, ਸੀਣਾ, ਕੱਟਣਾ, ਰੰਗਣਾ ਜਾਣਦਾ ਸੀ।*
*ਜੁੜਦਾ ਬੰਦਗੀ 'ਚ ਆਪਾ ਭੁਲਾ ਬਹਿੰਦਾ, ਦਰੋਂ ਓਸਦੇ ਮੰਗਣਾ ਜਾਣਦਾ ਸੀ।*
*ਅੰਨ੍ਹਾਂ ਹਿੰਦੂ ਹੈ, ਤੁਰਕ ਨੂੰ ਕਹੇ ਕਾਣਾ, ਕਹਿੰਦਾ ਸੱਚ, ਨਾ ਸੰਗਣਾ ਜਾਣਦਾ ਸੀ।*
*ਆੜੀ ਕਬੀਰ ਤ੍ਰਿਲੋਚਨ ਦਾ ਉਹ ਪੱਕਾ, ਪਾਰ ਭਵਜਲੋਂ ਲੰਘਣਾ ਜਾਣਦਾ ਸੀ।*
*ਮੰਦਰ ਮਸਜਦ ਵਿਚ ਓਹਦਾ ਨਾ ਰੱਬ ਵੱਸਦਾ, ਬੀਠਲ ਓਸਦਾ ਸਭਨਾਂ 'ਚ ਬੋਲਦਾ ਹੈ।*
*ਹਾਥੀ ਅਤੇ ਕੀੜੀ, ਸਾਜੇ ਓਸਦੇ ਨੇ, ਨਾਮਾ ਨਜ਼ਰ ਇੱਕੋ ਦੋਹਾਂ ਨੂੰ ਤੋਲਦਾ ਹੈ।*
*ਗਜ ਮਨ ਦਾ ਕੈਂਚੀ ਜੀਭ ਉਸਦੀ, ਕੱਟਦਾ ਨਾਪ ਨਾਪ ਜਮ ਦੀਆਂ ਫਾਂਸੀਆਂ ਨੂੰ।*
*ਓਹਦੀ ਜਾਤ ਭਗਤੀ, ਓਹਦੀ ਪੱਤ ਭਗਤੀ, ਹੋਕਾ ਨਾਮ ਦਾ ਦਏ ਹਿੰਦ ਵਾਸੀਆਂ ਨੂੰ।*
*ਜਪਣਾ ਓਸ ਨੂੰ ਵੀ ਕਾਰ ਵਿਹਾਰ ਕਰਦੇ, ਢੰਗ ਦੱਸਿਆ ਰੂਹਾਂ ਪਿਆਸੀਆਂ ਨੂੰ।*
*ਰੰਗ ਰੱਤੜੀ ਮਾਂ ਤੋਂ ਮੱਤ ਲੈ ਕੇ, ਜੁੜੇ ਰੱਬ ਨਾਲ, ਕੱਟੇ ਚੁਰਾਸੀਆਂ ਨੂੰ।*
*ਰੱਤਾ ਗੁਰੂ ਦੇ ਸ਼ਬਦ ਵਿਚ ਸਦਾ ਨਾਮਾ, ਦੁਬਿਧਾ ਸਹਿਜ ਹੋਈ, ਏਹੋ ਵਿਚਾਰਦਾ ਏ।*
*ਜੋ ਵੀ ਹੁੰਦਾ ਏ ਓਸੇ ਦੇ ਹੁਕਮ ਅੰਦਰ, ਬੰਦਾ ਭਰਮ ਪਾਲੇ ਜਿੱਤ ਹਾਰ ਦਾ ਏ।*
*ਇੱਕ ਪੱਥਰ ਪੂਜਦਾ, ਦੂਜੇ 'ਤੇ ਪੈਰ ਧਰਦਾ, ਸਮਝੇ ਦੋਹਾਂ ਨੂੰ ਇਕ ਸਮਾਨ ਕਿਉਂ ਨਾ?*
*ਪੱਥਰ ਪੂਜਿਆਂ ਨਹੀਂ ਭਗਵਾਨ ਮਿਲਦਾ, ਹਿਰਦੇ ਉਪਜਦਾ ਤੇਰੇ ਗਿਆਨ ਕਿਉਂ ਨਾ?*
*ਜੂਠਾ ਜੀਆਂ ਦਾ ਜਲ, ਭੌਰ ਦੇ ਫੁੱਲ ਜੂਠੇ, ਏਨਾ ਸੋਚਦਾ ਏਹ ਇਨਸਾਨ ਕਿਉਂ ਨਾ?*
*ਜੂਠਾ ਦੁੱਧ ਕੀਤਾ, ਵੱਛੇ ਨੇ ਥਣਾਂ ਵਿਚ ਹੀ, ਤੇਰੀ ਅਕਲ 'ਤੇ ਹੋਈਏ ਹੈਰਾਨ ਕਿਉਂ ਨਾ?*
*ਉਹ ਮੁਹਤਾਜ ਨਹੀਂ ਪੂਜਾ ਅਰਚਨਾ ਦਾ, ਜ਼ਰੇ-ਜ਼ਰੇ ਵਿਚ ਹੈ ਨਿਵਾਸ ਉਸਦਾ।*
*ਮਾਂ ਪੁੱਤ ਨੂੰ ਕਰੇ ਪਰੀਤ ਜਿੱਦਾਂ, ਉਹ ਪਰਿਤਪਾਲਦਾ ਕਰ ਵਿਸ਼ਵਾਸ ਉਸਦਾ।*
*ਬੰਦਾ ਕਿਰਤ ਉਸਦੀ, ਕਰਤਾ ਕਰਤਾਰ ਉਸਦਾ, ਬਿਨਾਂ ਓਸਦੇ ਝੂਠ ਕਹਾਣੀਆਂ ਨੇ।*
*ਪੂਜਣ ਯੋਗ ਹੋ ਗਏ, ਉਹ ਜਹਾਨ ਅੰਦਰ, ਜਿਨ੍ਹਾਂ ਰਹਿਮਤਾਂ ਉਸ ਦੀਆਂ ਮਾਣੀਆਂ ਨੇ।*
*ਮਾਲਕ ਦਮੜੀਆਂ ਦੇ ਲੱਖਾਂ ਦੇ ਹੋ ਜਾਂਦੇ, ਰਮਜ਼ਾਂ ਗੋਬਿੰਦ ਦੀਆਂ ਜਿਨ੍ਹਾਂ ਪਛਾਣੀਆਂ ਨੇ।*
*ਹੋਣ ਸੁਰਖਰੂ ਦਰਗਾਹ ਅੰਦਰ, ਸੁਲਝ ਜਾਂਦੀਆਂ ਉਲਝੀਆਂ ਤਾਣੀਆਂ ਨੇ।*
*ਅਠਾਰ੍ਹਾਂ ਰਾਗਾਂ ਵਿਚ ਇਕਾਹਠ ਸ਼ਬਦ ਰਚ ਕੇ, ਗੁਰੂ ਗ੍ਰੰਥ ਜੀ ਦਾ ਭਗਤ ਜੀ ਅੰਗ ਬਣ ਗਏ।*
*ਹਰ ਇਕ ਸਿੱਖ ਲਈ ਪਾਤਰ ਸਤਿਕਾਰ ਦੇ ਨੇ, ਰੱਬੀ ਬੋਲ ਕੋਮਲ ਸਦਾ ਸੰਗ ਬਣ ਗਏ।*

*#੨੪੮, ਅਰਬਨ ਅਸਟੇਟ, ਫੇਜ਼-੧, ਫੋਕਲ ਪੁਆਇੰਟ, ਲੁਧਿਆਣਾ-੧੪੧੦੧੦; ਮੋ. +੯੧੯੮੭੨੬੦੯੯੨੧*

ਖ਼ਬਰਨਾਮਾ

# ਖੰਨਾ ਥਾਣੇ 'ਚ ਅੰਮ੍ਰਿਤਧਾਰੀ ਸਿੱਖਾਂ 'ਤੇ ਅਣਮਨੁੱਖੀ ਤਸ਼ੱਦਦ ਕਰਨ ਵਾਲੇ ਥਾਣੇਦਾਰ ਨੂੰ ਤੁਰੰਤ ਮਿਲੇ ਸਜ਼ਾ -ਭਾਈ ਗੋਬਿੰਦ ਸਿੰਘ ਲੌਂਗੋਵਾਲ

## ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਮੁੱਖ ਮੰਤਰੀ ਦੇ ਭਰੋਸੇ ਦੇ ਬਾਵਜੂਦ ਵੀ ਬਚਾਇਆ ਜਾ ਰਿਹਾ ਪੁਲਿਸ ਅਧਿਕਾਰੀ

ਸ੍ਰੀ ਅੰਮ੍ਰਿਤਸਰ, ੧੨ ਅਗਸਤ : ਲੰਘੇ ਅਪ੍ਰੈਲ ਮਹੀਨੇ ਖੰਨਾ ਦੇ ਪੁਲਿਸ ਥਾਣੇ ਅੰਦਰ ਥਾਣੇਦਾਰ ਸਮੇਤ ਪੁਲਿਸ ਮੁਲਾਜ਼ਮਾਂ ਵੱਲੋਂ ਅੰਮ੍ਰਿਤਧਾਰੀ ਗੁਰਸਿੱਖ ਸ. ਜਗਪਾਲ ਸਿੰਘ, ਉਸ ਦੇ ਪੁੱਤਰ ਅਤੇ ਇਕ ਹੋਰ ਵਿਅਕਤੀ ਨੂੰ ਨੰਗਾ ਕਰ ਕੇ ਕੀਤੇ ਗਏ ਅਣਮਨੁੱਖੀ ਤਸ਼ੱਦਦ ਦੇ ੪ ਮਹੀਨੇ ਬੀਤਣ ਮਗਰੋਂ ਵੀ ਸੰਬੰਧਿਤ ਥਾਣੇਦਾਰ 'ਤੇ ਕੋਈ ਕਾਰਵਾਈ ਨਾ ਹੋਣਾ ਮੰਦਭਾਗੀ ਗੱਲ ਹੈ। ਇਹ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਾਸੋਂ ਮੰਗ ਕੀਤੀ ਕਿ ਇਸ ਮੰਦਭਾਗੀ ਘਟਨਾ ਦੇ ਦੋਸ਼ੀ ਥਾਣੇਦਾਰ ਸ. ਬਲਜਿੰਦਰ ਸਿੰਘ ਨੂੰ ਤੁਰੰਤ ਗ੍ਰਿਫ਼ਤਾਰ ਕਰ ਕੇ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਪੁਲਿਸ ਨੂੰ ਇਹ ਬਿਲਕੁਲ ਅਧਿਕਾਰ ਨਹੀਂ ਹੈ ਕਿ ਉਹ ਪੁਲਿਸ ਥਾਣਿਆਂ ਅੰਦਰ ਅਨੈਤਿਕ ਕਾਰਵਾਈਆਂ ਕਰੇ। ਕਿਸੇ ਵੀ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਲੋਕਾਂ ਨਾਲ ਅਣਮਨੁੱਖੀ ਵਿਹਾਰ ਕਰਨਾ ਗਲਤ ਹੈ ਅਤੇ ਅਜਿਹਾ ਕਰਨ ਕਰਕੇ ਖੰਨਾ ਥਾਣੇ ਦੇ ਤਤਕਾਲੀ ਐਸ.ਐਚ.ਓ. ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਹ ਘਟਨਾ ਵਾਪਰਨ ਸਮੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਖ਼ਤ ਕਨੂੰਨੀ ਕਾਰਵਾਈ ਲਈ ਪੱਤਰ ਲਿਖਿਆ ਸੀ, ਜਿਸ ਦੇ ਜਵਾਬ ਵਿਚ ਮੁੱਖ ਮੰਤਰੀ ਨੇ ਭਰੋਸਾ ਦਿੱਤਾ ਸੀ ਕਿ ਦੋਸ਼ੀਆਂ ਵਿਰੁੱਧ ਕਾਰਵਾਈ ਜ਼ਰੂਰ ਹੋਵੇਗੀ ਅਤੇ ਇਸ ਸਬੰਧ ਵਿਚ ਉਨ੍ਹਾਂ ਨੇ ਪੰਜਾਬ ਦੇ ਡੀ.ਜੀ.ਪੀ. ਨੂੰ ਕਹਿ ਦਿੱਤਾ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਹੈਰਾਨੀ ਦੀ ਗੱਲ ਹੈ ਕਿ ੪ ਮਹੀਨੇ ਬੀਤਣ ਮਗਰੋਂ ਵੀ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਇਸ ਮਾਮਲੇ ਵਿਚ ਐਸ.ਆਈ.ਟੀ. ਦੀ ਰਿਪੋਰਟ ਦੇ ਅਧਾਰ 'ਤੇ ਦਰਜ ਕੀਤੇ ਗਏ ਕੇਸ ਵਿਚ ਵੀ ਇਕ ਮਹੀਨੇ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਐਸ.ਐਚ.ਓ. ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਅਤੇ ਨਾ ਹੀ ਸਖ਼ਤ ਸਜ਼ਾ ਲਈ ਕੋਈ ਕਾਰਵਾਈ ਕੀਤੀ ਗਈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਇਹ ਸਰਾਸਰ ਗ਼ਲਤ ਹੈ, ਜਿਸ 'ਤੇ ਮੁੱਖ ਮੰਤਰੀ ਨੂੰ ਨੋਟਿਸ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਸਿੱਖਾਂ ਦੀਆਂ

ਧਾਰਮਿਕ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ, ਕਿਉਂਕਿ ਪੀੜਤ ਵਿਅਕਤੀ ਅੰਮ੍ਰਿਤਧਾਰੀ ਗੁਰਸਿੱਖ ਹਨ ਅਤੇ ਉਨ੍ਹਾਂ ’ਤੇ ਤਸ਼ੱਦਦ ਸਮੇਂ ਜਿਥੇ ਉਨ੍ਹਾਂ ਨੂੰ ਅਲਫ਼ ਨੰਗਾ ਕੀਤਾ ਗਿਆ, ਉਥੇ ਹੀ ਉਨ੍ਹਾਂ ਦੇ ਕਕਾਰਾਂ ਦੀ ਵੀ ਤੌਹੀਨ ਕੀਤੀ ਗਈ। ਭਾਈ ਲੌਂਗੋਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਇਸ ਮਾਮਲੇ ਵਿਚ ਦੋਸ਼ੀ ਥਾਣੇਦਾਰ ਸਮੇਤ ਹੋਰਨਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਦਿਆਂ ਸਖ਼ਤ ਸਜ਼ਾ ਦਿਵਾਉਣ ਲਈ ਇਮਾਨਦਰਾਨਾ ਪਹੁੰਚ ਅਪਣਾਈ ਜਾਵੇ, ਨਹੀਂ ਤਾਂ ਇਸ ਮਾਮਲੇ ’ਤੇ ਸਿੱਖ ਜਗਤ ਅੰਦਰ ਰੋਸ ਅਤੇ ਰੋਹ ਦੀ ਭਾਵਨਾ ਹੋਰ ਵੀ ਪ੍ਰਬਲ ਹੋਵੇਗੀ।

## ਨਿਊਜ਼ੀਲੈਂਡ ’ਚ ਸਿੱਖ ਨੂੰ ਕੰਮ ਦੌਰਾਨ ਕਿਰਪਾਨ ਪਹਿਨਣ ਤੋਂ ਰੋਕਣਾ ਮੰਦਭਾਗਾ-ਭਾਈ ਗੋਬਿੰਦ ਸਿੰਘ ਲੌਂਗੋਵਾਲ

### ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਭਾਰਤ ਸਰਕਾਰ ਨੂੰ ਮਾਮਲਾ ਨਿਊਜ਼ੀਲੈਂਡ ਸਰਕਾਰ ਕੋਲ ਉਠਾਉਣ ਦੀ ਕੀਤੀ ਅਪੀਲ

ਸ੍ਰੀ ਅੰਮ੍ਰਿਤਸਰ, ੧੪ ਅਗਸਤ : ਨਿਊਜ਼ੀਲੈਂਡ ਦੀ ਇਕ ਟਰਾਂਸਪੋਰਟ ਕੰਪਨੀ ਵੱਲੋਂ ਸਿੱਖ ਟਰੱਕ ਡਰਾਈਵਰ ਨੂੰ ਸ੍ਰੀ ਸਾਹਿਬ ਪਹਿਨ ਕੇ ਕੰਮ ’ਤੇ ਆਉਣ ਤੋਂ ਰੋਕਣ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਨੋਟਿਸ ਲਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਨੂੰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਾਰ ਦਿੱਤਾ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਅੰਮ੍ਰਿਤਧਾਰੀ ਸਿੱਖਾਂ ਲਈ ਕਿਰਪਾਨ ਕਕਾਰਾਂ ਦਾ ਇਕ ਅਹਿਮ ਹਿੱਸਾ ਹੈ, ਜੋ ਸਿੱਖ ਰਹਿਣੀ ਅਨੁਸਾਰ ਲਾਜ਼ਮੀ ਹੈ। ਪਰੰਤੂ ਨਿਊਜ਼ੀਲੈਂਡ ਅੰਦਰ ਉਟਾਹੂਹੂ ਦੀ ਇਕ ਟਰਾਂਸਪੋਰਟ ਕੰਪਨੀ ਵੱਲੋਂ ਸ. ਅਮਨਦੀਪ ਸਿੰਘ ਨਾਂ ਦੇ ਗੁਰਸਿੱਖ ਨੂੰ ਜਾਣ-ਬੁਝ ਕੇ ਪ੍ਰੇਸ਼ਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸਾ ਸਾਜਣ ਸਮੇਂ ਬਖ਼ਸ਼ੀ ਪੰਜ ਕਕਾਰੀ ਰਹਿਣੀ ਵਿਚ ਕਿਰਪਾਨ ਨੂੰ ਜ਼ਰੂਰੀ ਕਰਾਰ ਦਿੱਤਾ ਸੀ। ਇਹ ਖ਼ਾਲਸਈ ਰਹਿਣੀ ਦਾ ਅਹਿਮ ਅੰਗ ਹੈ। ਅੱਜ ਦੇਸ਼ ਦੁਨੀਆ ਅੰਦਰ ਅੰਮ੍ਰਿਤਧਾਰੀ ਸਿੱਖ ਕ੍ਰਿਪਾਨ ਸਮੇਤ ਆਪਣੇ ਕਕਾਰ ਪਹਿਨ ਕੇ ਵਿਚਰਦੇ ਹਨ। ਵੱਖ-ਵੱਖ ਦੇਸ਼ਾਂ ਅੰਦਰ ਵੱਡੀ ਗਿਣਤੀ ਵਿਚ ਸਿੱਖ ਵੱਸਦੇ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੀ ਗਿਣਤੀ ਵਿਚ ਅੰਮ੍ਰਿਤਧਾਰੀ ਗੁਰਸਿੱਖ ਵੀ ਹਨ। ਅਜਿਹੇ ਵਿਚ ਨਿਊਜ਼ੀਲੈਂਡ ਅੰਦਰ ਕ੍ਰਿਪਾਨ ਪਹਿਨਣ ਕਾਰਨ ਸਿੱਖ ਨੂੰ ਪ੍ਰੇਸ਼ਾਨ ਕਰਨਾ ਮੰਦਭਾਗਾ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਇਸ ਦਾ ਭਾਰਤ ਸਰਕਾਰ ਨੂੰ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ। ਵਿਦੇਸ਼ ਮੰਤਰਾਲੇ ਰਾਹੀਂ ਨਿਊਜ਼ੀਲੈਂਡ ਸਰਕਾਰ ਨਾਲ ਰਾਬਤਾ ਕਰ ਕੇ ਸਿੱਖਾਂ ਦੇ ਧਾਰਮਿਕ ਕਕਾਰਾਂ ਦੇ ਸਤਿਕਾਰ ਨੂੰ ਲਾਜ਼ਮੀ ਕਰਨ ਲਈ ਭਾਰਤ ਸਰਕਾਰ ਅੱਗੇ ਆਵੇ। ਇਸੇ ਦੇ ਨਾਲ ਹੀ ਭਾਈ ਗੋਬਿੰਦ ਸਿੰਘ

ਲੌਂਗੋਵਾਲ ਨੇ ਨਿਊਜ਼ੀਲੈਂਡ ਦੇ ਸਿੱਖ ਆਗੂਆਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਮਾਮਲੇ ਨੂੰ ਉਥੋਂ ਦੀ ਸਰਕਾਰ ਪਾਸ ਉਠਾਉਣ, ਤਾਂ ਜੋ ਅੱਗੇ ਤੋਂ ਹੋਰ ਕਿਸੇ ਨੂੰ ਇਸ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

## ਭਾਈ ਸੁਖਦੇਵ ਸਿੰਘ ਸੁੱਖਾ ਦੀ ਮਾਤਾ ਸੁਰਜੀਤ ਕੌਰ ਦੇ ਚਲਾਣੇ 'ਤੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਦੁੱਖ ਪ੍ਰਗਟ

ਸ੍ਰੀ ਅੰਮ੍ਰਿਤਸਰ, ੨੭ ਅਗਸਤ : ਸਿੱਖ ਸੰਘਰਸ਼ ਦੇ ਯੋਧੇ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੀ ਸਤਿਕਾਰਯੋਗ ਮਾਤਾ ਸੁਰਜੀਤ ਕੌਰ ਦੇ ਅਕਾਲ ਚਲਾਣੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਤਹਿਸੀਲ ਕਰਨਪੁਰ ਸ੍ਰੀ ਗੰਗਾਨਗਰ (ਰਾਜਿਸਥਾਨ) ਵਿਚ ਪੈਂਦੇ ਪਿੰਡ ੧੯ ਐਫ.ਐਫ. ਵਿਖੇ ਉਨ੍ਹਾਂ ਦਾ ਅੰਤਮ ਸਸਕਾਰ ਕਰ ਦਿੱਤਾ ਗਿਆ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਮਾਤਾ ਜੀ ਦਾ ਚਲਾਣਾ ਦੁਖਦਾਈ ਹੈ। ਮਾਤਾ ਜੀ ਦਾ ਪੰਥਕ ਹਲਕਿਆਂ ਵਿਚ ਵੱਡਾ ਸਤਿਕਾਰ ਸੀ ਅਤੇ ਉਨ੍ਹਾਂ ਦੇ ਪੁੱਤਰ ਸ. ਸੁਖਦੇਵ ਸਿੰਘ ਸੁੱਖਾ ਨੇ ਸਿੱਖੀ ਦੀ ਚੜ੍ਹਦੀ ਕਲਾ ਲਈ ਵੱਡੀ ਕੁਰਬਾਨੀ ਦਿੱਤੀ ਹੈ। ਉਨ੍ਹਾਂ ਕਰਤਾ ਪੁਰਖ ਦੇ ਚਰਨਾਂ ਵਿਚ ਮਾਤਾ ਜੀ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸ. ਸੱਜਣ ਸਿੰਘ ਬੱਜੂਮਾਨ ਦੇ ਚਲਾਣੇ 'ਤੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਦੁੱਖ ਪ੍ਰਗਟ

ਸ੍ਰੀ ਅੰਮ੍ਰਿਤਸਰ, ੧ ਸਤੰਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸ. ਸੱਜਣ ਸਿੰਘ ਬੱਜੂਮਾਨ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਕਿਹਾ ਕਿ ਸ. ਸੱਜਣ ਸਿੰਘ ਬੱਜੂਮਾਨ ਇਕ ਸੁਲਝੇ ਹੋਏ ਧਾਰਮਿਕ ਆਗੂ ਸਨ, ਜਿਨ੍ਹਾਂ ਨੇ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਾਂ ਵਿਚ ਵੱਡੀ ਸਹਿਯੋਗੀ ਭੂਮਿਕਾ ਨਿਭਾਈ। ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਵੀ ਰਹੇ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ. ਬੱਜੂਮਾਨ ਦੇ ਚਲਾਣੇ ਨਾਲ ਉਨ੍ਹਾਂ ਦੇ ਪਰਵਾਰ ਦੇ ਨਾਲ ਨਾਲ ਪੰਥਕ ਹਲਕਿਆਂ ਵਿਚ ਵੀ ਵੱਡਾ ਘਾਟਾ ਪਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਸ. ਬੱਜੂਮਾਨ ਦੇ ਪਰਵਾਰਿਕ ਮੈਂਬਰਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਵੀ ਕੀਤੀ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਜਿੰਦਰ ਸਿੰਘ ਮਹਿਤਾ, ਜੂਨੀਅਰ ਮੀਤ ਪ੍ਰਧਾਨ ਸ. ਗੁਰਬਖ਼ਸ਼ ਸਿੰਘ ਖ਼ਾਲਸਾ,

ਜਨਰਲ ਸਕੱਤਰ ਸ. ਹਰਜਿੰਦਰ ਸਿੰਘ ਧਾਮੀ ਅਤੇ ਅੰਤ੍ਰਿੰਗ ਮੈਂਬਰਾਂ ਸਮੇਤ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਮਹਿੰਦਰ ਸਿੰਘ ਆਹਲੀ, ਵਧੀਕ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ, ਸ. ਪਰਮਜੀਤ ਸਿੰਘ ਸਰੋਆ, ਸ. ਪ੍ਰਤਾਪ ਸਿੰਘ, ਸ਼੍ਰੋਮਣੀ ਕਮੇਟੀ ਦੇ ਬੁਲਾਰੇ ਸ. ਕੁਲਵਿੰਦਰ ਸਿੰਘ ਰਮਦਾਸ ਨੇ ਵੀ ਸ. ਸੱਜਣ ਸਿੰਘ ਬੱਜੂਮਾਨ ਦੇ ਅਕਾਲ ਚਲਾਣੇ ’ਤੇ ਦੁੱਖ ਪ੍ਰਗਟ ਕੀਤਾ ਹੈ।

## ਜੰਮੂ-ਕਸ਼ਮੀਰ ਭਾਸ਼ਾ ਬਿੱਲ ਵਿੱਚੋਂ ਪੰਜਾਬੀ ਨੂੰ ਮਨਫ਼ੀ ਕਰਨਾ ਘੱਟ ਗਿਣਤੀ ਸਿੱਖਾਂ ਨਾਲ ਧੱਕਾ-ਭਾਈ ਗੋਬਿੰਦ ਸਿੰਘ ਲੌਂਗੋਵਾਲ

### ਭਾਰਤ ਸਰਕਾਰ ਨੂੰ ਮੁੜ ਵਿਚਾਰ ਕਰਨ ਦੀ ਕੀਤੀ ਅਪੀਲ

ਸ੍ਰੀ ਅੰਮ੍ਰਿਤਸਰ, ੩ ਸਤੰਬਰ : ਜੰਮੂ-ਕਸ਼ਮੀਰ ਭਾਸ਼ਾ ਬਿੱਲ ਵਿੱਚੋਂ ਪੰਜਾਬੀ ਨੂੰ ਬਾਹਰ ਰੱਖਣ ਦਾ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਇਸ ਸਬੰਧ ਵਿਚ ਮੁੜ ਵਿਚਾਰ ਕਰੇ। ਉਨ੍ਹਾਂ ਇਸ ਮਾਮਲੇ ’ਤੇ ਪੰਜਾਬ ਤੋਂ ਚੁਣੇ ਗਏ ਸੰਸਦ ਮੈਂਬਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਸੰਸਦ ਵਿਚ ਇਸ ਬਿੱਲ ਵਿਰੁੱਧ ਅਵਾਜ਼ ਉਠਾਉਣ ਅਤੇ ਪੰਜਾਬੀ ਨੂੰ ਇਸ ਵਿਚ ਸ਼ਾਮਲ ਕਰਵਾਉਣ ਲਈ ਯਤਨ ਕਰਨ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਜੰਮੂ-ਕਸ਼ਮੀਰ ਅੰਦਰ ਪਹਿਲਾਂ ਪੰਜਾਬੀ ਭਾਸ਼ਾ ਨੂੰ ਢੁਕਵਾਂ ਸਥਾਨ ਪ੍ਰਾਪਤ ਸੀ। ਪੰਜਾਬੀ ਭਾਸ਼ਾ ਨੂੰ ਜੰਮੂ-ਕਸ਼ਮੀਰ ਦੇ ਸੰਵਿਧਾਨ ਵਿਚ ਵੀ ਮਾਨਤਾ ਮਿਲੀ ਹੋਈ ਸੀ ਪਰੰਤੂ ਮੌਜੂਦਾ ਬਿੱਲ ਵਿੱਚੋਂ ਪੰਜਾਬੀ ਨੂੰ ਛੱਡ ਕੇ ਉਰਦੂ, ਕਸ਼ਮੀਰੀ, ਡੋਗਰੀ, ਹਿੰਦੀ ਤੇ ਅੰਗਰੇਜ਼ੀ ਨੂੰ ਪ੍ਰਵਾਨ ਕਰਨਾ ਜਾਇਜ਼ ਨਹੀਂ ਹੈ। ਉਨ੍ਹਾਂ ਆਖਿਆ ਕਿ ਪੂਰੇ ਜੰਮੂ-ਕਸ਼ਮੀਰ ਅੰਦਰ ਲੱਖਾਂ ਲੋਕ ਪੰਜਾਬੀ ਭਾਸ਼ਾ ਬੋਲਦੇ ਹਨ, ਜਿਨ੍ਹਾਂ ਨੂੰ ਜੰਮੂ-ਕਸ਼ਮੀਰ ਭਾਸ਼ਾ ਬਿੱਲ ਦੇ ਮੌਜੂਦਾ ਸਰੂਪ ਕਾਰਨ ਠੇਸ ਪਹੁੰਚੀ ਹੈ ਉਨ੍ਹਾਂ ਪੰਜਾਬ ਦੇ ਸੰਸਦ ਮੈਂਬਰਾਂ ਨੂੰ ਇਸ ਮਾਮਲੇ ’ਤੇ ਗੰਭੀਰ ਰੁਖ ਅਖ਼ਤਿਆਰ ਕਰਨ ਲਈ ਕਿਹਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਆਖਿਆ ਕਿ ਜੰਮੂ-ਕਸ਼ਮੀਰ ਅੰਦਰ ਪਹਿਲਾਂ ਹੀ ਸਿੱਖ ਘੱਟ ਗਿਣਤੀਆਂ ਵਾਲੀਆਂ ਸਹੂਲਤਾਂ ਤੋਂ ਵਾਂਝੇ ਚੱਲ ਰਹੇ ਹਨ ਅਤੇ ਉਨ੍ਹਾਂ ਦੀ ਨਿਰੰਤਰ ਮੰਗ ਰਹੀ ਹੈ ਕਿ ਉਨ੍ਹਾਂ ਨੂੰ ਵੀ ਘੱਟ-ਗਿਣਤੀਆਂ ਵਾਲੀਆਂ ਸਾਰੀਆਂ ਸਰਕਾਰੀ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਹੁਣ ਜੰਮੂ-ਕਸ਼ਮੀਰ ਭਾਸ਼ਾ ਬਿੱਲ ਵਿੱਚੋਂ ਪੰਜਾਬੀ ਨੂੰ ਮਨਫ਼ੀ ਕਰ ਕੇ ਘੱਟ-ਗਿਣਤੀ ਸਿੱਖਾਂ ਨਾਲ ਇਕ ਵਾਰ ਫਿਰ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਅਜਿਹਾ ਨਹੀਂ ਕਰਨਾ ਚਾਹੀਦਾ ਅਤੇ ਜੰਮੂ-ਕਸ਼ਮੀਰ ਦੇ ਸਿੱਖਾਂ ਦੀਆਂ ਭਾਵਨਾਵਾਂ ਦੀ ਕਦਰ ਕਰਨੀ ਚਾਹੀਦੀ ਹੈ। ■

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

ਭਾਈ ਮਨਜੀਤ ਸਿੰਘ, ਪ੍ਰਚਾਰਕ ਵੱਲੋਂ ਰਿਪੋਰਟ ਅਨੁਸਾਰ ੧੪ ਮਾਰਚ, ੨੦੨੦ ਨੂੰ ਗੁਰਦੁਆਰਾ ਚੁਬੱਚਾ ਸਾਹਿਬ, ਪਿੰਡ ਕਰਤਾਰਪੁਰ, ਜ਼ਿਲ੍ਹਾ ਜਲੰਧਰ ਵਿਖੇ ਕਰਵਾਏ ਗਏ ਅੰਮ੍ਰਿਤ ਸੰਚਾਰ ਵਿਚ ਕੁੱਲ ੩੭ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

ਮੈਨੇਜਰ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ੫ ਅਗਸਤ, ੨੦੨੦ ਨੂੰ ਕਰਵਾਏ ਅੰਮ੍ਰਿਤ-ਸੰਚਾਰ ਵਿਚ ਕੁੱਲ ੬੦ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

ਮੈਨੇਜਰ, ਗੁਰਦੁਆਰਾ ਸ੍ਰੀ ਗਰਨਾ ਸਾਹਿਬ ਬੋਦਲ, ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਉਕਤ ਗੁਰਦੁਆਰਾ ਸਾਹਿਬ ਵਿਖੇ ੧੬ ਅਗਸਤ, ੨੦੨੦ ਨੂੰ ਕਰਵਾਏ ਅੰਮ੍ਰਿਤ-ਸੰਚਾਰ ਵਿਚ ਕੁੱਲ ੩੨ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

ਮੈਨੇਜਰ, ਗੁਰਦੁਆਰਾ ਸ੍ਰੀ ਗੁਰੂ ਤੇਗ ਬਾਹਦਰ ਜੀ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਉਕਤ ਗੁਰਦੁਆਰਾ ਸਾਹਿਬ ਵਿਖੇ ੨ ਸਤੰਬਰ, ੨੦੨੦ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ਕੁੱਲ ੯੩ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

ਭਾਈ ਸੁਖਬੀਰ ਸਿੰਘ ਮਾਨੋਚਾਹਲ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ ਜ਼ਿਲ੍ਹਾ ਤਰਨ ਤਾਰਨ ਵਿਖੇ ੨ ਸਤੰਬਰ, ੨੦੨੦ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ਕੁੱਲ ੨੯ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ■